ਅੰਗ ੮੫੯ = ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਗੋਂਡ ਚਉਪਦੇ ਮਹਲਾ ੪ ਘਰੁ ੧ ॥ ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ, ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ ॥ ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ ,ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ ॥ ਹਰਿ ਤਿਸ ਕੀ ਆਸ ਕੀਜੈ ਮਨ ਮੇਰੇ, ਜੋ ਸਭ ਮਹਿ ਸੁਆਮੀ ਰਹਿਆ ਸਮਾਈ ॥੧॥ ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ ॥ ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ, ਸਾ ਨਿਹਫਲ ਆਸ ਸਭ ਬਿਰਥੀ ਜਾਈ ॥੧॥ਰਹਾਉ॥ ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ ,ਮਤ ਤਿਸ ਕੀ ਆਸ ਲਗਿ ਜਨਮੁ ਗਵਾਈ ॥ ਇਨ੍ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ, ਇਨ੍ ਕਾ ਵਾਹਿਆ ਕਛੁ ਨ ਵਸਾਈ ॥ ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ, ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ ॥੨॥ (ਹੇ ਭਾਈ!) ਜੇ ਤੂੰ ਮਨ ਵਿਚ ਤੇ ਚਿੱਤ ਵਿਚ ਹਰੀ ਉਤੇ ਆਸ ਰੱਖੇਂ, ਤਾਂ ਮਨ ਚਿੰਦੇ ਅਨੇਕਾਂ ਤਰ੍ਹਾਂ ਦੇ ਅਨੇਕਾਂ ਫਲ ਪਾ ਲਵੇਂਗਾ।ਜੋ ਤੇਰੇ ਦਿਲ ਵਿਚ ਵਰਤ ਰਿਹਾ ਹੈ, ਹਰੀ ਸਭ ਕੁਛ ਜਾਣਦਾ ਹੈ, ਪ੍ਰਭੂ ਕਿਸੇ ਦੀ ਕੀਤੀ ਹੋਈ ਮੇਹਨਤ ਇਕ ਤਿਲ ਮਾਤ੍ਰ ਗਵਾਉਂਦਾ।ਹੇ ਮੇਰੇ ਮਨ! ਤੂੰ ਉਸ ਹਰੀ ਦੀ ਆਸ ਕਰ, ਜੋ ਮਾਲਕ ਪ੍ਰਭੂ ਸਾਰੇ ਜੀਵਾਂ ਵਿਚ ਸਮਾ ਰਿਹਾ ਹੈ।੧।ਹੇ ਮੇਰੇ ਮਨ! ਤੂੰ ਜਗਤ ਦੇ ਮਾਲਕ ਪ੍ਰਭੂ ਦੀ ਆਸ ਕਰ।ਹਰੀ ਤੋਂ ਬਿਨਾ ਹੋਰ ਕਿਸੇ (ਦੇਵੀ ਦੇਵਤੀ ਜਾਂ ਮਨੁੱਖ) ਦੀ ਆਸ ਕੀਤੀ ਜਾਵੇ, ਉਹ ਆਸ ਨਿਸਫਲ ਹੈ ਅਤੇ ਸਾਰੀ (ਉਮਰ) ਬਿਰਥੀ ਜਾਂਦੀ ਹੈ।੧।ਰਹਾਉ।(ਹੇ ਮਨ! ਤੈਨੂੰ) ਮਾਇਆ ਦੇ ਮੋਹ ਵਾਲਾ ਜੋ ਸਾਰਾ ਪ੍ਰਵਾਰ ਦਿਸਦਾ ਹੈ, ਉਸ ਦੀ ਆਸ ਵਿਚ ਲਗ ਕੇ ਅਪਣਾ ਜਨਮ ਨਾ ਗਵਾ ਲਵੀਂ।ਇਨ੍ਹਾਂ (ਸਬੰਧੀਆਂ) ਦੇ ਹੱਥ ਵਿਚ ਕੁਛ ਨਹੀਂ, ਇਹ ਵਿਚਾਰੇ ਕੀ ਕਰ ਸਕਦੇ ਹਨ? ਇਨ੍ਹਾਂ ਦਾ ਕੁਛ ਵਸ ਨਹੀਂ ਚਲ ਸਕਦਾ; ਇਨ੍ਹਾਂ ਦਾ ਜੋਰ ਲਾਇਆ ਕੁਛ ਵਸ ਨਹੀਂ ਚਲ ਸਕਦਾ।ਹੇ ਮੇਰੇ ਮਨ! ਅਪਣੇ ਪਿਆਰੇ ਹਰੀ ਦੀ ਆਸ ਕਰ, ਜੋ ਤੈਨੂੰ ਭਵਜਲ ਤੋਂ ਤਾਰ ਦੇਵੇਗਾ ਅਤੇ ਤੇਰੇ ਸਾਰੇ ਪ੍ਰਵਾਰ ਨੂੰ ਸਾਰੇ ਦੁੱਖਾਂ ਤੋਂ ਛਡਾ ਦੇਵੇਗਾ।੨।

ਪਦਾਰਥ = ਗੁਰਮਤਿ ਸੰਗੀਤ ਅਨੁਸਾਰ ਗੋਂਡ ਰਾਗ, ਸਿਰੀ ਰਾਗ ਦਾ ਪੁਤ੍ਰ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ੧੭ ਵਾਂ ਨੰਬਰ ਹੈ।ਇਹ ਰਾਗ ਦਿਨ ਦੇ ਤੀਜੇ ਪਹਿਰ ਗਾਈਦਾ ਹੈ।ਮਨਿ–ਮਨ ਵਿਚ।ਚਿਤਿ–ਚਿੱਤ ਵਿਚ।ਤਾ–ਤਾਂ।ਮਨ ਚਿੰਦੇ–ਮਨ ਮੰਗੇ। ਪਾਈ–ਪਾ ਲਵੇਂਗਾ।ਜੀਇ–ਦਿਲ ਵਿਚ।ਘਾਲਿਆ–ਕੀਤੀ ਹੋਈ ਮੇਹਨਤ।ਤਿਲੁ–ਰੱਤਾ ਭਰ।ਨ ਗਵਾਈ–ਬਿਅਰਥ ਨਹੀਂ ਜਾਣ ਦੇਂਦਾ।ਸਭ ਮਹਿ–ਸਾਰੇ ਜੀਵਾਂ ਵਿਚ।ਰਹਿਆ ਸਮਾਈ–ਸਮਾ ਰਿਹਾ ਹੈ।੧।ਮਨ–ਹੇ ਮਨ!।ਜਗਦੀਸ–ਜਗਤ ਦਾ ਮਾਲਕ। ਗੁਸਾਈ–ਧਰਤੀ ਦਾ ਮਾਲਕ ਪ੍ਰਭੂ।ਅਵਰ ਕਾਹੂ ਕੀ–ਹੋਰ ਕਿਸੇ ਦੀ।ਸਾ–ਉਹ।ਬਿਰਥੀ ਜਾਈ–ਬਿਅਰਥ ਜਾਂਦੀ ਹੈ।੧।ਰਹਾਉ। ਦੀਸੈ–ਦਿਸਦਾ ਹੈ।ਕੁਟੰਬੁ–ਪ੍ਰਵਾਰ।ਮਤ ਗਵਾਈ–ਗਵਾ ਨਾ ਲਈਂ।ਇਨ੍ ਕੈ–ਇਨ੍ਹਾਂ ਦੇ।ਹਾਥਿ–ਹੱਥ ਵਿਚ।ਕਹਾ ਕਰਹਿ–ਕੀ ਕਰ ਸਕਦੇ ਹਨ? ਇਹਿ ਬਪੁੜੇ–ਇਹ ਵਿਚਾਰੇ (ਬੇ ਵਸ)।ਵਾਹਿਆ–ਵਾਹ ਲਾਈ ਹੋਈ; ਜੋਰ ਲਾਇਆ ਹੋਇਆ।ਨ ਵਸਾਈ–ਵਸ ਨਹੀਂ ਚਲਦਾ (ਸਫਲ ਨਹੀਂ ਹੁੰਦਾ)।ਪ੍ਰੀਤਮ–ਪਿਆਰੇ ਦੀ।ਤੁਝੁ–ਤੈਨੂੰ।ਤਾਰੈ–ਤਾਰ ਲਵੇਗਾ।ਛਡਾਈ–ਛਡਾ ਲਵੇਗਾ।੨।

ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ, ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ ॥ ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ, ਖਿਨ ਮਹਿ ਝੂਠੁ ਬਿਨਸਿ ਸਭ ਜਾਈ ॥ (ਹੇ ਮੇਰੇ ਮਨ! ਪ੍ਰਭੂ ਤੋਂ ਬਿਨਾ) ਜੇ ਤੂੰ ਹੋਰ ਦਿਖਾਵੇ ਦੇ ਮਿਤ੍ਰਾਂ (ਦੇਵੀ ਦੇਵਤਿਆਂ ਜਾਂ ਮਨੁੱਖਾਂ) ਦੀ ਕੁਛ ਆਸ ਕਰੇਂਗਾ, ਮਤਾਂ ਤੂੰ ਜਾਣਦਾ ਹੋਵੇਂ ਕਿ (ਉਸ ਆਸ) ਤੇਰੇ ਕਿਸੇ ਕੰਮ ਆਵੇਗੀ (ਤੇਰੇ ਕੰਮ ਨਹੀਂ ਆਵੇਗੀ)।ਦਿਖਾਵੇ ਦੇ ਮਿਤ੍ਰਾਂ ਦੀ ਇਹ ਆਸ ਦ੍ਵੈਤ ਭਾਵ ਦੀ ਹੈ, (ਇਹ ਆਸ) ਝੂਠੀ ਹੈ, ਇਕ ਖਿਨ ਵਿਚ ਨਾਸ਼ ਹੋ ਜਾਵੇਗੀ।

ਅੰਗ ੮੬੦ = ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ, ਜੋ ਤੇਰਾ ਘਾਲਿਆ ਸਭੁ ਥਾਇ ਪਾਈ ॥੩॥ ਆਸਾ ਮਨਸਾ ਸਭ ਤੇਰੀ ਮੇਰੇ ਸੁਆਮੀ, ਜੈਸੀ ਤੂ ਆਸ ਕਰਾਵਹਿ ਤੈਸੀ ਕੋ ਆਸ ਕਰਾਈ ॥ ਕਿਛੁ ਕਿਸੀ ਕੈ ਹਥਿ ਨਾਹੀ ਮੇਰੇ ਸੁਆਮੀ, ਐਸੀ ਮੇਰੈ ਸਤਿਗੁਰਿ ਬੂਝ ਬੁਝਾਈ ॥ ਜਨ ਨਾਨਕ ਕੀ ਆਸ ਤੂ ਜਾਣਹਿ, ਹਰਿ ਦਰਸਨੁ ਦੇਖਿ ਹਰਿ ਦਰਸਨਿ ਤ੍ਰਿਪਤਾਈ ॥੪॥੧॥ ਹੇ ਮੇਰੇ ਮਨ! ਤੂੰ ਪਿਆਰੇ ਸੱਚੇ ਹਰੀ ਦੀ ਆਸ ਕਰ, ਜੋ ਤੇਰੇ ਕੀਤੇ ਸਧਨਾਂ ਦੀ ਮੇਹਨਤ ਸਫਲ ਕਰੇਗਾ।੩।ਹੇ ਮੇਰੇ ਮਾਲਕ ਪ੍ਰਭੂ! ਆਸਾ ਮਨਸਾ ਸਭ ਤੇਰੀ ਬਣਾਈ ਹੋਈ ਹੈ, ਜਿਹੋ ਜਿਹੀ ਤੂੰ ਆਸ ਕਰਾਉਂਦਾ ਹੈਂ, ਉਹੋ ਜਿਹੀ ਕੋਈ ਜੀਵ ਆਸ ਕਰਦਾ ਹੈ।ਹੇ ਮੇਰੇ ਮਾਲਕ! ਕਿਸੇ ਵੀ ਜੀਵ ਦੇ ਹੱਥ ਵਿਚ ਕੁਛ ਨਹੀਂ ਹੈ (ਸਭ ਕੁਛ ਤੇਰੇ ਵਸ ਵਿਚ ਹੈ), ਇਹੋ ਜਿਹੀ ਬੂਝ ਮੈਨੂੰ ਸਤਿਗੁਰੂ ਨੇ ਬੁਝਾਈ (ਸਮਝ ਬਖਸ਼ੀ) ਹੈ।(ਹੇ ਅੰਤਰਜਾਮੀ ਪ੍ਰਭੂ!) ਦਾਸ ਨਾਨਕ ਦੀ ਆਸ ਤੂੰ ਜਾਣਦਾ ਹੀ ਹੈਂ, (ਉਹ ਇਹ ਹੈ) ਹਰੀ ਦਾ ਦਰਸ਼ਨ ਦੇਖ ਕੇ ਹਰੀ ਦੇ ਦਰਸ਼ਨ ਕਰਨ ਨਾਲ ਹੀ (ਦਾਸ ਦਾ ਮਨ) ਰੱਜਿਆ ਰਹੇ।੪।੧।

ਪਦਾਰਥ = ਅਵਰ–ਹੋਰ। ਕਰਹਿ–ਕਰੇਂਗਾ। ਪਰਮਿਤ੍ਰੀ–ਪਰਾਏ ਮਿਤ੍ਰਾਂ (ਦੇਵੀ ਦੇਵਤਿਆਂ ਜਾਂ ਮਨੁੱਖਾਂ) ਦੀ; ਦਿਖਾਵੇ ਦੇ ਮਿਤ੍ਰਾਂ ਦੀ। ਮਤ–ਮਤਾਂ। ਕਿਤੈ ਕੰਮਿ–ਕਿਸੇ ਕੰਮ। ਭਾਉ ਦੂਜਾ–ਹਰੀ ਤੋਂ ਬਿਨਾ ਹੋਰ ਦੂਜੇ ਦਾ ਪਿਆਰ। ਖਿਨ ਮਹਿ–ਇਕ ਛਿਨ ਵਿਚ। ਬਿਨਸਿ ਜਾਈ–ਨਾਸ਼ ਹੋ ਜਾਵੇਗਾ। ਘਾਲਿਆ–ਕੀਤੀ ਹੋਈ ਮੇਹਨਤ। ਥਾਇ ਪਾਈ–ਸਫਲ ਕਰੇਗਾ; ਪ੍ਰਵਾਨ ਕਰੇਗਾ।੩। ਮਨਸਾ–ਮਨ ਦਾ ਫੁਰਨਾ। ਸੁਆਮੀ–ਹੇ ਮਾਲਕ ਪ੍ਰਭੂ!। ਕੋ–ਕੋਈ ਜੀਵ। ਕਰਾਈ–ਕਰਦਾ ਹੈ। ਹਾਥਿ–ਹੱਥ ਵਿਚ। ਸਤਿਗੁਰਿ–ਸਤਿਗੁਰੂ ਨੇ। ਬੂਝ ਬੁਝਾਈ–ਸਮਝ ਸਮਝਾਈ ਹੈ। ਦੇਖਿ–ਦੇਖ ਕੇ। ਦਰਸਨਿ–ਦਰਸ਼ਨ ਕਰਨ ਨਾਲ। ਤ੍ਰਿਪਤਾਈ–(ਮਨ) ਰੱਜਿਆ ਰਹੇ।੪।੧।

ਗੋਂਡ ਮਹਲਾ ੪ ॥ ਐਸਾ ਹਰਿ ਸੇਵੀਐ ਨਿਤ ਧਿਆਈਐ, ਜੋ ਖਿਨ ਮਹਿ ਕਿਲਵਿਖ ਸਭਿ ਕਰੇ ਬਿਨਾਸਾ ॥ ਜੇ ਹਰਿ ਤਿਆਗਿ ਅਵਰ ਕੀ ਆਸ ਕੀਜੈ, ਤਾ ਹਰਿ ਨਿਹਫਲ ਸਭ ਘਾਲ ਗਵਾਸਾ ॥ ਮੇਰੇ ਮਨ ਹਰਿ ਸੇਵਿਹੁ ਸੁਖਦਾਤਾ ਸੁਆਮੀ, ਜਿਸੁ ਸੇਵਿਐ ਸਭ ਭੁਖ ਲਹਾਸਾ ॥੧॥ ਮੇਰੇ ਮਨ, ਹਰਿ ਊਪਰਿ ਕੀਜੈ ਭਰਵਾਸਾ ॥ ਜਹ ਜਾਈਐ ਤਹ ਨਾਲਿ ਮੇਰਾ ਸੁਆਮੀ, ਹਰਿ ਅਪਨੀ ਪੈਜ ਰਖੈ ਜਨ ਦਾਸਾ ॥੧॥ਰਹਾਉ॥ ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ, ਤਾ ਆਗੈ ਅਪਨੀ ਬਿਰਥਾ ਬਹੁ ਬਹੁਤੁ ਕਢਾਸਾ ॥ ਅਪਨੀ ਬਿਰਥਾ ਕਹਹੁ ਹਰਿ ਅਪਨੇ ਸੁਆਮੀ ਪਹਿ, ਜੋ ਤੁਮ੍ਰੇ ਦੂਖ ਤਤਕਾਲ ਕਟਾਸਾ ॥ ਸੋ ਐਸਾ ਪ੍ਰਭੁ ਛੋਡਿ ਅਪਨੀ ਬਿਰਥਾ ਅਵਰਾ ਪਹਿ ਕਹੀਐ, ਅਵਰਾ ਪਹਿ ਕਹਿ ਮਨ ਲਾਜ ਮਰਾਸਾ ॥੨॥ (ਹੇ ਮੇਰੇ ਮਨ!) ਇਹੋ ਜਿਹੇ ਹਰੀ ਦੀ ਸੇਵਾ ਭਗਤੀ ਕਰਨੀ ਚਾਹੀਦੀ ਹੈ ਤੇ ਨਿੱਤ (ਉਸ ਦਾ) ਧਿਆਨ ਕਰਨਾ ਚਾਹੀਦਾ ਹੈ, ਜੋ ਇਕ ਖਿਨ ਵਿਚ ਸਾਰੇ ਪਾਪ ਨਾਸ਼ ਕਰ ਦਿੰਦਾ ਹੈ। ਜੇ ਹਰੀ ਨੂੰ ਛਡ ਕੇ ਕਿਸੇ ਹੋਰ (ਦੇਵੀ ਦੇਵਤੇ ਜਾਂ ਮਨੁੱਖਾਂ) ਦੀ ਆਸ ਕਰੀਏ ਤਾਂ ਹਰੀ (ਉਸ ਮਨੁੱਖ ਦੀ) ਕੀਤੀ ਸਾਰੀ ਮੇਹਨਤ ਨੂੰ ਨਿਸਫਲ ਗੁਆ ਦੇਂਦਾ ਹੈ। ਹੇ ਮੇਰੇ ਮਨ! ਸੁਖ ਦਾਤੇ ਹਰੀ ਮਾਲਕ ਦੀ ਸੇਵਾ ਭਗਤੀ ਕਰਦਾ ਰਹਿ, ਜਿਸ ਦੀ ਸੇਵਾ ਕਰਨ ਨਾਲ ਸਾਰੀ ਭੁੱਖ ਲਹਿ ਜਾਂਦੀ ਹੈ।੧। ਹੇ ਮੇਰੇ ਮਨ! ਤੂੰ ਹਰੀ ਉਤੇ ਭਰੋਸਾ ਕਰ। ਜਿਥੇ ਵੀ ਜਾਈਦਾ ਹੈ, ਉਥੇ ਮੇਰਾ ਮਾਲਕ ਪ੍ਰਭੂ ਨਾਲ ਹੁੰਦਾ ਹੈ, ਹਰੀ ਅਪਣੇ ਸੇਵਕਾਂ ਦੀ, ਦਾਸਾਂ ਦੀ ਪੈਜ ਰਖਦਾ ਹੈ।੧। ਰਹਾਉ। (ਹੇ ਭਾਈ!) ਜੇ ਅਪਣੀ ਪੀੜਾ ਹੋਰ ਕਿਸੇ ਪਾਸ ਕਹੋ, ਤਾਂ ਅੱਗੇ ਉਹ ਅਪਣੀ ਪੀੜਾ ਬਹੁਤ ਤੋਂ ਬਹੁਤ ਕੱਢਕੇ ਸੁਣਾਉਂਦਾ ਹੈ। (ਇਸ ਲਈ) ਅਪਣੇ ਦੁਖ ਦਰਦ ਦਾ ਹਾਲ ਅਪਣੇ ਮਾਲਕ ਹਰੀ ਪਾਸ ਕਹੀਏ, ਜੋ ਤੇਰੇ ਦੁਖ ਤੁਰੰਤ ਕੱਟ ਦੇਵੇਗਾ। ਇਹੋ ਜਿਹੇ ਉਸ ਪ੍ਰਭੂ ਨੂੰ ਛਡ ਕੇ ਅਪਣੀ ਪੀੜਾ ਹੋਰਨਾਂ ਪਾਸ ਕਹੀਏ, ਤਾਂ ਹੇ ਮਨ! ਹੋਰਨਾਂ ਪਾਸ ਕਹਿ ਕੇ ਸ਼ਰਮ ਨਾਲ ਮਰਨਾ ਹੁੰਦਾ ਹੈ।੨।

ਪਦਾਰਥ = ਸੇਵੀਐ–ਸੇਵਾ ਭਗਤੀ ਕਰਨੀ ਚਾਹੀਦੀ ਹੈ। ਨਿਤ–ਹਰ ਰੋਜ; ਸਦਾ। ਧਿਆਈਐ–ਧਿਆਨ ਕਰਨਾ ਚਾਹੀਦਾ ਹੈ। ਖਿਨ ਮਹਿ–ਇਕ ਖਿਨ ਵਿਚ। ਕਿਲਵਿਖ–ਪਾਪ। ਕਰੇ ਬਿਨਾਸਾ–ਨਾਸ਼ ਕਰ ਦਿੰਦਾ ਹੈ। ਤਿਆਗਿ–ਛਡ ਕੇ। ਅਵਰ ਕੀ–ਹੋਰ ਦੀ। ਕੀਜੈ–ਕਰੀਏ। ਘਾਲ–ਮੇਹਨਤ। ਗਵਾਸਾ–ਗੁਆ ਦੇਂਦਾ ਹੈ। ਮਨ–ਹੇ ਮਨ!। ਸੇਵਿਹੁ–ਸੇਵਾ ਭਗਤੀ ਕਰ। ਜਿਸੁ ਸੇਵਿਐ–ਜਿਸ ਦੀ ਸੇਵਾ ਭਗਤੀ ਕਰਨ ਨਾਲ। ਲਹਾਸਾ–ਲਹਿ ਜਾਂਦੀ ਹੈ।੧। ਭਰਵਾਸਾ–ਭਰੋਸਾ। ਜਹ–ਜਿੱਥੇ। ਤਹ–ਉਥੇ। ਸੁਆਮੀ–ਮਾਲਕ ਪ੍ਰਭੂ। ਪੈਜ–ਲਾਜ। ਜਨ–ਸੇਵਕਾਂ ਦੀ।੧। ਰਹਾਉ। ਬਿਰਥਾ–ਦੁਖ ਦਰਦ। ਕਹਹੁ–ਕਹੋ। ਅਵਰਾ ਪਹਿ–ਹੋਰਨਾਂ ਪਾਸ। ਕਢਾਸਾ–ਕਢਦਾ ਹੈ (ਸੁਣਾਉਂਦਾ ਹੈ)। ਤਤਕਾਲ–ਤੁਰੰਤ। ਕਟਾਸਾ–ਕੱਟ ਦੇਵੇਗਾ। ਕਹਿ–ਕਹਿ ਕੇ। ਲਾਜ ਮਰਾਸਾ–ਸ਼ਰਮ ਨਾਲ ਮਰਨਾ ਹੁੰਦਾ ਹੈ।੨।

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ, ਤੇ ਸਭਿ ਅਪਨੈ ਸੁਆਇ ਮਿਲਾਸਾ ॥ ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ, ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥ ਮਨ ਮੇਰੇ ਅਪਨਾ ਹਰਿ ਸੇਵਿ ਦਿਨੁ ਰਾਤੀ, ਜੋ ਤੁਧੁ ਉਪਕਰੈ ਦੂਖਿ ਸੁਖਾਸਾ ॥੩॥ ਤਿਸ ਕਾ ਭਰਵਾਸਾ ਕਿਉ ਕੀਜੈ ਮਨ ਮੇਰੇ, ਜੋ ਅੰਤੀ ਅਉਸਰਿ ਰਖਿ ਨ ਸਕਾਸਾ ॥ ਹਰਿ ਜਪੁ ਮੰਤੁ ਗੁਰ ਉਪਦੇਸੁ ਲੈ ਜਾਪਹੁ , ਤਿਨ੍ ਅੰਤਿ ਛਡਾਏ ਜਿਨ੍ ਹਰਿ ਪ੍ਰੀਤਿ ਚਿਤਾਸਾ ॥ ਜਨ ਨਾਨਕ ਅਨਦਿਨੁ ਨਾਮ ਜਪਹੁ ਹਰਿ ਸੰਤਹੁ ,ਇਹੁ ਛੂਟਣ ਕਾ ਸਾਚਾ ਭਰਵਾਸਾ ॥੪॥੨॥ ਹੇ ਮੇਰੇ ਮਨ! ਸੰਸਾਰ ਦੇ ਜੋ ਪ੍ਰਵਾਰ, ਮਿਤ੍ਰ ਤੇ ਭਰਾ ਦਿਸਦੇ ਹਨ, ਉਹ ਸਾਰੇ (ਸਬੰਧੀ) ਅਪਣੇ ਸੁਆਰਥ ਵਾਸਤੇ ਮਿਲਦੇ ਹਨ। ਜਿਸ ਦਿਨ ਵਿਚ ਉਨ੍ਹਾਂ ਦਾ ਸੁਆਰਥ ਪੂਰਾ ਨਾ ਹੋ ਸਕੇ, ਉਸ ਦਿਨ (ਉਨ੍ਹਾਂ ਵਿਚੋਂ) ਕੋਈ ਵੀ ਨੇੜੇ ਨਹੀਂ ਢੁਕੇਗਾ। ਹੇ ਮੇਰੇ ਮਨ! ਦਿਨ ਰਾਤ ਅਪਣੇ ਹਰੀ ਦੀ ਸੇਵਾ ਭਗਤੀ ਕਰ, ਜੋ ਦੁਖ ਵਿਚ ਤੇ ਸੁਖ ਵਿਚ ਵੀ ਤੇਰੇ ਪਾਸ ਸਹਾਇਤਾ ਲਈ ਪਹੁੰਚ ਸਕਦਾ ਹੈ।੩। ਹੇ ਮੇਰੇ ਮਨ! ਤੂੰ ਉਸ (ਦੇਵੀ ਦੇਵਤੇ ਜਾਂ ਮਨੁੱਖ) ਦਾ ਭਰੋਸਾ ਕਿਉਂ ਕਰਦਾ ਹੈਂ? ਜੋ ਅੰਤ ਸਮੇਂ ਤੇਰੀ (ਜਮਾਂ ਤੋਂ) ਰੱਖਿਆ ਨਹੀਂ ਕਰ ਸਕੇਗਾ। (ਹੇ ਭਾਈ!) ਗੁਰੂ ਦਾ ਉਪਦੇਸ਼ ਲੈ ਕੇ ਹਰੀ ਦੇ ਮੰਤ੍ਰ ਨੂੰ ਜਪੋ, (ਕਿਉਂਕਿ) ਜਿਨ੍ਹਾਂ ਦੇ ਚਿਤ ਵਿਚ ਹਰੀ ਦੀ ਪ੍ਰੀਤ ਹੈ, ਉਨ੍ਹਾਂ ਨੂੰ ਅੰਤ ਸਮੇਂ (ਹਰੀ ਦਾ ਨਾਮ ਮੰਤ੍ਰ ਜਮਾਂ ਤੋਂ) ਛਡਾ ਲਵੇਗਾ। ਦਾਸ ਨਾਨਕ ਆਖਦਾ ਹੈ ਕਿ

ਹੇ ਹਰੀ ਦੇ ਸੰਤ ਪਿਆਰਿਓ! ਹਰ ਰੋਜ ਹਰੀ ਦਾ ਨਾਮ ਜਪੋ, (ਜਮਾਂ ਤੋਂ) ਛੁੱਟਣ ਦਾ ਇਹੁ ਸੱਚਾ ਭਰੋਸਾ ਹੈ।੪।੨।

ਪਦਾਰਥ = ਕੇ–ਦੇ।ਕੁਟੰਬ–ਪ੍ਰਵਾਰ।ਭਾਈ–ਭਰਾ।ਦੀਸਹਿ–ਦਿਸਦੇ ਹਨ।ਮਨ–ਹੇ ਮਨ!।ਤੇ ਸਭਿ–ਉਹ ਸਾਰੇ।ਅਪਨੈ ਸੁਆਇ–ਅਪਣੇ ਸੁਆਰਥ (ਮਤਲਬ) ਵਾਸਤੇ।ਮਿਲਾਸਾ–ਮਿਲਦੇ ਹਨ।ਜਿਤੁ ਦਿਨਿ–ਜਿਸ ਦਿਨ ਵਿਚ।ਉਨ੍ ਕਾ–ਉਨ੍ਹਾਂ ਦਾ।ਹੋਇ ਨ ਆਵੈ–ਪੂਰਾ ਨਾ ਹੋ ਸਕੇ।ਤਿਤੁ–ਉਸ।ਕੋ–ਕੋਈ ਵੀ।ਨ ਢੁਕਾਸਾ–ਨਹੀਂ ਢੁਕੇਗਾ (ਨੇੜੇ ਨਹੀਂ ਆਵੇਗਾ)।ਤੁਧੁ–ਤੇਰੇ।ਸੁਖਾਸਾ–ਸੁਖ ਵੇਲੇ।ਉਪਕਰੈ (ਉਪੱਕਰੈ ਪੜ੍ਹੋ)–ਸਹਾਇਤਾ ਲਈ ਪਹੁੰਚਦਾ ਹੈ।੩।ਤਿਸ ਕਾ–ਉਸ ਦਾ।ਭਰਵਾਸਾ–ਭਰੋਸਾ; ਉਤਮ ਆਸ਼ਾ।ਅੰਤੀ ਅਉਸਰਿ–ਅੰਤ ਸਮੇਂ।ਰਖਿ ਨ ਸਕਾਸਾ–ਰੱਖਿਆ ਨਹੀਂ ਕਰ ਸਕਦਾ।ਲੈ–ਲੈ ਕੇ।ਜਾਪਹੁ–ਜਪੋ।ਤਿਨ੍–ਉਨ੍ਹਾਂ ਨੂੰ।ਜਿਨਾਂ–ਜਿਨ੍ਹਾਂ ਦਾ।ਚਿਤਾਸਾ–ਚਿੱਤ ਵਿਚ।ਜਨ ਨਾਨਕ–ਦਾਸ ਨਾਨਕ।ਅਨਦਿਨੁ–ਹਰ ਰੋਜ।ਸੰਤਹੁ–ਹੇ ਸੰਤੋਂ!।੪।੨।

ਗੋਂਡ ਮਹਲਾ ੪ ॥ ਹਰਿ ਸਿਮਰਤ ਸਦਾ ਹੋਇ ਅਨੰਦੁ ,ਸੁਖੁ ਅੰਤਰਿ ਸਾਂਤਿ ਸੀਤਲ ਮਨੁ ਅਪਨਾ ॥ ਜੈਸੇ ਸਕਤਿ ਸੂਰੁ ਬਹੁ ਜਲਤਾ ,ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ ॥੧॥ ਮੇਰੇ ਮਨ, ਅਨਦਿਨੁ ਧਿਆਇ ਨਾਮੁ ਹਰਿ ਜਪਨਾ ॥ ਜਹਾ ਕਹਾ ਤੁਝੁ ਰਾਖੈ ਸਭ ਠਾਈ, ਸੋ ਐਸਾ ਪ੍ਰਭੁ ਸੇਵਿ ਸਦਾ ਤੂ ਅਪਨਾ ॥੧॥ਰਹਾਉ॥ ਜਾ ਮਹਿ ਸਭਿ ਨਿਧਾਨ ਸੋ ਹਰਿ ਜਪਿ ਮਨ ਮੇਰੇ, ਗੁਰਮੁਖਿ ਖੋਜਿ ਲਹਹੁ ਹਰਿ ਰਤਨਾ ॥ ਜਿਨ ਹਰਿ ਧਿਆਇਆ ਤਿਨ ਹਰਿ ਪਾਇਆ ਮੇਰਾ ਸੁਆਮੀ, ਤਿਨ ਕੇ ਚਰਣ ਮਲਹੁ ਹਰਿ ਦਸਨਾ ॥੨॥ ਸਬਦੁ ਪਛਾਣਿ ਰਾਮ ਰਸ ਪਾਵਹੁ ,ਓਹੁ ਊਤਮੁ ਸੰਤੁ ਭਇਓ ਬਡ ਬਡਨਾ ॥ (ਹੇ ਭਾਈ!) ਹਰੀ ਦਾ ਨਾਮ ਸਿਮਰਦਿਆਂ ਸਦਾ ਹੀ ਅਨੰਦ ਪ੍ਰਾਪਤ ਹੁੰਦਾ ਹੈ, ਹਿਰਦੇ ਅੰਦਰ ਸੁੱਖ ਸ਼ਾਤੀ ਹੁੰਦੀ ਹੈ ਅਤੇ ਅਪਣਾ ਮਨ ਠੰਢਾ ਠਾਰ ਹੋ ਜਾਂਦਾ ਹੈ।ਜਿਵੇਂ ਮਾਇਆ ਰੂਪ ਸੂਰਜ ਬਹੁਤ ਤਪ ਰਿਹਾ ਹੈ, ਗੁਰੂ ਰੂਪ ਚੰਦ੍ਰਮਾ ਦੇਖਣ ਨਾਲ (ਮੋਹ ਮਾਇਆ ਦੀ) ਸਾਰੀ ਤਪਸ਼ ਲਹਿ ਜਾਂਦੀ ਹੈ।੧।ਹੇ ਮੇਰੇ ਮਨ! ਹਰ ਰੋਜ ਧਿਆਨ ਨਾਲ ਹਰੀ ਦਾ ਨਾਮ ਜਪਿਆ ਕਰ।ਜੋ ਸਭ ਜਗ੍ਹਾ ਜਿਥੇ ਕਿਥੇ ਤੇਰੀ ਰਖਿਆ ਕਰਦਾ ਹੈ, ਤੂੰ ਇਹੋ ਜਿਹੇ ਅਪਣੇ ਉਸ ਪ੍ਰਭੂ ਨੂੰ ਸਦਾ ਸਿਮਰਿਆ ਕਰ।੧।ਰਹਾਉ।ਹੇ ਮੇਰੇ ਮਨ! ਜਿਸ ਪ੍ਰਭੂ ਵਿਚ ਸਾਰੇ ਖਜਾਨੇ ਹਨ, ਤੂੰ ਉਸ ਹਰੀ ਨੂੰ ਜਪ ਅਤੇ ਗੁਰੂ ਦੁਆਰਾ ਹਰੀ ਦਾ ਨਾਮ ਰੂਪ ਰਤਨ ਖੋਜ ਲੈ।ਜਿਨ੍ਹਾਂ ਪੁਰਖਾਂ ਨੇ ਹਰੀ ਨੂੰ ਧਿਆਇਆ ਹੈ, ਉਨ੍ਹਾਂ ਨੇ ਮੇਰੇ ਮਾਲਕ ਹਰੀ ਨੂੰ ਪਾ ਲਿਆ ਹੈ, (ਇਸ ਲਈ ਹੇ ਮੇਰੇ ਮਨ! ਤੂੰ) ਉਨ੍ਹਾਂ ਦਾਸਾਂ ਦੇ ਚਰਨ ਮਲ (ਝੱਸ)।੨।(ਹੇ ਭਾਈ!) ਗੁਰੂ ਦੇ ਸ਼ਬਦ ਨੂੰ ਪਛਾਣ ਕੇ ਰਾਮ ਨਾਮ ਦਾ ਰਸ ਪ੍ਰਾਪਤ ਕਰੋ, (ਜਿਸ ਨੇ ਇਹ ਰਸ ਪਾਇਆ ਹੈ) ਉਹ ਪੁਰਖ ਵੱਡੇ ਤੋਂ ਵੱਡਾ ਉਤਮ ਸੰਤ ਹੋਇਆ ਹੈ।

ਅੰਗ ੮੬੧ = ਤਿਸੁ ਜਨ ਕੀ ਵਡਿਆਈ ਹਰਿ ਆਪਿ ਵਧਾਈ, ਓਹੁ ਘਟੈ ਨ ਕਿਸੈ ਕੀ ਘਟਾਈ ਇਕੁ ਤਿਲੁ ਤਿਲੁ ਤਿਲਨਾ ॥੩॥ ਜਿਸ ਤੇ ਸੁਖ ਪਾਵਹਿ ਮਨ ਮੇਰੇ, ਸੋ ਸਦਾ ਧਿਆਇ ਨਿਤ ਕਰ ਜੁਰਨਾ ॥ ਜਨ ਨਾਨਕ ਕਉ ਹਰਿ ਦਾਨੁ ਇਕੁ ਦੀਜੈ, ਨਿਤ ਬਸਹਿ ਰਿਦੈ ਹਰੀ ਮੋਹਿ ਚਰਨਾ ॥੪॥੩॥ ਉਸ ਪੁਰਖ ਦੀ ਵਡਿਆਈ ਪ੍ਰਭੂ ਨੇ ਆਪ ਵਧਾਈ ਹੈ, ਉਹ (ਵਡਿਆਈ) ਕਿਸੇ ਦੀ ਘਟਾਈ ਹੋਈ ਇਕ ਤਿਲ ਤੋਂ ਵੀ ਤਿਲ ਮਾਤ੍ਰ ਵੀ ਘਟ ਨਹੀਂ ਸਕਦੀ।੩।ਹੇ ਮੇਰੇ ਮਨ! ਜਿਸ ਪ੍ਰਭੂ ਪਾਸੋਂ ਤੂੰ ਸੁਖ ਪ੍ਰਾਪਤ ਕਰਦਾ ਹੈਂ, ਉਸ ਪ੍ਰਭੂ ਨੂੰ ਹੱਥ ਜੋੜ ਕੇ ਹਰ ਰੋਜ ਸਿਮਰਿਆ ਕਰ।(ਅਰਦਾਸ ਹੈ) ਹੇ ਹਰੀ! ਦਾਸ ਨਾਨਕ ਨੂੰ ਇਕ ਦਾਨ ਦੇਹ, ਹੇ ਹਰੀ! ਮੇਰੇ ਹਿਰਦੇ ਵਿਚ ਹਰ ਰੋਜ ਤੇਰੇ ਚਰਨ ਵਸਦੇ ਰਹਿਣ।੪।੩।

ਪਦਾਰਥ = ਸਿਮਰਤ–ਸਿਮਰਦਿਆਂ।ਅੰਤਰਿ–ਹਿਰਦੇ ਅੰਦਰ।ਸੀਤਲ–ਠੰਢਾ ਠਾਰ।ਸਕਤਿ ਸੂਰੁ–ਮਾਇਆ ਰੂਪ ਸੂਰਜ।ਬਹੁ–ਬਹੁਤ।ਜਲਤਾ–ਤਪਦਾ ਹੈ।ਸਸਿ–ਚੰਦ੍ਰਮਾ।ਤਪਨਾ–ਤਪਸ਼।੧।ਮਨ–ਹੇ ਮਨ!।ਅਨਦਿਨੁ–ਹਰ ਰੋਜ।ਜਪਨਾ–ਜਪਿਆ ਕਰ।ਜਹਾ–ਜਿੱਥੇ।ਕਹਾ–ਕਿੱਥੇ।ਸਭ ਠਾਈ–ਸਭ ਜਗ੍ਹਾ।ਸੋ–ਉਸ।ਸੇਵਿ–ਸਿਮਰਿਆ ਕਰ।੧।ਰਹਾਉ।ਜਾ ਮਹਿ–ਜਿਸ (ਪ੍ਰਭੂ) ਵਿਚ।ਨਿਧਾਨ–ਖਜਾਨੇ।ਗੁਰਮੁਖਿ–ਗੁਰੂ ਰਾਹੀਂ।ਖੋਜਿ ਲਹਹੁ–ਲੱਭ ਲਵੋ।ਰਤਨਾ–ਰਤਨ।ਜਿਨ–ਜਿਨ੍ਹਾਂ ਨੇ।ਤਿਨ–ਉਨ੍ਹਾਂ ਨੇ।ਤਿਨ ਕੇ–ਉਨ੍ਹਾਂ ਦੇ।ਚਰਣ ਮਲਹੁ–ਪੈਰ ਘੁੱਟਿਆ ਕਰ।ਦਸਨਾ–ਦਾਸਾਂ ਦੇ।੨।ਰਸ–ਅਨੰਦ।ਪਾਵਹੁ–ਪ੍ਰਾਪਤ ਕਰੋ।ਭਇਓ–ਹੋਇਆ।ਬਡ ਬਡਨਾ–ਵੱਡੇ ਤੋਂ ਵੱਡਾ; ਵੱਡੇ ਪ੍ਰਤਾਪ ਵਾਲਾ।ਤਿਲੁ ਤਿਲਨਾ–ਤਿਲ ਤੋਂ ਵੀ ਤਿਲ ਮਾਤ੍ਰ।੩।ਤੇ–ਤੋਂ; ਪਾਸੋਂ।ਨਿਤ–ਹਰ ਰੋਜ; ਸਦਾ।ਕਰ ਜੁਰਨਾ–ਹੱਥ ਜੋੜ ਕੇ।ਕਉ–ਨੂੰ।ਦਾਨੁ ਦੀਜੈ–ਦਾਨ ਦੇਹ।ਬਸਹਿ–ਵਸਦੇ ਰਹਿਣ।ਰਿਦੈ ਮੋਹਿ–ਮੇਰੇ ਹਿਰਦੇ ਵਿਚ।੪।੩।

ਸਕਤਿ ਸੂਰੁ ਬਹੁ ਜਲਤਾ = ਸੂਰਜ ਦੇ ਤੇਜ ਕਰਕੇ ਰੇਤਾ ਬਹੁਤ ਤਪਦਾ ਹੈ (ਫ.ਸ.; ਸੰ.ਸ.; ਗੁ. ਗ੍ਰੰ. ਕੋਸ਼; ਬਾ.ਪ੍ਰ.)।

ਗੋਂਡ ਮਹਲਾ ੪ ॥ ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ, ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ ॥ ਹਰਿ ਅਬਿਨਾਸੀ ਸਦਾ ਥਿਰੁ ਨਿਹਚਲੁ ,ਤਿਸੁ ਮੇਰੇ ਮਨ ਭਜੁ ਪਰਵਾਣੁ ॥੧॥ ਮੇਰੇ ਮਨ, ਨਾਮੁ ਹਰੀ ਭਜੁ ਸਦਾ ਦੀਬਾਣੁ ॥ ਜੋ ਹਰਿ

ਮਹਲੁ ਪਾਵੈ ਗੁਰ ਬਚਨੀ, ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ ॥੧॥ਰਹਾਉ॥ ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ, ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ ॥ ਹਰਿ ਸਤਿ ਨਿਰੰਜਨੁ ਸਦਾ ਸੇਵਿ ਮਨ ਮੇਰੇ, ਜਿਤੁ ਹਰਿ ਦਰਗਹ ਪਾਵਹਿ ਤੂ ਮਾਣੁ ॥੨॥ ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ, ਜੋ ਹਰਿ ਧਿਆਵੈ ਸੋ ਪਰਧਾਨੁ ॥ ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ, ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥੩॥ ਓਹੁ ਸਭ ਤੇ ਊਚਾ ਸਭ ਤੇ ਸੂਚਾ, ਜਾ ਕੈ ਹਿਰਦੈ ਵਸਿਆ ਭਗਵਾਨੁ ॥ ਜਨ ਨਾਨਕੁ ਤਿਸ ਕੇ ਚਰਨ ਪਖਾਲੈ, ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ ॥੪॥੪॥ (ਹੇ ਭਾਈ! ਸੰਸਾਰ ਵਿਚ) ਜਿਤਨੇ ਵੀ ਸ਼ਾਹੂਕਾਰ, ਬਾਦਸ਼ਾਹ, ਅਮੀਰ ਲੋਕ, ਸਰਦਾਰ ਅਤੇ ਚੌਧਰੀ ਹਨ, (ਇਹ) ਸਾਰੇ ਨਾਸ਼ਵੰਤ ਹਨ ,(ਅਜੇਹੇ ਲੋਕਾਂ ਦੇ) ਦੂਜੇ ਪਿਆਰ ਨੂੰ ਤੂੰ ਝੂਠਾ ਸਮਝ। ਨਾਸ਼ ਰਹਿਤ ਹਰੀ ਸਦਾ ਸਥਿਰ ਤੇ ਅਚੱਲ ਹੈ, ਹੇ ਮੇਰੇ ਮਨ! ਤੂੰ ਉਸ ਨੂੰ ਸਿਮਰ, (ਜਿਸ ਕਰਕੇ ਤੂੰ ਰੱਬੀ ਦਰਗਾਹ ਵਿਚ) ਪ੍ਰਵਾਨ ਹੋਵੇਂਗਾ।੧। ਹੇ ਮੇਰੇ ਮਨ! ਹਰੀ ਦਾ ਨਾਮ ਸਦਾ ਸਿਮਰ, (ਜੋ ਲੋਕ ਪ੍ਰਲੋਕ ਦਾ) ਆਸਰਾ ਹੈ। ਜੋ ਮਨੁੱਖ ਗੁਰੂ ਦੇ ਬਚਨਾਂ ਤੇ ਅਮਲ ਕਰਕੇ ਹਰੀ ਦੇ ਸਰੂਪ ਨੂੰ ਪ੍ਰਾਪਤ ਕਰ ਲੈਂਦਾ ਹੈ, ਉਸ ਮਨੁੱਖ ਦੇ ਆਤਮਕ ਬਲ ਜਿਤਨਾ ਹੋਰ ਕਿਸੇ ਦਾ ਬਲ ਨਹੀਂ।੧।ਰਹਾਉ। ਹੇ ਮੇਰੇ ਮਨ! ਜਿੰਨੇ ਵੀ ਧਨ ਵਾਲੇ, ਉਚੀ ਕੁਲ ਵਾਲੇ ਤੇ ਜਗੀਰਾਂ ਵਾਲੇ ਦਿਸਦੇ ਹਨ, ਉਹ ਸਾਰੇ ਨਾਸ਼ ਹੋ ਜਾਣਗੇ, ਜਿਵੇਂ ਕਸੁੰਭੇ ਦਾ ਕੱਚਾ ਰੰਗ (ਥੋੜੇ ਦਿਨ ਰਹਿਣ ਵਾਲਾ) ਹੁੰਦਾ ਹੈ। ਹੇ ਮੇਰੇ ਮਨ! ਮਾਇਆ ਤੋਂ ਨਿਰਲੇਪ ਸੱਤ ਸਰੂਪ ਹਰੀ ਦੀ ਤੂੰ ਸਦਾ ਸੇਵਾ ਭਗਤੀ ਕਰ, ਜਿਸ ਨਾਲ ਤੂੰ ਹਰੀ ਦੀ ਦਰਗਾਹ ਵਿਚ ਮਾਣ ਪਾਵੇਂਗਾ। ੨।(ਹੇ ਮਨ!) ਬ੍ਰਾਹਮਣ, ਖਤ੍ਰੀ, ਸ਼ੂਦਰ ਤੇ ਵੈਸ਼ ਚਾਰ ਵਰਨ ਅਤੇ ਚਾਰ (ਬ੍ਰਹਮਚਰਜ, ਗ੍ਰਿਹਸਤ, ਬਾਨ ਪ੍ਰਸਤ ਤੇ ਸੰਨਿਆਸ) ਆਸ਼੍ਰਮ ਹਨ, (ਇਨ੍ਹਾਂ ਵਿਚੋਂ) ਜੋ ਵੀ ਮਨੁੱਖ ਹਰੀ ਨੂੰ ਧਿਆਉਂਦਾ ਹੈ, ਉਹ ਮੁਖੀ ਹੁੰਦਾ ਹੈ। ਜਿਵੇਂ ਚੰਦਨ ਦੇ ਨੇੜੇ ਵਿਚਾਰਾ ਅਰਿੰਡ ਵਸਦਾ (ਸੁਗੰਧਤ ਹੋ ਜਾਂਦਾ) ਹੈ, ਤਿਵੇਂ ਸਤਸੰਗਤ ਵਿਚ ਮਿਲ ਕੇ ਪਾਪੀ ਮਨੁੱਖ ਵੀ (ਪਵਿਤ੍ਰ ਹੋ ਕੇ ਰੱਬੀ ਦਰਗਾਹ ਵਿਚ) ਪ੍ਰਵਾਨ ਹੋ ਜਾਂਦਾ ਹੈ।੩।(ਹੇ ਮਨ!) ਉਹ ਮਨੁੱਖ ਸਭ ਤੋਂ ਉਚਾ ਤੇ ਸਭ ਤੋਂ ਸੁੱਚਾ ਹੈ, ਜਿਸ ਦੇ ਹਿਰਦੇ ਵਿਚ ਭਗਵਾਨ ਵਸਿਆ ਹੈ। ਜੋ ਮਨੁੱਖ ਨੀਚ ਜਾਤ ਵਿਚੋਂ ਹਰੀ ਦਾ ਸੇਵਕ ਹੈ, ਦਾਸ ਨਾਨਕ ਉਸ ਦੇ ਚਰਨ ਧੋਂਦਾ ਹੈ।੪।੪।

ਪਦਾਰਥ = ਸਾਹ–ਸ਼ਾਹੂਕਾਰ। ਉਮਰਾਵ–ਅਮੀਰ ਦਾ ਬਹੁ ਵਚਨ। ਸਿਕਦਾਰ–ਸਰਦਾਰ; ਹਾਕਮ। ਚਉਧਰੀ–ਪਿੰਡ ਦਾ ਮੁਖੀ; ਪੈਂਚ। ਮਿਥਿਆ–ਨਾਸ਼ਵੰਤ। ਭਾਉ ਦੂਜਾ–ਹਰੀ ਤੋਂ ਬਿਨਾ ਕਿਸੇ ਹੋਰ ਦਾ ਪਿਆਰ; ਮਾਇਆ ਦਾ ਪਿਆਰ। ਜਾਣੁ–ਸਮਝ ਲੈ। ਅਬਿਨਾਸੀ –ਨਾਸ ਰਹਿਤ। ਥਿਰੁ–ਕਾਇਮ ਰਹਿਣ ਵਾਲਾ। ਨਿਹਚਲੁ–ਅਚੱਲ। ਭਜੁ–ਸਿਮਰ। ਪਰਵਾਣੁ–ਕਬੂਲ।੧। ਮਨ–ਹੇ ਮਨ!। ਦੀਬਾਣੁ– ਆਸਰਾ। ਮਹਲੁ–ਹਰੀ ਦਾ ਟਿਕਾਣਾ; ਸਰੂਪ। ਪਾਵੈ–ਪਾ ਲੈਂਦਾ ਹੈ। ਗੁਰ ਬਚਨੀ–ਗੁਰੂ ਦੇ ਬਚਨਾਂ ਤੇ ਅਮਲ ਕਰਕੇ। ਅਵਰੁ–ਹੋਰ। ਤਾਣੁ–ਤਾਕਤ।੧।ਰਹਾਉ। ਧਨਵੰਤ–ਧਨ ਵਾਲੇ। ਕੁਲਵੰਤ–ਉਚੀ ਕੁਲ ਵਾਲੇ। ਮਿਲਖਵੰਤ–ਜਗੀਰਦਾਰ। ਦੀਸਹਿ–ਦਿਸਦੇ ਹਨ। ਬਿਨਸਿ ਜਾਹਿ–ਨਾਸ਼ ਹੋ ਜਾਣਗੇ। ਰੰਗੁ ਕੁਸੁੰਭ–ਮਾਇਕ ਪਦਾਰਥਾਂ ਦਾ ਅਨੰਦ, ਜੋ ਥੋੜਾ ਸਮਾਂ ਰਹਿੰਦਾ ਹੈ। ਕਚਾਣੁ–ਕੱਚਾ। ਸਤਿ– ਸਦਾ ਕਾਇਮ ਰਹਿਣ ਵਾਲਾ। ਨਿਰੰਜਨੁ–ਮਾਇਆ ਤੋਂ ਨਿਰਲੇਪ। ਸੇਵਿ–ਸੇਵਾ ਭਗਤੀ ਕਰ। ਜਿਤੁ–ਜਿਸ ਕਰਕੇ। ਪਾਵਹਿ ਮਾਣੁ– ਆਦਰ ਪਾਵੇਂਗਾ।੨। ਸੂਦ–ਸ਼ੂਦਰ। ਵੈਸ–ਵਪਾਰੀ ਤੇ ਹਲ ਵਾਹੁਣ ਵਾਲੇ ਤੀਜੇ ਵਰਨ ਦੇ ਲੋਕ। ਚਾਰਿ ਆਸ੍ਰਮ–ਬ੍ਰਹਮਚਰਜ, ਬਾਨ ਪ੍ਰਸਤ, ਗ੍ਰਿਹਸਤ ਤੇ ਸੰਨਿਆਸ ਚਾਰ ਆਸ਼ਰਮ। ਹਹਿ–ਹਨ। ਸੋ–ਉਹ। ਪਰਧਾਨੁ–ਮੁਖੀ; ਸ੍ਰੇਸਟ। ਨਿਕਟਿ–ਨੇੜੇ। ਹਿਰਡੁ–ਅਰਿੰਡ। ਬਪੁੜਾ–ਵਿਚਾਰਾ; ਨਿਕੰਮਾ। ਮਿਲਿ–ਮਿਲ ਕੇ। ਪਤਿਤ–ਪਾਪੀ ਮਨੁੱਖ।੩। ਸਭੁ ਤੇ–ਸਾਰਿਆਂ ਤੋਂ। ਸੂਚਾ–ਸੁੱਚਾ (ਪਵਿਤ੍ਰ)। ਜਾ ਕੈ– ਜਿਸ ਦੇ। ਹਿਰਦੈ–ਹਿਰਦੇ ਵਿਚ। ਜਨ ਨਾਨਕੁ–ਦਾਸ ਨਾਨਕ। ਤਿਸ ਕੇ–ਉਸ ਦੇ। ਚਰਨ ਪਖਾਲੈ–ਪੈਰ ਧੋਂਦਾ ਹੈ। ਜਨੁ–ਮਨੁੱਖ। ਨੀਚੁ ਜਾਤਿ–ਨੀਚ ਜਾਤ ਵਿਚੋਂ। ਸੇਵਕਾਣੁ–ਸੇਵਕ।੪।੪।

ਗੋਂਡ ਮਹਲਾ ੪ ॥ ਹਰਿ ਅੰਤਰਜਾਮੀ ਸਭਤੈ ਵਰਤੈ, ਜੇਹਾ ਹਰਿ ਕਰਾਏ ਤੇਹਾ ਕੋ ਕਰਈਐ ॥ ਸੋ ਐਸਾ ਹਰਿ ਸੇਵਿ ਸਦਾ ਮਨ ਮੇਰੇ, ਜੋ ਤੁਧ ਨੋ ਸਭ ਦੂ ਰਖਿ ਲਈਐ ॥੧॥ ਮੇਰੇ ਮਨ, ਹਰਿ ਜਪਿ ਹਰਿ ਨਿਤ ਪੜਈਐ ॥ ਹਰਿ ਬਿਨੁ ਕੋ ਮਾਰਿ ਜੀਵਾਲਿ ਨ ਸਾਕੈ, ਤਾ ਮੇਰੇ ਮਨ ਕਾਇਤੁ ਕੜਈਐ ॥੧॥ਰਹਾਉ॥ ਹਰਿ ਪਰਪੰਚੁ ਕੀਆ ਸਭੁ ਕਰਤੈ, ਵਿਚਿ ਆਪੇ ਆਪਣੀ ਜੋਤਿ ਧਰਈਐ ॥ ਹਰਿ ਏਕੋ ਬੋਲੈ ਹਰਿ ਏਕੁ ਬੁਲਾਏ, ਗੁਰਿ ਪੂਰੈ ਹਰਿ ਏਕੁ ਦਿਖਈਐ ॥੨॥ ਹਰਿ ਅੰਤਰਿ ਨਾਲੇ ਬਾਹਰਿ ਨਾਲੇ, ਕਹੁ ਤਿਸੁ ਪਾਸਹੁ ਮਨ ਕਿਆ ਚੋਰਈਐ ॥ ਨਿਹਕਪਟ ਸੇਵਾ ਕੀਜੈ ਹਰਿ ਕੇਰੀ, ਤਾਂ ਮੇਰੇ ਮਨ ਸਰਬ ਸੁਖ ਪਈਐ ॥੩॥ ਜਿਸ ਦੈ ਵਸਿ ਸਭੁ ਕਿਛੁ ,ਸੋ ਸਭ ਦੂ ਵਡਾ, ਸੋ ਮੇਰੇ ਮਨ ਸਦਾ ਧਿਅਈਐ ॥ ਜਨ ਨਾਨਕ ਸੋ ਹਰਿ ਨਾਲਿ ਹੈ ਤੇਰੈ, ਹਰਿ ਸਦਾ ਧਿਆਇ ਤੂ ,ਤੁਧੁ

ਲਏ ਛਡਈਐ ॥੪॥੫॥ (ਹੇ ਮੇਰੇ ਮਨ!) ਸਾਰੇ ਜੀਵਾਂ ਦੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਹਰੀ ਸਭ ਜਗ੍ਹਾ ਵਰਤ ਰਿਹਾ ਹੈ ,ਜਿਹੋ ਜਿਹਾ ਕੰਮ ਹਰੀ ਜੀਵਾਂ ਪਾਸੋਂ ਕਰਾ ਰਿਹਾ ਹੈ, ਹਰ ਕੋਈ ਉਹੋ ਜਿਹਾ ਕੰਮ ਹੀ ਕਰਦਾ ਹੈ।ਹੇ ਮੇਰੇ ਮਨ! ਉਸ ਇਹੋ ਜਿਹੇ ਹਰੀ ਦੀ ਸਦਾ ਸੇਵਾ ਭਗਤੀ ਕਰ, ਜੋ ਤੈਨੂੰ ਸਾਰੇ ਦੁੱਖਾਂ ਤੇ ਦੁਸ਼ਮਨਾਂ ਤੋਂ ਬਚਾ ਕੇ ਰੱਖ ਲਏਗਾ।੧।ਹੇ ਮੇਰੇ ਮਨ! ਹਰੀ ਨੂੰ ਜਪ ਅਤੇ ਹਰ ਰੋਜ ਹਰੀ ਦੇ ਨਾਮ ਦਾ ਪਾਠ ਪੜ੍ਹਨਾ ਚਾਹੀਦਾ ਹੈ।ਹਰੀ ਤੋਂ ਬਿਨਾ ਹੋਰ ਕੋਈ ਮਾਰ ਨਹੀਂ ਸਕਦਾ ਅਤੇ ਨਾ ਹੀ ਕੋਈ ਜਿਵਾਲ ਸਕਦਾ ਹੈ, ਤਾਂ ਫਿਰ ਹੇ ਮੇਰੇ ਮਨ! ਕਾਹਦੇ ਲਈ ਦੁਖੀ ਹੋਈਏ?।੧।ਰਹਾਉ।(ਹੇ ਮੇਰੇ ਮਨ!) ਸਾਰਾ ਜਗਤ ਪਸਾਰਾ ਹਰੀ ਕਰਤਾਰ ਨੇ ਪੈਦਾ ਕੀਤਾ ਹੈ ਅਤੇ ਇਸ ਵਿਚ (ਉਸ ਨੇ) ਆਪ ਹੀ ਅਪਣੀ ਜੋਤ ਧਰੀ ਹੈ।ਇਕ ਹਰੀ ਹੀ ਸਾਰੇ ਜੀਵਾਂ ਵਿਚ ਬੋਲ ਰਿਹਾ ਹੈ ਅਤੇ ਇਕ ਹਰੀ ਹੀ (ਸਭ ਜੀਵਾਂ ਤੋਂ ਬੋਲ) ਬੁਲਵਾ ਰਿਹਾ ਹੈ, ਪੂਰੇ ਗੁਰੂ ਨੇ (ਮੈਨੂੰ ਸਭ ਜਗ੍ਹਾ ਵਸਦਾ) ਇਕ ਹਰੀ ਦਿਖਾ ਦਿਤਾ ਹੈ।੨।(ਸਾਡੇ) ਹਿਰਦੇ ਅੰਦਰ ਵੀ ਹਰੀ ਨਾਲ ਵਸਦਾ ਹੈ ਅਤੇ ਬਾਹਰ (ਜਿੱਥੇ ਜਾਈਏ, ਉਥੇ ਵੀ ਜੀਵ ਦੇ) ਨਾਲ ਹਰੀ ਹੁੰਦਾ ਹੈ, ਹੇ ਮਨ! ਦੱਸ, ਉਸ ਹਰੀ ਪਾਸੋਂ ਕੀ ਲੁਕਾਇਆ ਜਾ ਸਕਦਾ ਹੈ? (ਇਸ ਲਈ ਜੇ) ਨਿਸ਼ਕਪਟ ਹੋ ਕੇ ਹਰੀ ਦੀ ਸੇਵਾ ਕਰੀਏ, ਤਾਂ ਹੇ ਮੇਰੇ ਮਨ! ਸਾਰੇ ਸੁਖ ਪਾ ਲਈਦੇ ਹਨ।੩।ਜਿਸ ਹਰੀ ਦੇ ਵਸ ਵਿਚ ਸਭ ਕੁਛ ਹੈ, ਉਹ ਸਭ ਤੋਂ ਵੱਡਾ ਹੈ, (ਇਸ ਲਈ) ਹੇ ਮੇਰੇ ਮਨ! ਉਸ (ਹਰੀ) ਨੂੰ ਸਦਾ ਧਿਆਉਣਾ ਚਾਹੀਦਾ ਹੈ।ਦਾਸ ਨਾਨਕ ਆਖਦਾ ਹੈ (ਕਿ ਹੇ ਮੇਰੇ ਮਨ!) ਉਹ ਹਰੀ ਤੇਰੇ ਨਾਲ ਹੈ, ਤੂੰ ਹਰੀ ਨੂੰ ਸਦਾ ਸਿਮਰਿਆ ਕਰ, ਤੈਨੂੰ (ਉਹ ਦੁੱਖਾਂ ਕਲੇਸਾਂ ਤੋਂ) ਛਡਾ ਲਏਗਾ।੪।੫।

ਪਦਾਰਥ = ਅੰਤਰਜਾਮੀ–ਹਰੇਕ ਦੇ ਦਿਲ ਦੇ ਅੰਦਰ ਦੀਆਂ ਜਾਨਣ ਵਾਲਾ।ਸਭਤੈ–ਸਭ ਜਗ੍ਹਾ।ਵਰਤੈ–ਵਰਤ ਰਿਹਾ ਹੈ।ਜੇਹਾ–ਜਿਹੋ ਜਿਹਾ।ਤੇਹਾ–ਉਹੋ ਜਿਹਾ।ਕੋ–ਹਰ ਕੋਈ।ਸੋ–ਉਸ; ਇਸ ਲਈ।ਸੇਵਿ–ਸੇਵਾ ਭਗਤੀ ਕਰ।ਮਨ–ਹੇ ਮਨ!।ਤੁਧ ਨੋ–ਤੈਨੂੰ। ਸਭ ਦੂ–ਸਭ (ਦੁੱਖਾਂ) ਤੋਂ।ਰਖਿ ਲਈਐ–(ਬਚਾ ਕੇ) ਰੱਖ ਲਏਗਾ।੧।ਨਿਤ–ਹਰ ਰੋਜ।ਪੜਈਐ–ਪੜ੍ਹਨਾ ਚਾਹੀਦਾ ਹੈ।ਕੋ–ਕੋਈ ।ਤਾ–ਤਾਂ।ਕਾਇਤੁ–ਕਿਉ; ਕਿਸ ਲਈ।ਕੜਈਐ–ਦੁਖੀ ਹੋਈਏ; ਤਪੀਏ।੧।ਰਹਾਉ।ਪਰਪੰਚ–ਜਗਤ ਪਸਾਰਾ।ਕੀਆ–ਪੈਦਾ ਕੀਤਾ ਹੈ।ਕਰਤੈ–ਕਰਤਾਰ ਨੇ।ਵਿਚਿ–(ਜਗਤ) ਵਿਚ।ਧਰਈਐ–ਧਰੀ ਹੈ।ਗੁਰਿ ਪੂਰੈ–ਪੂਰੇ ਗੁਰੂ ਨੇ।ਏਕੁ–ਇਕ ਪ੍ਰਭੂ। ਦਿਖਈਐ–ਦਿਖਾ ਦਿਤਾ ਹੈ।੨।ਅੰਤਰਿ–ਹਿਰਦੇ ਅੰਦਰ।ਨਾਲੇ–ਨਾਲ; ਅੰਗ ਸੰਗ।ਕਹੁ–ਦੱਸੋ।ਤਿਸੁ ਪਾਸਹੁ–ਉਸ ਪਾਸੋਂ।ਕਿਆ ਚੋਰਈਐ–ਕੀ ਲੁਕਾਇਆ ਜਾ ਸਕਦਾ ਹੈ? ਨਿਹਕਪਟ–ਛਲ ਰਹਿਤ ਹੋ ਕੇ।ਕੇਰੀ–ਦੀ।ਸਰਬ–ਸਾਰੇ।ਪਈਐ–ਪਾ ਲਈਦੇ ਹਨ। ੩।ਦੈ–ਦੇ।ਵਸਿ–ਵਸ ਵਿਚ।ਸੋ–ਉਹ।ਸਭ ਦੂ–ਸਭ ਤੋਂ।ਤੁਧੁ–ਤੈਨੂੰ।ਲਏ ਛਡਈਐ–ਛਡਾ ਲਏਗਾ।੪।੫।

ਗੋਂਡ ਮਹਲਾ ੪ ॥ ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ, ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥ ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥ ਹਮਰੀ ਬੇਦਨ ਹਰਿ ਪ੍ਰਭੁ ਜਾਨੈ, ਮੇਰੇ ਮਨ ਅੰਤਰਿ ਕੀ ਪੀਰ ॥੧॥ਰਹਾਉ॥ (ਹੇ ਭਾਈ!) ਹਰੀ ਦੇ ਦਰਸ਼ਨ ਕਰਨ ਲਈ ਮੇਰ ਮਨ ਬਹੁਤ ਤਪਦਾ ਹੈ, ਜਿਵੇਂ ਪਿਆਸਾ ਮਨੁੱਖ ਪਾਣੀ ਤੋਂ ਬਿਨਾ ਤਪਦਾ ਹੈ।੧।ਮੇਰੇ ਮਨ ਵਿਚ ਹਰੀ ਦਾ ਪ੍ਰੇਮ ਰੂਪ ਤੀਰ ਲੱਗਾ ਹੈ।ਮੇਰੀ ਪੀੜਾ, ਮੇਰੇ ਮਨ ਦੇ ਅੰਦਰ (ਪ੍ਰਭੂ ਦੇ ਵਿਛੋੜੇ) ਦੀ ਪੀੜ ਨੂੰ ਹਰੀ ਪ੍ਰਭੂ ਹੀ ਜਾਣਦਾ ਹੈ।੧।ਰਹਾਉ।

ਅੰਗ ੮੬੨ = ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ, ਸੋ ਭਾਈ ਸੋ ਮੇਰਾ ਬੀਰ ॥੨॥ ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ, ਲੇ ਸਤਿਗੁਰ ਕੀ ਮਤਿ ਧੀਰ ॥੩॥ ਜਨ ਨਾਨਕ ਕੀ ਹਰਿ ਆਸ ਪੁਜਾਵਹੁ ,ਹਰਿ ਦਰਸਨਿ ਸਾਂਤਿ ਸਰੀਰ ॥੪॥੬॥ਛਕਾ ੧॥(ਹੇ ਭਾਈ! ਜਿਹੜਾ) ਕੋਈ ਮਨੁੱਖ ਮੇਰੇ ਪਿਆਰੇ ਹਰੀ ਦੀ ਗੱਲ ਬਾਤ ਮੈਨੂੰ ਸੁਣਾਵੇ, ਉਹ ਮੇਰਾ ਭਰਾ ਹੈ, ਉਹ ਮੇਰਾ ਵੀਰ ਹੈ ।੨।ਹੇ ਸਖੀ! ਸਤਿਗੁਰੂ ਦੀ ਧੀਰਜ ਦੇਣ ਵਾਲੀ ਸਿੱਖਿਆ ਲੈ ਕੇ ਮੈਨੂੰ ਮਿਲ ਅਤੇ ਮੇਰੇ ਪ੍ਰਭੂ ਦੇ ਗੁਣ ਉਚਾਰਨ ਕਰ।੩।ਹੇ ਹਰੀ! ਦਾਸ ਨਾਨਕ ਦੀ ਆਸ ਪੂਰੀ ਕਰ, ਹੇ ਹਰੀ! ਤੇਰੇ ਦਰਸਨ ਨਾਲ ਮੇਰੇ ਸਰੀਰ ਨੂੰ ਸ਼ਾਂਤੀ ਮਿਲਦੀ ਹੈ।੪।੬।ਛਕਾ ੧।

ਪਦਾਰਥ = ਕਉ–ਨੂੰ; ਵਾਸਤੇ।ਬਹੁ–ਬਹੁਤ।ਤਪਤੈ–ਤਪਦਾ (ਦੁਖੀ ਹੋ ਰਿਹਾ) ਹੈ; ਤੜਫਦਾ ਹੈ।ਤ੍ਰਿਖਾਵੰਤੁ–ਤਿਹਾਇਆ ਮਨੁੱਖ। ਨੀਰ–ਪਾਣੀ।੧।ਮਨਿ–ਮਨ ਵਿਚ।ਹਮਰੀ ਬੇਦਨ–ਮੇਰੀ ਪੀੜਾ।ਮਨ ਅੰਤਰਿ ਕੀ–ਮਨ ਦੇ ਅੰਦਰ ਦੀ।ਪੀਰ–ਪੀੜ।੧।ਰਹਾਉ। ਬਾਤ–ਗੱਲ ਬਾਤ।ਸੋ–ਉਹ।ਭਾਈ–ਭਰਾ।ਬੀਰ–ਵੀਰ; ਮਿਤ੍ਰ (ਮ.ਕੋ.)।੨।ਸਖੀ–ਹੇ ਸਹੇਲੀਏ!।ਕਹੁ–ਉਚਾਰਨ ਕਰ।ਲੇ–ਲੈ ਕੇ ।ਮਤਿ–ਸਿੱਖਿਆ।ਧੀਰ–ਧਰਿਜ ਦੇਣ ਵਾਲੀ।੩।ਜਨ ਨਾਨਕ ਕੀ–ਦਾਸ ਨਾਨਕ ਦੀ।ਹਰਿ–ਹੇ ਹਰੀ!।ਪਜਾਵਹੁ–ਪੂਰੀ ਕਰ। ਦਰਸਨਿ–ਦਰਸ਼ਨ ਨਾਲ।ਸਰੀਰ–ਸਰੀਰ ਨੂੰ।੪।੬।ਛਕਾ–ਛੱਕਾ (ਛੇ ਸ਼ਬਦਾਂ ਦਾ ਸੰਗ੍ਰਹ)।੧।

ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਸਭੁ ਕਰਤਾ ਸਭੁ ਭੁਗਤਾ ॥੧॥ਰਹਾਉ॥ ਸੁਨਤੋ ਕਰਤਾ

ਪੇਖਤ ਕਰਤਾ ॥ ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ ॥ ਓਪਤਿ ਕਰਤਾ ਪਰਲਉ ਕਰਤਾ ॥ ਬਿਆਪਤ ਕਰਤਾ ਅਲਿਪਤੋ ਕਰਤਾ ॥੧॥ ਬਕਤੋ ਕਰਤਾ ਬੂਝਤ ਕਰਤਾ ॥ ਆਵਤੁ ਕਰਤਾ ਜਾਤੁ ਭੀ ਕਰਤਾ ॥ ਨਿਰਗੁਨ ਕਰਤਾ ਸਰਗੁਨ ਕਰਤਾ ॥ ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ ॥੨॥੧॥ (ਹੇ ਭਾਈ!) ਪ੍ਰਭੂ ਸਭ ਚੀਜਾਂ ਪੈਦਾ ਕਰਨ ਵਾਲਾ ਹੈ ਅਤੇ (ਸਾਰੇ ਜੀਵਾਂ ਵਿਚ ਵਸਦਾ ਹੋਣ ਕਰਕੇ) ਸਭ ਚੀਜਾਂ ਨੂੰ ਭੋਗਣ ਵਾਲਾ ਵੀ ਉਹ ਆਪ ਹੀ ਹੈ।੧।ਰਹਾਉ।(ਸਾਰੇ ਜੀਵਾਂ ਵਿਚ ਵਿਆਪਕ ਹੋ ਕੇ) ਸੁਣਨ ਵਾਲਾ ਕਰਤਾਰ ਹੀ ਹੈ ਅਤੇ ਦੇਖਣ ਵਾਲਾ ਵੀ ਕਰਤਾਰ ਹੀ ਹੈ।ਨਾ ਦਿਸਣ ਵਾਲਾ ਜਗਤ ਕਰਤਾਰ ਦਾ ਹੀ ਰੂਪ ਹੈ ਅਤੇ ਦਿਸਦਾ ਜਗਤ ਵੀ ਕਰਤਾਰ ਰੂਪ ਹੈ (ਸਾਰਾ ਬ੍ਰਹਮੰਡ ਉਸੇ ਦਾ ਪਸਾਰਾ ਹੈ।ਜਗਤ ਦੀ) ਉਤਪਤੀ ਕਰਨ ਵਾਲਾ ਕਰਤਾਰ ਹੀ ਹੈ ਅਤੇ ਨਾਸ਼ ਕਰਨ ਵਾਲਾ ਵੀ ਕਰਤਾਰ ਹੀ ਹੈ।(ਸਾਰੇ ਜੀਵਾਂ ਵਿਚ) ਵਿਆਪਕ ਵੀ ਕਰਤਾਰ ਹੈ ਅਤੇ (ਵਿਆਪਕ ਹੁੰਦਿਆਂ) ਕਰਤਾਰ ਨਿਰਲੇਪ ਵੀ ਹੈ।੧। (ਹਰੇਕ ਜੀਵ ਵਿਚ) ਕਰਤਾਰ ਹੀ ਬੋਲਣ ਵਾਲਾ ਹੈ, (ਸਭ ਜੀਵਾਂ ਵਿਚ ਵਸਦਾ ਹੋਇਆ) ਸਮਝਣ ਵਾਲਾ ਵੀ ਕਰਤਾਰ ਹੀ ਹੈ। ਕਰਤਾਰ ਹੀ ਆਉਂਦਾ ਹੈ ਅਤੇ (ਸੰਸਾਰ ਵਿਚੋਂ) ਜਾਂਦਾ ਵੀ ਕਰਤਾਰ ਹੀ ਹੈ (ਕਿਉਂਕਿ ਉਹ ਸਭ ਵਿਚ ਵਿਆਪਕ ਹੈ)।ਕਰਤਾਰ ਨਿਰਗੁਣ ਸਰੂਪ ਵੀ ਹੈ ਅਤੇ ਸਰਗੁਣ ਰੂਪ ਵੀ ਕਰਤਾਰ ਹੀ ਹੈ {ਨਿਰਗੁਨ ਆਪਿ ਸਰਗੁਨੁ ਭੀ ਓਹੀ ੨੮੭}।ਨਾਨਕ ਗੁਰੂ ਜੀ ਆਖਦੇ ਹਨ ਗੁਰੂ ਦੀ ਕਿਰਪਾ ਨਾਲ ਅਸੀਂ ਹਰੀ ਨੂੰ ਸਰਬ ਰੂਪ ਜਾਣਿਆ ਹੈ।੨।੧।

ਪਦਾਰਥ = ਚਉਪਦੇ–ਚਾਰ ਪਦਿਆਂ ਵਾਲੇ ਸ਼ਬਦ।ਕਰਤਾ–ਪੈਦਾ ਕਰਨ ਵਾਲਾ ਪ੍ਰਭੂ।ਭੁਗਤਾ–ਭੋਗਣ ਵਾਲਾ।੧।ਰਹਾਉ।ਸੁਨਤੋ–ਸੁਣਨ ਵਾਲਾ।ਪੇਖਤ–ਦੇਖਣ ਵਾਲਾ।ਅਦ੍ਰਿਸਟੋ–ਅਣਦਿਸਦਾ ਜਗਤ।ਦ੍ਰਿਸਟੋ–ਦਿਸਦਾ ਜਗਤ।ਓਪਤਿ–ਉਤਪਤੀ।ਪਰਲਉ–ਨਾਸ਼ ਕਰਨ ਵਾਲਾ।ਬਿਆਪਤ–ਵਿਆਪਕ।ਅਲਿਪਤੋ–ਨਿਰਲੇਪ।੧।ਬਕਤੋ–ਬੋਲਣ ਵਾਲਾ।ਬੂਝਤ–ਸਮਝਣ ਵਾਲਾ।ਆਵਤੁ–ਆਉਂਦਾ ਹੈ।ਜਾਤੁ–ਜਾਂਦਾ ਹੈ।ਨਿਰਗੁਨ–ਨਿਰੰਕਾਰ ਦੀ ਜਗਤ ਰਚਨਾ ਤੋਂ ਪਹਿਲਾਂ ਵਾਲੀ ਅਵਸਥਾ (ਜਦੋਂ ਕੁਛ ਵੀ ਨਹੀਂ ਸੀ, ਕੇਵਲ ਆਪ ਹੀ ਆਪ ਸੀ)।ਸਰਗੁਨ–ਜਗਤ ਰਚਨਾ ਤੋਂ ਪਿਛੋਂ ਪ੍ਰਭੂ ਦੇ ਜਾਹਰ ਹੋਣ ਵਾਲੀ ਅਵਸਥਾ।ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਸਮਦ੍ਰਿਸਟਾ–ਸਰਬ ਰੂਪ; ਪ੍ਰਭੂ ਨੂੰ ਸਭ ਜਗ੍ਹਾ ਇਕੋ ਜਿਹਾ ਵਸਦਾ ਦੇਖਿਆ ਹੈ; ਸਭ ਨੂੰ ਇਕ ਸਾਰ ਦੇਖਣ ਵਾਲਾ।੨।੧।

ਗੋਂਡ ਮਹਲਾ ੫ ॥ ਫਾਕਿਓ ਮੀਨ ਕਪਿਕ ਕੀ ਨਿਆਈ, ਤੂ ਉਰਝਿ ਰਹਿਓ ਕਸੁੰਭਾਇਲੇ ॥ ਪਗ ਧਾਰਹਿ ਸਾਸੁ ਲੇਖੈ ਲੈ, ਤਉ ਉਧਰਹਿ ਹਰਿ ਗੁਣ ਗਾਇਲੇ ॥੧॥ ਮਨ ਸਮਝੁ ਛੋਡਿ ਆਵਾਇਲੇ ॥ ਅਪਨੇ ਰਹਨ ਕਉ ਠਉਰੁ ਨ ਪਾਵਹਿ, ਕਾਏ ਪਰ ਕੈ ਜਾਇਲੇ ॥੧॥ਰਹਾਉ॥ ਜਿਉ ਮੈਗਲੁ ਇੰਦ੍ਰੀ ਰਸਿ ਪ੍ਰੇਰਿਓ, ਤੂ ਲਾਗਿ ਪਰਿਓ ਕੁਟੰਬਾਇਲੇ ॥ ਜਿਉ ਪੰਖੀ ਇਕਤ੍ਰ ਹੋਇ ਫਿਰਿ ਬਿਛੁਰੈ, ਥਿਰੁ ਸੰਗਤਿ ਹਰਿ ਹਰਿ ਧਿਆਇਲੇ ॥੨॥ ਜੈਸੇ ਮੀਨੁ ਰਸਨ ਸਾਦਿ ਬਿਨਸਿਓ, ਓਹੁ ਮੂਠੌ ਮੂੜ ਲੋਭਾਇਲੇ ॥ ਤੂ ਹੋਆ ਪੰਚ ਵਾਸਿ ਵੈਰੀ ਕੈ, ਛੂਟਹਿ ਪਰੁ ਸਰਨਾਇਲੇ ॥੩॥ ਹੋਹੁ ਕ੍ਰਿਪਾਲ ਦੀਨ ਦੁਖ ਭੰਜਨ, ਸਭਿ ਤੁਮ੍ਰੇ ਜੀਅ ਜੰਤਾਇਲੇ ॥ ਪਾਵਉ ਦਾਨੁ ਸਦਾ ਦਰਸੁ ਪੇਖਾ, ਮਿਲੁ ਨਾਨਕ ਦਾਸ ਦਸਾਇਲੇ ॥੪॥੨॥ (ਜਿਵੇਂ) ਮੱਛੀ ਜਾਲ ਵਿਚ ਤੇ ਬਾਂਦਰ ਛੋਲਿਆਂ ਦੇ ਲਾਲਚ ਵਿਚ ਫਸ ਜਾਂਦਾ ਹੈ, (ਹੇ ਮਨ!) ਤੂੰ ਉਨ੍ਹਾਂ ਦੀ ਨਿਆਈਂ ਕਸੁੰਭੇ ਦੇ ਰੰਗ ਵਾਂਗ ਨਾਸ਼ਵੰਤ ਪਦਾਰਥਾਂ ਵਿਚ ਉਲਝਿਆ ਰਿਹਾ ਹੈਂ।ਤੂੰ ਜਿੰਨੇ ਪੈਰ ਧਰਦਾ ਹੈਂ ਤੇ ਸੁਆਸ ਲੈਂਦਾ ਹੈਂ, (ਇਹ ਸਭ) ਲੇਖੇ ਵਿਚ ਹਨ, ਜੇ ਹਰੀ ਦੇ ਗੁਣ ਗਾਇਆ ਕਰੇਂ, ਤਾਂ (ਤੂੰ ਇਸ ਲੇਖੇ ਤੋਂ) ਬਚ ਸਕਦਾ ਹੈਂ।੧।ਹੇ ਮਨ! ਤੂੰ ਸਮਝ ਕਰ, ਅਵੈੜਾਪਣ ਛਡ ਦੇਹ।ਤੂੰ ਅਪਣੇ ਰਹਿਣ ਲਈ ਤਾਂ ਟਿਕਾਣਾ ਨਹੀਂ ਪ੍ਰਾਪਤ ਕਰ ਰਿਹਾ (ਤੂੰ ਟਿਕਦਾ ਨਹੀਂ, ਭਟਕਦਾ ਫਿਰਦਾ ਹੈਂ), ਦੂਜਿਆਂ ਦੇ ਪਾਸ (ਉਪਦੇਸ਼ ਕਰਨ ਲਈ) ਕਿਸ ਵਾਸਤੇ ਜਾਂਦਾ ਹੈਂ?।੧। ਰਹਾਉ।ਜਿਵੇਂ ਹਾਥੀ ਇੰਦ੍ਰੀ ਰਸ ਦਾ ਪ੍ਰੇਰਿਆ ਹੋਇਆ (ਟੋਏ ਵਿਚ ਡਿਗ ਕੇ) ਫਸ ਜਾਂਦਾ ਹੈ, (ਤਿਵੇਂ ਹੇ ਮਨ!) ਤੂੰ) ਪ੍ਰਵਾਰ ਦੇ ਮੋਹ ਵਿਚ ਲੱਗਾ (ਫਸਿਆ) ਪਿਆ ਹੈਂ।ਜਿਵੇਂ ਪੰਛੀ (ਰਾਤ ਨੂੰ ਦਰੱਖਤ ਉਤੇ) ਇਕੱਠੇ ਹੋ ਕੇ (ਦਿਨ ਚੜ੍ਹਦਿਆਂ) ਫਿਰ ਵਿਛੜ ਜਾਂਦੇ ਹਨ, (ਪ੍ਰਾਲਬਧ ਦੇ ਕਾਰਣ ਜੀਵ ਰੂਪ ਪੰਛੀ ਜੀਵਨ ਰੂਪ ਰਾਤ ਨੂੰ ਸੰਸਾਰ ਰੂਪ ਬ੍ਰਿਛ ਉਤੇ ਇਕੱਠੇ ਹੁੰਦੇ ਹਨ, ਕਾਲ ਰੂਪ ਦਿਨ ਚੜ੍ਹਦਿਆਂ ਫਿਰ ਵਿਛੜ ਜਾਂਦੇ ਹਨ, ਹੇ ਮਨ! ਜੇ ਤੂੰ) ਅਚੱਲ ਟਿਕਾਣਾ ਚਾਹੁੰਦਾ ਹੈਂ, ਤਾਂ ਸੰਗਤ ਵਿਚ ਹਰਿ ਹਰਿ ਨਾਮ ਧਿਆ ਲੈ।੨।ਜਿਸ ਤਰ੍ਹਾਂ ਮੱਛੀ ਜੀਭ ਦੇ ਸੁਆਦ ਕਰਕੇ ਨਾਸ਼ ਹੋ (ਮਰ) ਜਾਂਦੀ ਹੈ, ਉਹ ਮੂਰਖ (ਮੱਛੀ) ਲੋਭ ਕਰਕੇ ਠੱਗੀ ਜਾਂਦੀ ਹੈ।(ਇਸੇ ਤਰ੍ਹਾਂ ਹੇ ਮਨ!) ਤੂੰ ਪੰਜ ਕਾਮਾਦਿਕ ਵੈਰੀਆਂ ਦੇ ਵਸ ਵਿਚ ਪਿਆ ਹੋਇਆ ਹੈਂ, ਤੂੰ ਪ੍ਰਭੂ ਦੀ ਸ਼ਰਨ ਵਿਚ ਪਉ, (ਕਾਮਾਦਿਕਾਂ ਤੋਂ ਤਦ ਹੀ) ਛੁਟ ਸਕੇਂਗਾ; ਮੁਕਤ ਹੋ ਸਕੇਂਗਾ।੩।(ਅਖੀਰ ਵਿਚ ਗੁਰੂ ਜੀ ਅਰਦਾਸ ਕਰਦੇ ਹਨ) ਹੇ ਦੀਨਾਂ ਦੇ ਦੁੱਖ ਨਾਸ਼ ਕਰਨ ਵਾਲੇ ਪ੍ਰਭੂ! (ਸਾਡੇ ਉਤੇ) ਦਇਆਵਾਨ ਹੋਵੋ, ਸਾਰੇ ਜੀਵ ਜੰਤ ਤੇਰੇ ਹੀ ਪੈਦਾ ਕੀਤੇ ਹੋਏ ਹਨ।ਦਾਸਾਂ ਦੇ ਦਾਸ

ਨਾਨਕ ਨੂੰ ਮਿਲ ਅਤੇ (ਤੇਰੇ ਪਾਸੋਂ ਇਹ) ਦਾਨ ਪ੍ਰਾਪਤ ਕਰਾਂ ਕਿ ਸਦਾ ਤੇਰਾ ਦਰਸ਼ਨ ਦੇਖਦਾ ਰਹਾਂ।੪।੨।

ਪਦਾਰਥ = ਫਾਕਿਓ-ਫਸਿਆ ਹੋਇਆ।ਮੀਨ-ਮੱਛੀ।ਕਪਿਕ-ਬਾਂਦਰ।ਕੀ ਨਿਆਈ-ਦੇ ਵਾਂਗ।ਉਰਝਿ ਰਹਿਓ-ਫਸਿਆ ਰਿਹਾ ਹੈਂ।ਪਗ ਧਾਰਹਿ-ਪੈਰ ਧਰਦਾ ਹੈਂ।ਸਾਸੁ ਲੈ-ਸਾਹ ਲੈਂਦਾ ਹੈਂ।ਲੇਖੈ-ਧਰਮਰਾਜ ਦੇ ਹਿਸਾਬ ਵਿਚ।ਤਉ-ਤਦ; ਤਾਂ।ਉਧਰਹਿ-ਬਚ (ਮੁਕਤ ਹੋ) ਸਕਦਾ ਹੈਂ।ਗਾਇਲੇ-ਗਾ ਲਵੇਂ।੧।ਮਨ-ਹੇ ਮਨ!।ਸਮਝੁ-ਹੋਸ਼; ਗਿਆਨ।ਆਵਾਇਲੇ-ਅਵੈੜਾਪਣ।ਕਉ-ਨੂੰ; ਲਈ।ਠਉਰੁ-ਟਿਕਾਣਾ।ਕਾਏ-ਕਿਸ ਵਾਸਤੇ; ਕਿਉਂ।ਪਰ ਕੈ-ਪਰਾਏ ਘਰ ਦੇ ਪਾਸ।ਜਾਇਲੇ-ਜਾਂਦਾ ਹੈਂ।੧।ਰਹਾਉ।ਮੈਗਲੁ-ਹਾਥੀ।ਇੰਦ੍ਰੀ ਰਸਿ-ਇੰਦ੍ਰੀ ਦੇ ਰਸ ਦਾ।ਲਾਗਿ ਪਰਿਓ-ਲੱਗਾ ਪਿਆ ਹੈਂ।ਕੁਟੰਬਾਇਲੇ-ਪ੍ਰਵਾਰ (ਦੇ ਮੋਹ) ਵਿਚ।ਇਕਤ੍ਰ ਹੋਇ-ਇਕੱਠੇ ਹੋ ਕੇ।ਫਿਰਿ ਬਿਛੁਰੈ-ਮੁੜ ਕੇ ਵਿਛੜ ਜਾਂਦੇ ਹਨ।ਥਿਰੁ-ਅਚੱਲ (ਸਦਾ ਕਾਇਮ ਰਹਿਣ ਵਾਲਾ)।ਧਿਆਇਲੇ-ਧਿਆ ਲੈ।੨।ਰਸਨ ਸਾਦਿ-ਜੀਭ ਦੇ ਸੁਆਦ ਕਰਕੇ।ਬਿਨਸਿਓ-ਨਾਸ਼ ਹੋ (ਮਰ) ਜਾਂਦੀ ਹੈ।ਓਹੁ ਮੂੜੁ-ਉਹ ਮੂਰਖ (ਮੱਛੀ)।ਮੂਠੌ-ਲੁੱਟੀ ਜਾਂਦੀ ਹੈ।ਲੋਭਾਇਲੇ-ਲੋਭ ਕਰਕੇ।ਵਸਿ-ਵਸ ਵਿਚ।ਪੰਚ ਵੈਰੀ-ਪੰਜ ਕਾਮਾਦਿਕ ਵੈਰੀ।ਛੂਟਹਿ-ਛੁਟ ਸਕੇਂਗਾ।ਪਰੁ ਸਰਨਾਇਲੇ-(ਪ੍ਰਭੂ ਦੀ) ਸ਼ਰਨ ਵਿਚ ਪੈ ਜਾ।੩।ਦੀਨ ਦੁਖ ਭੰਜਨ-ਹੇ ਗਰੀਬਾਂ ਦੇ ਦੁੱਖ ਨਾਸ਼ ਕਰਨ ਕਰਨ ਵਾਲੇ!।ਹੋਹੁ ਕ੍ਰਿਪਾਲ-ਕ੍ਰਿਪਾਲੂ ਹੋਵੋ।ਜੀਅ ਜੰਤਾਇਲੇ-ਛੋਟੇ ਵੱਡੇ ਜੀਵ।ਪਾਵਉ-ਪ੍ਰਾਪਤ ਕਰਾਂ।ਪੇਖਾ-ਦੇਖਦਾ ਰਹਾਂ।ਦਾਸ ਦਸਾਇਲੇ-ਦਾਸਾਂ ਦਾ ਦਾਸ।੪।੨।

ਕਸੁੰਭਾਇਲੇ = ਕਸੁੰਭੇ ਦੇ ਫੁੱਲ ਦੇ ਕੱਚੇ ਰੰਗ (ਨਾਸ਼ਵੰਤ ਪਦਾਰਥਾਂ) ਵਿਚ।ਕਸੁੰਭਾ ਇਕ ਬੂਟਾ ਹੈ, ਜਿਸ ਦੇ ਫੁੱਲ ਬਹੁਤ ਲਾਲ ਤੇ ਸੁੰਦਰ ਦਿਸਦੇ ਹਨ, ਪਰ ਧੁੱਪ ਲਗਦਿਆਂ ਛੇਤੀ ਫਿੱਕੇ ਪੈ ਜਾਂਦੇ ਹਨ।ਗੁਰਬਾਣੀ ਵਿਚ ਮਾਇਕ ਪਦਾਰਥਾਂ ਨੂੰ ਕਸੁੰਭੇ ਰੰਗ ਨਾਲ ਵਰਨਣ ਕੀਤਾ ਹੈ, ਇਸ ਦੇ ਮੁਕਾਬਲੇ ਨਾਮ ਰੰਗ ਨੂੰ ਮਜੀਠ ਦੇ ਗੂੜ੍ਹੇ ਰੰਗ ਨਾਲ ਉਪਮਾ ਦਿਤੀ ਹੈ (ਸ਼ਬਦਾਰਥ)।

ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਜੀਅ ਪ੍ਰਾਨ ਕੀਏ ਜਿਨਿ ਸਾਜਿ ॥ ਮਾਟੀ ਮਹਿ ਜੋਤਿ ਰਖੀ ਨਿਵਾਜਿ ॥ ਬਰਤਨ ਕਉ ਸਭੁ ਕਿਛੁ ਭੋਜਨ ਭੋਗਾਇ ॥ ਸੋ ਪ੍ਰਭੁ ਤਜਿ, ਮੂੜੇ ਕਤ ਜਾਇ ॥੧॥ ਪਰਬ੍ਰਹਮ ਕੀ ਲਾਗਉ ਸੇਵ ॥ ਗੁਰ ਤੇ ਸੁਝੈ, ਨਿਰੰਜਨ ਦੇਵ ॥੧॥ਰਹਾਉ॥ ਜਿਨਿ ਕੀਏ ਰੰਗ ਅਨਿਕ ਪ੍ਰਕਾਰ ॥ ਓਪਤਿ ਪਰਲਉ ਨਿਮਖ ਮਝਾਰ ॥ (ਹੇ ਭਾਈ!) ਜਿਸ ਪ੍ਰਭੂ ਨੇ ਪੈਦਾ ਕਰਕੇ (ਤੈਨੂੰ) ਜਿੰਦ ਤੇ ਪ੍ਰਾਣ ਦਿਤੇ ਹਨ।ਅਤੇ ਕ੍ਰਿਪਾ ਕਰਕੇ ਸਰੀਰ ਰੂਪ ਮਿੱਟੀ ਵਿਚ (ਅਪਣੀ) ਜੋਤ ਰਖ ਦਿਤੀ ਹੈ।ਵਰਤਣ ਵਾਸਤੇ (ਤੈਨੂੰ) ਸਭ ਕੁਛ ਦਿਤਾ ਹੈ ਅਤੇ (ਅਨੇਕਾਂ ਤਰ੍ਹਾਂ ਦੇ ਤੈਨੂੰ ਉਹ) ਭੋਜਨ ਖੁਆਉਂਦਾ ਹੈ।ਹੇ ਮੂਰਖ! ਉਸ ਪ੍ਰਭੂ ਨੂੰ ਛਡ ਕੇ ਤੂੰ ਕਿੱਥੇ ਜਾਂਦਾ ਹੈਂ? (ਪ੍ਰਭੂ ਨੂੰ ਛਡ ਕੇ ਹੋਰ ਪਾਸੇ ਨਾ ਭਟਕਦਾ ਫਿਰ)।੧।(ਹੇ ਮੂਰਖ! ਮਨੁੱਖ!) ਤੂੰ ਪ੍ਰਭੂ ਦੀ ਸੇਵਾ ਭਗਤੀ ਵਿਚ ਲਗ ਜਾਹ।ਪ੍ਰਕਾਸ਼ ਸਰੂਪ ਨਿਰਲੇਪ ਪ੍ਰਭੂ ਦਾ ਗਿਆਨ ਗੁਰੂ ਤੋਂ ਮਿਲਦਾ ਹੈ।੧।ਰਹਾਉ।ਜਿਸ ਪ੍ਰਭੂ ਨੇ ਅਨੇਕਾਂ ਪ੍ਰਕਾਰ ਦੇ ਰੰਗ ਪੈਦਾ ਕੀਤੇ ਹਨ।(ਉਹ ਸਮਰੱਥ ਪ੍ਰਭੂ) ਇਕ ਨਿਮਖ ਵਿਚ ਉਤਪਤੀ ਤੇ ਪਰਲੋ ਕਰ ਦੇਂਦਾ ਹੈ।

ਅੰਗ ੮੬੩ = ਜਾ ਕੀ ਗਤਿ ਮਿਤਿ ਕਹੀ ਨ ਜਾਇ ॥ ਸੋ ਪ੍ਰਭੁ ਮਨ ਮੇਰੇ ਸਦਾ ਧਿਆਇ ॥੨॥ ਆਇ ਨ ਜਾਵੈ ਨਿਹਚਲੁ ਧਨੀ ॥ ਬੇਅੰਤ ਗੁਨਾ ਤਾ ਕੇ ਕੇਤਕ ਗਨੀ ॥ ਲਾਲ ਨਾਮ ਜਾ ਕੈ ਭਰੇ ਭੰਡਾਰ ॥ ਸਗਲ ਘਟਾ ਦੇਵੈ ਆਧਾਰ ॥੩॥ ਸਤਿ ਪੁਰਖੁ ਜਾ ਕੋ ਹੈ ਨਾਉ ॥ ਮਿਟਹਿ ਕੋਟਿ ਅਘ, ਨਿਮਖ ਜਸੁ ਗਾਉ ॥ ਬਾਲ ਸਖਾਈ, ਭਗਤਨ ਕੋ ਮੀਤ ॥ ਪ੍ਰਾਨ ਅਧਾਰ, ਨਾਨਕ ਹਿਤ ਚੀਤ ॥੪॥੧॥੩॥ ਜਿਸ ਪ੍ਰਭੂ ਦੀ ਪ੍ਰਾਪਤੀ ਦੀ ਮਰਿਆਦਾ ਕਹੀਂ ਨਹੀਂ ਜਾਂਦੀ।ਹੇ ਮੇਰੇ ਮਨ! ਤੂੰ ਉਸ ਪ੍ਰਭੂ ਨੂੰ ਸਦਾ ਧਿਆਇਆ ਕਰ।੨।(ਹੇ ਮੇਰੇ ਮਨ! ਉਹ ਸਦਾ) ਅਚੱਲ ਮਾਲਕ ਪ੍ਰਭੂ ਨਾ ਜੰਮਦਾ ਹੈ ਤੇ ਨਾ ਮਰਦਾ ਹੈ।ਉਹ ਬੇਅੰਤ ਗੁਣਾਂ ਦਾ ਮਾਲਕ ਹੈ, ਮੈਂ ਉਸ ਦੇ ਗੁਣ ਕਿੰਨੇ ਕੁ ਗਿਣਾਂ? ਨਾਮ ਰੂਪ ਲਾਲਾਂ ਦੇ ਜਿਸ ਪ੍ਰਭੂ ਦੇ ਭੰਡਾਰ ਭਰੇ ਪਏ ਹਨ।ਅਤੇ ਉਹ ਸਾਰੇ ਜੀਵਾਂ ਨੂੰ ਆਸਰਾ ਦੇਂਦਾ ਹੈ।੩।ਸਤਿ ਪੁਰਖ ਜਿਸ ਪ੍ਰਭੂ ਦਾ ਨਾਮ ਹੈ; ਸਰਬ ਵਿਆਪਕ ਪ੍ਰਭੂ ਦਾ ਨਾਮ ਸਦਾ ਕਾਇਮ ਰਹਿਣ ਵਾਲਾ ਹੈ।ਇਕ ਨਿਮਖ ਮਾਤ੍ਰ (ਜੇ ਮੈਂ ਉਸ ਪ੍ਰਭੂ ਦਾ) ਜਸ ਗਾਵਾਂ, ਤਾਂ ਕ੍ਰੋੜਾਂ ਪਾਪ ਮਿਟ ਜਾਂਦੇ ਹਨ।ਭਗਤਾਂ ਦਾ ਉਹ ਬਚਪਨ ਦਾ ਮਿਤ੍ਰ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਪ੍ਰਭੂ) ਪ੍ਰਾਣਾਂ ਦਾ ਆਸਰਾ ਹੈ ਅਤੇ (ਹਰੇਕ ਜੀਵ ਦੇ) ਚਿਤ ਦਾ ਪਿਆਰਾ ਹੈ।੪।੧।੩।

ਪਦਾਰਥ = ਚਉਪਦੇ-ਚਾਰ ਪਦਿਆਂ ਵਾਲੇ ਸ਼ਬਦ।ਜੀਅ ਪ੍ਰਾਨ-ਜਿੰਦ ਤੇ ਪ੍ਰਾਣ।ਕੀਏ ਸਾਜਿ-ਪੈਦਾ ਕੀਤੇ ਹਨ।ਮਾਟੀ ਮਹਿ-ਸਰੀਰ ਰੂਪ ਮਿੱਟੀ ਵਿਚ।ਨਿਵਾਜਿ-ਕ੍ਰਿਪਾ ਕਰਕੇ।ਬਰਤਨ ਕਉ-ਵਰਤਣ ਵਾਸਤੇ।ਭੋਗਾਇ-ਖੁਆਉਂਦਾ ਹੈ।ਸੋ ਪ੍ਰਭੁ-ਉਸ ਪ੍ਰਭੂ ਨੂੰ।ਤਜਿ-ਛਡ ਕੇ।ਮੂੜੇ-ਹੇ ਮੂਰਖ!।ਕਤ-ਕਿੱਥੇ।ਜਾਇ-ਜਾਂਦਾ ਹੈਂ।੧।ਲਾਗਉ ਸੇਵ-ਸੇਵਾ ਭਗਤੀ ਵਿਚ ਲਗ ਜਾਹ।ਤੇ-ਤੋਂ। ਸੁਝੈ-ਪਤਾ ਲਗਦਾ ਹੈ; ਜਾਣਿਆ ਜਾਂਦਾ ਹੈ।ਨਿਰੰਜਨ ਦੇਵ-ਪ੍ਰਕਾਸ਼ ਰੂਪ ਨਿਰਲੇਪ ਪ੍ਰਭੂ।੧।ਰਹਾਉ।ਕੀਏ-ਪੈਦਾ ਕੀਤੇ; ਬਣਾਏ

।ਰੰਗ-ਰੰਗ ਰੂਪ।ਓਪਤਿ-ਉਤਪਤੀ।ਪਰਲਉ-ਵਿਨਾਸ਼।ਨਿਮਖ ਮਝਾਰ-ਅੱਖ ਝਮਕਣ ਜਿੰਨੇ ਸਮੇਂ ਵਿਚ।ਜਾ ਕੀ-ਜਿਸ ਦੀ। ਗਤਿ ਮਿਤਿ-ਪ੍ਰਾਪਤੀ ਦੀ ਮਰਿਆਦਾ; ਲੀਲਾ ਦਾ ਅੰਤ; ਗਿਆਨ ਦੀ ਹੱਦ।ਮਨ-ਹੇ ਮਨ!।ਧਿਆਇ-ਧਿਆਇਆ ਕਰ।੨। ਆਇ ਨ-ਜੰਮਦਾ ਨਹੀਂ।ਨ ਜਾਵੈ-ਮਰਦਾ ਨਹੀਂ।ਨਿਹਚਲੁ-ਸਦਾ ਅਚੱਲ।ਧਨੀ-ਮਾਲਕ ਪ੍ਰਭੂ।ਗੁਨਾ-ਗੁਣ।ਤਾ ਕੇ-ਉਸ ਦੇ। ਕੇਤਕ-ਕਿੰਨੇ ਕੁ।ਗਨੀ-ਮੈਂ ਗਿਣਾਂ।ਜਾ ਕੇ-ਜਿਸ ਦੇ।ਭੰਡਾਰ-ਖਜਾਨੇ।ਸਗਲ ਘਟਾ-ਸਾਰੇ ਜੀਵਾਂ ਦਾ।ਦੇਵੈ ਆਧਾਰ-ਆਸਰਾ ਦੇਂਦਾ ਹੈ।੩।ਸਤਿ ਪੁਰਖੁ-ਸਦਾ ਕਾਇਮ ਰਹਿਣ ਵਾਲਾ ਸਰਬ ਵਿਆਪਕ ਵਾਹਿਗੁਰੂ।ਜਾ ਕੋ-ਜਿਸ ਦਾ।ਮਿਟਹਿ-ਮਿਟ ਜਾਂਦੇ ਹਨ ।ਕੋਟਿ ਅਘ-ਕ੍ਰੋੜਾਂ ਪਾਪ।ਜਸੁ ਗਾਉ-ਜੇ ਮੈਂ ਜਸ ਗਾਵਾਂ।ਬਾਲ ਸਖਾਈ-ਬਚਪਨ ਤੋਂ ਲੈ ਕੇ ਮਿਤ੍ਰਤਾ ਕਰਨ ਵਾਲਾ; ਮੁੱਢ ਤੋਂ ਮਿਤ੍ਰ।ਭਗਤਨ ਕੋ-ਭਗਤਾਂ ਦਾ।ਮੀਤ-ਮਿਤ੍ਰ।ਹਿਤ ਚੀਤ-ਚਿਤ ਦਾ ਹਿਤੂ (ਪਿਆਰਾ)।੪।੧।੩।

ਗੋਂਡ ਮਹਲਾ ੫ ॥ ਨਾਮ ਸੰਗਿ ਕੀਨੋ ਬਿਉਹਾਰੁ ॥ ਨਾਮੋੁ ਹੀ ਇਸੁ ਮਨ ਕਾ ਅਧਾਰੁ ॥ ਨਾਮੋ ਹੀ ਚਿਤਿ ਕੀਨੀ ਓਟ ॥ ਨਾਮੁ ਜਪਤ ਮਿਟਹਿ ਪਾਪ ਕੋਟਿ ॥੧॥ ਰਾਸਿ ਦੀਈ ਹਰਿ ਏਕੋ ਨਾਮੁ ॥ ਮਨ ਕਾ ਇਸਟੁ ਗੁਰ ਸੰਗਿ ਧਿਆਨੁ ॥੧॥ਰਹਾਉ॥ ਨਾਮੁ ਹਮਾਰੇ ਜੀਅ ਕੀ ਰਾਸਿ ॥ ਨਾਮੋ ਸੰਗੀ ਜਤ ਕਤ ਜਾਤ ॥ ਨਾਮੋ ਹੀ ਮਨਿ ਲਾਗਾ ਮੀਠਾ ॥ ਜਲਿ ਥਲਿ ਸਭ ਮਹਿ ਨਾਮੋ ਡੀਠਾ ॥ ੨॥ ਨਾਮੇ ਦਰਗਹ ਮੁਖ ਉਜਲੇ ॥ ਨਾਮੇ ਸਗਲੇ ਕੁਲ ਉਧਰੇ ॥ ਨਾਮਿ ਹਮਾਰੇ ਕਾਰਜ ਸੀਧ ॥ ਨਾਮ ਸੰਗਿ ਇਹੁ ਮਨੂਆ ਗੀਧ ॥ ੩॥ ਨਾਮੇ ਹੀ ਹਮ ਨਿਰਭਉ ਭਏ ॥ ਨਾਮੇ ਆਵਨ ਜਾਵਨ ਰਹੇ ॥ ਗੁਰਿ ਪੂਰੈ ਮੇਲੇ ਗੁਣ ਤਾਸ ॥ ਕਹੁ ਨਾਨਕ ਸੁਖਿ ਸਹਜਿ ਨਿਵਾਸੁ ॥੪॥੨॥੪॥ (ਹੇ ਭਾਈ! ਅਸੀਂ) ਪ੍ਰਭੂ ਦੇ ਨਾਮ ਨਾਲ ਹੀ (ਆਪ ਜਪਣ ਤੇ ਹੋਰਨਾਂ ਨੂੰ ਨਾਮ ਜਪਾਉਣ ਦਾ) ਵਿਹਾਰ ਕੀਤਾ ਹੈ।ਨਾਮ ਹੀ ਇਸ ਮਨ ਦਾ ਆਸਰਾ ਹੈ।ਨਾਮ ਦੀ ਹੀ (ਅਸੀਂ ਅਪਣੇ) ਚਿਤ ਵਿਚ ਓਟ ਲੈਣਾ ਕੀਤੀ ਹੈ।ਨਾਮ ਜਪਦਿਆਂ ਕ੍ਰੋੜਾਂ ਪਾਪ ਮਿਟ ਜਾਂਦੇ ਹਨ।੧।(ਹੇ ਭਾਈ! ਗੁਰੂ ਨੇ ਸਾਨੂੰ) ਹਰੀ ਦਾ ਇਕ ਨਾਮ ਰੂਪ ਪੂੰਜੀ ਦਿਤੀ ਹੈ।ਮਨ ਦਾ ਇਸ਼ਟ ਇਹ ਹੋ ਗਿਆ ਹੈ ਕਿ ਗੁਰੂ ਦੀ ਸੰਗਤ ਰਾਹੀਂ ਹਰੀ ਦੇ ਨਾਮ ਦਾ ਧਿਆਨ ਕਰੀਦਾ ਹੈ।੧।ਰਹਾਉ।(ਹੇ ਭਾਈ!) ਨਾਮ ਹੀ ਮੇਰੇ ਜੀਵਨ ਦੀ ਪੂੰਜੀ ਹੈ।ਜਿਥੇ ਕਿਥੇ ਮੈਂ ਜਾਂਦਾ ਹਾਂ, ਨਾਮ ਹੀ ਮੇਰਾ ਸੰਗੀ ਹੁੰਦਾ ਹੈ।ਨਾਮ ਹੀ ਮੇਰੇ ਮਨ ਵਿਚ ਮਿੱਠਾ ਲੱਗਾ ਹੈ।ਪਾਣੀਆਂ ਤੇ ਸੁੱਕੀ ਧਰਤੀ ਵਿਚ ਅਤੇ ਸਾਰੇ ਜੀਵਾਂ ਵਿਚ ਮੈਂ ਨਾਮ ਹੀ ਦੇਖਿਆ ਹੈ।੨।(ਹੇ ਭਾਈ!) ਨਾਮ ਜਪਣ ਨਾਲ ਹੀ ਦਰਗਹ ਵਿਚ ਮੂੰਹ ਉਜਲ ਹੁੰਦੇ ਹਨ।ਨਾਮ ਜਪਣ ਨਾਲ ਸਾਰੀ ਕੁਲ ਦੇ ਜੀਵ (ਭਵਜਲ ਤੋਂ) ਤਰ ਜਾਂਦੇ ਹਨ।ਨਾਮ ਵਿਚ ਜੁੜਿਆਂ ਮੇਰੇ ਸਾਰੇ ਕਾਰਜ ਸਿੱਧ (ਪੂਰੇ) ਹੋਏ ਹਨ।(ਇਸੇ ਕਰਕੇ) ਨਾਮ ਨਾਲ ਮੇਰਾ ਇਹ ਮਨ ਗਿੱਝ ਗਿਆ ਹੈ।੩।ਨਾਮ ਜਪਣ ਕਰਕੇ ਹੀ ਅਸੀਂ (ਮੌਤ ਤੋਂ) ਨਿਰਭੈ ਹੋ ਗਏ ਹਾਂ।ਨਾਮ ਜਪਣ ਕਰਕੇ ਹੀ ਜਨਮ ਮਰਨ ਮੁਕ ਗਏ ਹਨ।ਪੂਰੇ ਗੁਰੂ ਨੇ ਗੁਣਾਂ ਦਾ ਖਜਾਨਾ ਪ੍ਰਭੂ ਮਿਲਾ ਦਿਤਾ ਹੈ ।ਨਾਨਕ ਗੁਰੂ ਜੀ ਆਖਦੇ ਹਨ ਕਿ (ਹੁਣ ਮੇਰਾ) ਸਹਿਜ ਸੁਖ ਵਿਚ ਨਿਵਾਸ ਹੋ ਗਿਆ ਹੈ।੪।੨।੪।

ਪਦਾਰਥ = ਨਾਮ ਸੰਗਿ-ਪ੍ਰਭੂ ਦੇ ਨਾਮ ਨਾਲ।ਕੀਨੋ-ਕੀਤਾ ਹੈ।ਬਿਉਹਾਰ-ਵਿਹਾਰ; ਲੈਣ ਦੇਣ; ਮੇਲ ਜੋਲ; ਵਪਾਰ।ਅਧਾਰੁ-ਆਸਰਾ।ਚਿਤਿ-ਚਿਤ ਵਿਚ।ਕੀਨੀ-ਕੀਤੀ (ਬਣਾਈ) ਹੈ।ਓਟ-ਆਸਰਾ।ਮਿਟਹਿ-ਮਿਟ ਜਾਂਦੇ ਹਨ।ਕੋਟਿ-ਕ੍ਰੋੜਾਂ।੧।ਰਾਸਿ-ਪੂਜੀ।ਦੀਈ-(ਗੁਰੂ ਨੇ) ਦਿਤੀ ਹੈ।ਇਸਟੁ-ਪੂਜਣ ਯੋਗ ਦੇਵਤਾ; ਧਰਮ; ਪਿਆਰਾ।੧।ਰਹਾਉ।ਜੀਅ ਕੀ-ਜੀਵਨ ਦੀ; ਜਿੰਦ ਦੀ ।ਸੰਗੀ-ਸਾਥੀ।ਜਤ ਕਤ-ਜਿੱਥੇ ਕਿੱਥੇ।ਜਾਤ-ਜਾਂਦਾ ਹਾਂ।ਮਨਿ-ਮਨ ਵਿਚ।ਜਲਿ-ਪਾਣੀਆਂ ਵਿਚ।ਥਲਿ-ਸੁੱਕੀ ਧਰਤੀ ਵਿਚ। ਸਭ ਮਹਿ-ਸਾਰੇ ਜੀਵਾਂ ਵਿਚ।ਡੀਠਾ-ਦੇਖਿਆ ਹੈ।੨।ਨਾਮੇ-ਨਾਮ ਜਪਣ ਨਾਲ ਹੀ।ਮੁਖ-ਮੂੰਹ।ਸਗਲੇ ਕੁਲ-ਸਾਰੀਆਂ ਕੁਲਾਂ ਦੇ ਜੀਵਾਂ ਦਾ।ਉਧਰੇ-ਤਰ ਜਾਂਦੇ ਹਨ।ਸੀਧ-ਸਿੱਧ (ਪੂਰੇ) ਹੋਏ ਹਨ।ਮਨੂਆ-ਮਨ।ਗੀਧ-ਗਿੱਝ ਗਿਆ ਹੈ।੩।ਹਮ-ਅਸੀਂ।ਭਏ-ਹੋ ਗਏ ਹਾਂ।ਨਿਰਭਉ-ਭੈ ਰਹਿਤ।ਆਵਨ ਜਾਵਨ-ਜਨਮ ਮਰਨ।ਰਹੇ-ਮੁੱਕ ਗਏ।ਗੁਰਿ ਪੂਰੈ-ਪੂਰੇ ਗੁਰੂ ਨੇ।ਗੁਣ ਤਾਸ-ਗੁਣਾਂ ਦਾ ਖਜਾਨਾ ਪ੍ਰਭੂ।ਸੁਖਿ ਸਹਜਿ-ਕੁਦਰਤੀ ਸੁਖ ਵਿਚ; ਸੁਖ ਵਿਚ ਤੇ ਸਹਿਜ ਅਵਸਥਾ ਵਿਚ।੪।੨।੪।

ਗੋਂਡ ਮਹਲਾ ੫ ॥ ਨਿਮਾਨੇ ਕਉ ਜੋ ਦੇਤੋ ਮਾਨੁ ॥ ਸਗਲ ਭੂਖੇ ਕਉ ਕਰਤਾ ਦਾਨੁ ॥ ਗਰਭ ਘੋਰ ਮਹਿ ਰਾਖਨਹਾਰੁ ॥ ਤਿਸੁ ਠਾਕੁਰ ਕਉ ਸਦਾ ਨਮਸਕਾਰੁ ॥੧॥ ਐਸੋ ਪ੍ਰਭੁ ਮਨ ਮਾਹਿ ਧਿਆਇ ॥ ਘਟਿ ਅਵਘਟਿ ਜਤ ਕਤਹਿ ਸਹਾਇ ॥੧॥ਰਹਾਉ॥ ਰੰਕੁ ਰਾਉ ਜਾ ਕੈ ਏਕ ਸਮਾਨਿ ॥ ਕੀਟ ਹਸਤਿ ਸਗਲ ਪੂਰਾਨ ॥ ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ ॥੨ ॥ ਜਾ ਕਾ ਅੰਤੁ ਨ ਜਾਨਸਿ ਕੋਇ ॥ ਆਪੇ ਆਪਿ ਨਿਰੰਜਨੁ ਸੋਇ ॥ ਆਪਿ ਅਕਾਰੁ ਆਪਿ ਨਿਰੰਕਾਰੁ ॥ ਘਟ ਘਟ ਘਟਿ ਸਭ ਘਟ ਆਧਾਰੁ ॥੩॥ ਨਾਮ ਰੰਗਿ ਭਗਤ ਭਏ ਲਾਲ ॥ ਜਸੁ ਕਰਤੇ ਸੰਤ ਸਦਾ ਨਿਹਾਲ ॥ ਨਾਮ ਰੰਗਿ ਜਨ ਰਹੇ ਅਘਾਇ ॥ ਨਾਨਕ

ਤਿਨ ਜਨ ਲਾਗੈ ਪਾਇ ॥੪॥੩॥੫॥ (ਹੇ ਭਾਈ!) ਉਸ ਮਾਲਕ ਪ੍ਰਭੂ ਨੂੰ ਸਦਾ ਨਮਸ਼ਕਾਰ ਹੈ। ਜੋ ਨਿਮਾਣੇ ਮਨੁੱਖ ਨੂੰ ਮਾਣ ਦੇਂਦਾ ਹੈ। ਸਾਰੇ ਭੁੱਖੇ (ਨੰਗੇ ਲੋਕਾਂ ਨੂੰ ਅੰਨ ਤੇ ਬਸਤ੍ਰ ਆਦਿ) ਦਾਨ ਕਰਦਾ ਹੈ। ਮਾਂ ਦੇ ਭਿਆਨਕ ਗਰਭ ਵਿਚ ਰੱਖਿਆ ਕਰਨ ਵਾਲਾ ਹੈ।੧। (ਹੇ ਭਾਈ! ਅਪਣੇ) ਮਨ ਵਿਚ ਐਸੇ ਪ੍ਰਭੂ ਨੂੰ ਧਿਆਇਆ ਕਰ। (ਜਿਹੜਾ) ਸੌਖੇ ਰਸਤਿਆਂ ਤੇ ਔਖੇ ਰਸਤਿਆਂ ਵਿਚ; ਸਰੀਰ ਵਿਚ ਤੇ ਸਰੀਰ ਤੋਂ ਬਿਹਾਰ ਜਿੱਥੇ ਕਿਥੇ (ਸਭ ਜਗ੍ਹਾ) ਸਹਾਇਤਾ ਕਰਨ ਵਾਲਾ ਹੈ।੧। ਰਹਾਉ। (ਹੇ ਭਾਈ) ਕੰਗਾਲ ਅਤੇ ਰਾਜਾ ਜਿਸ ਪ੍ਰਭੂ ਦੀ ਨਿਗਾਹ ਇਕ ਬਰਾਬਰ ਹਨ। ਕੀੜੀ ਤੇ ਹਾਥੀ ਸਾਰੇ ਜੀਵਾਂ ਵਿਚ ਵਿਆਪਕ ਹੈ। (ਪ੍ਰਭੂ ਕਿਸੇ) ਦੂਜੇ ਨੂੰ ਪੁੱਛ ਕੇ (ਕੋਈ ਕੰਮ ਕਰਨ ਦੀ) ਸਲਾਹ ਨਹੀਂ ਕਰਦਾ। ਜੋ ਕੁਛ ਕਰਦਾ ਹੈ, ਉਹ ਪ੍ਰਭੂ ਆਪ ਹੀ ਕਰਦਾ ਹੈ।੨। ਜਿਸ ਪ੍ਰਭੂ ਦਾ ਕੋਈ ਅੰਤ ਨਹੀਂ ਜਾਣਦਾ। ਉਹ ਮਾਇਆ ਤੋਂ ਨਿਰਲੇਪ ਪ੍ਰਭੂ ਆਪੇ ਹੀ ਆਪ ਹੈ (ਸੁਤੰਤਰ ਹੈ)। ਉਹ ਆਪ ਹੀ ਅਕਾਰ ਰੂਪ ਹੈ ਅਤੇ ਆਪ ਹੀ ਨਿਰਾਕਾਰ ਰੂਪ ਹੈ। (ਉਹ) ਸਾਰੇ ਜੀਵਾਂ ਦੇ ਦਿਲਾਂ ਵਿਚ ਵਸਦਾ ਹੈ ਅਤੇ ਸਾਰੇ ਜੀਵਾਂ ਦਾ ਆਸਰਾ ਹੈ।੩। (ਹੇ ਭਾਈ! ਪ੍ਰਭੂ ਦੇ) ਨਾਮ ਦੇ ਰੰਗ ਵਿਚ ਭਗਤ ਲਾਲ (ਬਹੁਤ ਅਨੰਦ ਸਹਿਤ) ਹੋ ਗਏ ਹਨ। ਪ੍ਰਭੂ ਦਾ ਜਸ ਕਰਦੇ ਹੋਏ ਸੰਤ ਸਦਾ ਪ੍ਰਸੰਨ ਰਹਿੰਦੇ ਹਨ। ਨਾਮ ਦੇ ਰੰਗ ਵਿਚ ਸੰਤ ਜਨ ਰੱਜੇ ਰਹਿੰਦੇ ਹਨ। ਨਾਨਕ ਉਨ੍ਹਾਂ ਸੰਤ ਜਨਾਂ ਦੇ ਪੈਰੀਂ ਲਗਦਾ ਹੈ।੪।੩।੫।

ਪਦਾਰਥ = ਨਿਮਾਨੇ–ਜਿਸ ਦਾ ਕੋਈ ਆਦਰ ਨਾ ਕਰੇ। ਕਉ–ਨੂੰ। ਦੇਤੋ–ਦੇਂਦਾ ਹੈ। ਮਾਨੁ–ਆਦਰ। ਸਗਲ–ਸਾਰੇ। ਕਰਤਾ ਦਾਨੁ–ਦਾਨ ਕਰਦਾ ਹੈ। ਗਰਭ ਘੋਰ ਮਹਿ–ਭਿਆਨਕ ਬੱਚਾ ਦਾਨੀ ਵਿਚ। ਰਾਖਨਹਾਰੁ–ਰੱਖਿਆ ਕਰਨ ਵਾਲਾ।੧। ਮਾਹਿ–ਵਿਚ। ਘਟਿ–ਸਰੀਰ ਵਿਚ; ਰਸਤੇ ਵਿਚ; ਸੌਖੀਆਂ ਘਾਟੀਆਂ ਵਿਚ। ਅਵਘਟਿ–ਔਖੇ ਰਸਤੇ ਵਿਚ; ਔਖੀਆਂ ਘਾਟੀਆਂ ਵਿਚ; ਸਰੀਰ ਤੋਂ ਬਾਹਰ। ਜਤ ਕਤਹਿ–ਜਿੱਥੇ ਕਿੱਥੇ (ਸਭ ਜਗ੍ਹਾ)। ਸਹਾਇ–ਸਹਾਇਤਾ ਕਰਨ ਵਾਲਾ।੧। ਰਹਾਉ। ਰੰਕੁ–ਕੰਗਾਲ ਮਨੁੱਖ। ਰਾਉ–ਰਾਜਾ। ਜਾ ਕੈ–ਜਿਸ ਦੇ। ਏਕ ਸਮਾਨਿ–ਇਕ ਬਰਾਬਰ। ਕੀਟ–ਕੀੜੀ। ਹਸਤਿ–ਹਾਥੀ। ਪੂਰਾਨ–ਪਰੀ ਪੂਰਨ (ਵਿਆਪਕ)। ਬੀਓ ਪੂਛਿ–ਕਿਸੇ ਦੂਜੇ ਨੂੰ ਪੁੱਛ ਕੇ। ਨ ਮਸਲਤਿ ਧਰੈ–ਸਲਾਹ ਨਹੀਂ ਕਰਦਾ। ਸੁ–ਉਹ। ਆਪਹਿ–ਆਪ ਹੀ।੨। ਜਾ ਕਾ–ਜਿਸ ਦਾ। ਨ ਜਾਨਸਿ–ਨਹੀਂ ਜਾਣਦਾ। ਨਿਰੰਜਨੁ–ਮਾਇਆ ਤੋਂ ਨਿਰਲੇਪ। ਸੋਇ–ਉਹ। ਅਕਾਰੁ–ਸ਼ਕਲ ਸੂਰਤ ਵਾਲਾ ਸਰਗੁਣ ਰੂਪ। ਨਿਰੰਕਾਰੁ–ਅਕਾਰ ਰਹਿਤ (ਅਦ੍ਰਿਸ਼ਟ)। ਘਟ ਘਟ ਘਟਿ–ਹਰੇਕ ਜੀਵ ਦੇ ਦਿਲਾਂ ਵਿਚ। ਆਧਾਰੁ–ਆਸਰਾ।੩। ਰੰਗਿ–ਪ੍ਰੇਮ ਵਿਚ। ਭਏ ਲਾਲ–ਲਾਲ (ਪਿਆਰੇ; ਅਨੰਦ ਸਹਿਤ) ਹੋ ਗਏ ਹਨ। ਜਸੁ–ਸਿਫਤ ਸਲਾਹ। ਕਰਤੇ–ਕਰਦੇ ਹੋਏ। ਨਿਹਾਲ–ਪ੍ਰਸੰਨ; ਦੁੱਖ ਰਹਿਤ। ਜਨ–ਸੰਤ ਜਨ। ਰਹੇ ਅਗਾਇ–ਰੱਜੇ ਰਹਿੰਦੇ ਹਨ। ਤਿਨ–ਉਨ੍ਹਾਂ ਦੇ। ਲਾਗੈ ਪਾਇ–ਪੈਰੀਂ (ਚਰਨੀਂ) ਲਗਦਾ ਹੈ।੪।੩।੫।

ਗੋਂਡ ਮਹਲਾ ੫ ॥ ਜਾ ਕੈ ਸੰਗਿ ਇਹੁ ਮਨੁ ਨਿਰਮਲੁ ॥ ਜਾ ਕੈ ਸੰਗਿ ਹਰਿ ਹਰਿ ਸਿਮਰਨੁ ॥ ਜਾ ਕੈ ਸੰਗਿ ਕਿਲਬਿਖ ਹੋਹਿ ਨਾਸ ॥ ਜਾ ਕੈ ਸੰਗਿ ਰਿਦੈ ਪਰਗਾਸ ॥੧॥ ਸੇ ਸੰਤਨ ਹਰਿ ਕੇ ਮੇਰੇ ਮੀਤ ॥ ਕੇਵਲ ਨਾਮੁ ਗਾਈਐ ਜਾ ਕੈ ਨੀਤ ॥੧॥ਰਹਾਉ॥ ਜਾ ਕੈ ਮੰਤ੍ਰਿ ਹਰਿ ਹਰਿ ਮਨਿ ਵਸੈ ॥ ਜਾ ਕੈ ਉਪਦੇਸਿ ਭਰਮੁ ਭਉ ਨਸੈ ॥ ਜਾ ਕੈ ਕੀਰਤਿ ਨਿਰਮਲ ਸਾਰ ॥ ਜਾ ਕੀ ਰੇਨੁ ਬਾਂਛੈ ਸੰਸਾਰ ॥੨॥ ਕੋਟਿ ਪਤਿਤ ਜਾ ਕੈ ਸੰਗਿ ਉਧਾਰ ॥ (ਹੇ ਭਾਈ!) ਜਿਨ੍ਹਾਂ ਸੰਤਾਂ ਦੀ ਸੰਗਤ ਕਰਨ ਨਾਲ ਮਨੁੱਖ ਦਾ ਇਹ ਮਨ ਪਵਿਤ੍ਰ ਹੋ ਜਾਂਦਾ ਹੈ। ਜਿਨ੍ਹਾਂ ਦੀ ਸੰਗਤ ਵਿਚ ਹਰਿ ਹਰਿ ਨਾਮ ਦਾ ਸਿਮਰਨ ਹੁੰਦਾ ਰਹਿੰਦਾ ਹੈ। ਜਿਨ੍ਹਾਂ ਦੀ ਸੰਗਤ ਕਰਕੇ ਪਾਪ ਨਾਸ ਹੋ ਜਾਂਦੇ ਹਨ। ਜਿਨ੍ਹਾਂ ਦੀ ਸੰਗਤ ਵਿਚ ਜੁੜਿਆਂ ਹਿਰਦੇ ਵਿਚ (ਬ੍ਰਹਮ ਗਿਆਨ ਦਾ) ਪ੍ਰਕਾਸ਼ ਹੋ ਜਾਂਦਾ ਹੈ।੧। ਹਰੀ ਦੇ ਉਹ ਸੰਤ ਮੇਰੇ ਮਿਤ੍ਰ ਹਨ। ਜਿਨ੍ਹਾਂ ਦੇ ਘਰ ਵਿਚ ਹਰ ਰੋਜ ਕੇਵਲ ਹਰੀ ਦਾ ਨਾਮ ਗਾਇਆ ਜਾਂਦਾ ਹੈ।੧। ਰਹਾਉ। ਜਿਨ੍ਹਾਂ ਸੰਤਾਂ ਦੇ ਉਪਦੇਸ਼ ਨਾਲ ਹਰੀ ਦਾ ਨਾਮ ਮਨ ਵਿਚ ਵਸ ਜਾਂਦਾ ਹੈ। ਜਿਨ੍ਹਾਂ ਦੇ ਉਪਦੇਸ਼ ਨਾਲ ਸਭ ਪ੍ਰਕਾਰ ਦਾ ਭਰਮ ਤੇ ਡਰ ਨੱਸ ਜਾਂਦਾ ਹੈ। ਜਿਨ੍ਹਾਂ ਸੰਤਾਂ ਦੇ ਅਸਥਾਨ ਤੇ ਹਰੀ ਦਾ ਪਵਿਤ੍ਰ ਤੇ ਸ੍ਰੇਸਟ ਕੀਰਤਨ ਹੁੰਦਾ ਰਹਿੰਦਾ ਹੈ; ਜਿਨ੍ਹਾਂ ਦੀ ਪਵਿਤ੍ਰ ਤੇ ਸ੍ਰੇਸਟ ਵਡਿਆਈ ਹੈ। ਜਿਨ੍ਹਾਂ ਸੰਤਾਂ ਦੀ ਚਰਨ ਧੂੜ ਸਾਰਾ ਸੰਸਾਰ ਮੰਗਦਾ ਹੈ।੨। ਜਿਨ੍ਹਾਂ ਸੰਤਾਂ ਦੀ ਸੰਗਤ ਵਿਚ ਕ੍ਰੋੜਾਂ ਪਾਪੀਆਂ ਦਾ ਉਧਾਰ ਹੋਇਆ ਹੈ।

ਅੰਗ ੮੬੪ = ਏਕੁ ਨਿਰੰਕਾਰੁ ਜਾ ਕੈ ਨਾਮ ਅਧਾਰ ॥ ਸਰਬ ਜੀਆਂ ਕਾ ਜਾਨੈ ਭੇਉ ॥ ਕ੍ਰਿਪਾ ਨਿਧਾਨ ਨਿਰੰਜਨ ਦੇਉ ॥੩॥ ਪਾਰਬ੍ਰਹਮ ਜਬ ਭਏ ਕ੍ਰਿਪਾਲ ॥ ਤਬ ਭੇਟੇ ਗੁਰ ਸਾਧ ਦਇਆਲ ॥ ਦਿਨੁ ਰੈਣਿ ਨਾਨਕੁ ਨਾਮੁ ਧਿਆਏ ॥ ਸੂਖ ਸਹਜ ਆਨੰਦ ਹਰਿ ਨਾਏ ॥੪॥੪॥੬॥ ਜਿਨ੍ਹਾਂ ਸੰਤਾਂ ਨੂੰ ਇਕ ਨਿਰੰਕਾਰ ਦੇ ਨਾਮ ਦਾ ਆਸਰਾ ਹੈ। (ਜੋ ਅੰਤਰਜਾਮੀ ਨਿਰੰਕਾਰ) ਸਾਰੇ ਜੀਵਾਂ ਦੇ ਦਿਲਾਂ ਦਾ ਭੇਤ ਜਾਣਦਾ ਹੈ। (ਉਹ) ਪ੍ਰਕਾਸ਼ ਸਰੂਪ ਨਿਰੰਕਾਰ ਕ੍ਰਿਪਾ ਦਾ ਖਜਾਨਾ ਤੇ ਮਾਇਆ ਤੋਂ ਨਿਰਲੇਪ ਹੈ।੩। (ਹੇ ਭਾਈ!) ਜਦੋਂ ਪਾਰਬ੍ਰਹਮ ਮੇਹਰਵਾਨ ਹੋਏ। ਤਦ ਦਇਆ ਦੇ ਘਰ ਸਾਧ ਗੁਰੂ ਜੀ ਮਿਲ ਪਏ। ਨਾਨਕ ਦਿਨ ਰਾਤ ਹਰੀ ਦਾ ਨਾਮ ਧਿਆਉਂਦਾ

ਹੈ।(ਕਿਉਂਕਿ) ਹਰੀ ਦਾ ਨਾਮ ਜਪਣ ਕਰਕੇ ਕੁਦਰਤੀ ਸੱਚਾ ਸੁਖ ਤੇ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ।੪।੪।੬।

ਪਦਾਰਥ = ਜਾ ਕੈ ਸੰਗਿ–ਜਿਨ੍ਹਾਂ ਦੀ ਸੰਗਤ ਵਿਚ।ਨਿਰਮਲੁ–ਪਵਿਤ੍ਰ।ਕਿਲਬਿਖ–ਪਾਪ।ਹੋਹਿ–ਹੋ ਜਾਂਦੇ ਹਨ।ਰਿਦੈ–ਹਿਰਦੇ ਵਿਚ।ਪਰਗਾਸ–(ਬ੍ਰਹਮ ਗਿਆਨ ਦਾ) ਚਾਨਣ।੧।ਸੇ–ਉਹ (ਬਹੁ ਵਚਨ)।ਮੀਤ–ਮਿਤ੍ਰ।ਗਾਈਐ–ਗਾਇਆ ਜਾਂਦਾ ਹੈ।ਨੀਤ–ਹਰ ਰੋਜ।੧।ਰਹਾਉ।ਮੰਤ੍ਰਿ–ਉਪਦੇਸ਼ ਨਾਲ।ਮਨਿ–ਮਨ ਵਿਚ।ਭਉ–ਡਰ।ਨਸੈ–ਨੱਠ ਜਾਂਦਾ ਹੈ।ਕੀਰਤਿ–ਕੀਰਤਨ; ਵਡਿਆਈ। ਸਾਰ–ਸ੍ਰੇਸਟ।ਰੇਨੁ–ਚਰਨ ਧੂੜ।ਬਾਂਛੈ–ਮੰਗਦਾ ਹੈ।੨।ਕੋਟਿ ਪਤਿਤ–ਕ੍ਰੋੜਾਂ ਪਾਪੀ ਮਨੁੱਖ।ਉਧਾਰ–(ਭਵਜਲ ਤੋਂ) ਪਾਰ ਉਤਾਰਾ ਹੁੰਦਾ ਹੈ।ਅਧਾਰ–ਆਸਰਾ।ਸਰਬ–ਸਾਰੇ।ਜੀਆਂ ਕਾ–ਜੀਵਾਂ ਦਾ।ਭੇਉ–ਭੇਤ।ਕ੍ਰਿਪਾ ਨਿਧਾਨ–ਕ੍ਰਿਪਾ ਦਾ ਖਜਾਨਾ।ਨਿਰੰਜਨ–ਮਾਇਆ ਤੋਂ ਨਿਰਲੇਪ।ਦੇਉ–ਪ੍ਰਕਾਸ਼ ਸਰੂਪ ਪ੍ਰਭੂ।੩।ਜਬ–ਜਦੋਂ।ਭਏ–ਹੋਏ।ਤਬ–ਤਦ।ਭੇਟੇ–ਮਿਲ ਪਏ।ਦਇਆਲ–ਦਇਆ ਦਾ ਘਰ।ਰੈਨਿ–ਰਾਤ।ਧਿਆਏ–ਧਿਆਉਂਦਾ ਹੈ।ਸੂਖ ਸਹਜ–ਕੁਦਰਤੀ ਸੁਖ।ਹਰਿ ਨਾਏ–ਹਰੀ ਦੇ ਨਾਮ ਕਰਕੇ।੪।੪।੬।

ਗੋਂਡ ਮਹਲਾ ੫ ॥ ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨੁ ॥ ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥ ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ਰਹਾਉ॥ ਭੂਲੇ ਕਉ ਗੁਰਿ ਮਾਰਗਿ ਪਾਇਆ ॥ ਅਵਰ ਤਿਆਗਿ ਹਰਿ ਭਗਤੀ ਲਾਇਆ ॥ ਜਨਮ ਮਰਨ ਕੀ ਤ੍ਰਾਸ ਮਿਟਾਈ ॥ ਗੁਰ ਪੂਰੇ ਕੀ ਬੇਅੰਤ ਵਡਾਈ ॥੨॥ ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥ ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥ ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸਰੁ ਹੈ ਭੀ ਹੋਗੁ ॥ ਕਹੁ ਨਾਨਕ ਪ੍ਰਭਿ ਇਹੈ ਜਨਾਈ ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥੫॥੭॥ (ਹੇ ਭਾਈ!) ਗੁਰੂ ਦੇ ਸਰੂਪ ਦਾ ਧਿਆਨ ਮੈਂ ਮਨ ਵਿਚ ਕਰਦਾ ਹਾਂ।ਗੁਰੂ ਦੇ ਸ਼ਬਦ ਰਾਹੀਂ ਮੇਰਾ ਮਨ ਨਾਮ ਮੰਤ੍ਰ ਨੂੰ (ਸਾਰੇ ਮੰਤ੍ਰਾਂ ਤੋਂ ਸ੍ਰੇਸਟ) ਮੰਨਦਾ ਹੈ; ਨਾਮ ਮੰਤ੍ਰ ਜਪਣ ਲਈ ਮਨ ਮੰਨ ਗਿਆ ਹੈ।ਮੈਂ ਗੁਰੂ ਦੇ ਚਰਨਾਂ (ਸ਼ਬਦ) ਨੂੰ ਹਿਰਦੇ ਵਿਚ ਲੈ ਕੇ ਟਿਕਾਉਂਦਾ ਹਾਂ।ਮੈਂ ਗੁਰੂ ਨੂੰ ਪਾਰਬ੍ਰਹਮ ਰੂਪ ਜਾਣ ਕੇ ਸਦਾ ਨਮਸ਼ਕਾਰ ਕਰਦਾ ਹਾਂ।੧।(ਹੇ ਭਾਈ!) ਸੰਸਾਰ ਵਿਚ ਕੋਈ ਮਨੁੱਖ ਭਰਮ ਵਿਚ ਪੈ ਕੇ ਮਤਾਂ ਭੁੱਲ ਜਾਵੇ।ਕਿ ਗੁਰੂ ਤੋਂ ਬਿਨਾ ਕੋਈ ਵੀ ਜੀਵ (ਸੰਸਾਰ ਸਮੁੰਦਰ ਤੋਂ) ਪਾਰ ਨਹੀਂ ਉਤਰ ਸਕਦਾ ਹੈ।੧।ਰਹਾਉ।(ਹੇ ਭਾਈ!) ਭੁੱਲੇ ਹੋਏ ਮਨੁੱਖਾਂ ਨੂੰ ਗੁਰੂ ਨੇ ਸਿੱਧੇ ਰਸਤੇ ਪਾਇਆ ਹੈ।ਹੋਰ (ਦੇਵੀ ਦੇਵਤਿਆਂ ਦੀ ਪੂਜਾ ਗੁਰੂ ਨੇ) ਛੁਡਵਾ ਕੇ ਹਰੀ ਦੀ ਭਗਤੀ ਵਿਚ ਲਾ ਦਿਤਾ ਹੈ।(ਗੁਰੂ ਨੇ) ਜਨਮ ਮਰਨ ਦਾ ਡਰ ਮਿਟਾ ਦਿਤਾ ਹੈ।ਪੂਰੇ ਗੁਰੂ ਦੀ ਬੇਅੰਤ ਵਡਿਆਈ ਹੈ।੨।ਗੁਰੂ ਦੀ ਕਿਰਪਾ ਨਾਲ ਮੇਰਾ ਉਲਟਿਆ ਹਿਰਦਾ ਕਮਲ (ਸਿੱਧਾ ਹੋ ਕੇ) ਖਿੜ ਪਿਆ ਹੈ (ਬੇਮੁਖ ਹੋਇਆ ਮਨ ਹੁਣ ਪ੍ਰਮੇਸ਼ਰ ਦੇ ਸਨਮੁਖ ਹੋ ਕੇ ਖਿੜ ਗਿਆ ਹੈ)।ਅਤੇ ਅਗਿਆਨ ਰੂਪ ਹਨ੍ਹੇਰੇ ਵਿਚ ਗਿਆਨ ਦਾ ਚਾਨਣ ਹੋ ਗਿਆ ਹੈ।ਜਿਸ ਪ੍ਰਭੂ ਨੇ ਜਗਤ ਪੈਦਾ ਕੀਤਾ ਹੈ, ਉਸ ਨੂੰ ਗੁਰੂ ਤੋਂ ਜਾਣ ਲਿਆ ਹੈ।ਗੁਰੂ ਦੀ ਕ੍ਰਿਪਾ ਨਾਲ ਮੇਰਾ ਮੂਰਖ ਮਨ ਮੰਨ ਗਿਆ ਹੈ; ਮੂਰਖ ਮਨ ਨੂੰ ਹਰੀ ਵਿਚ ਵਿਸ਼ਵਾਸ ਹੋ ਗਿਆ ਹੈ।੩।(ਹੇ ਭਾਈ!) ਗੁਰੂ ਕਰਤਾਰ ਦਾ ਰੂਪ ਹੈ, ਜੋ ਸਭ ਕੁਝ ਕਰਨ ਦੇ ਸਮਰੱਥ ਹੈ।ਗੁਰੂ ਪ੍ਰਮੇਸ਼ਰ ਰੂਪ ਹੈ, (ਜੋ ਪਹਿਲਾਂ ਵੀ ਸੀ), ਹੁਣ ਵੀ ਹੈ ਅਤੇ ਅੱਗੇ ਨੂੰ ਵੀ ਸਦਾ ਕਾਇਮ ਰਹੇਗਾ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਨੇ (ਗੁਰੂ ਰੂਪ ਧਾਰ ਕੇ) ਇਹ ਗੱਲ ਸਮਝਾਈ ਕਿ ਹੇ ਭਾਈ! ਗੁਰੂ ਤੋਂ ਬਿਨਾ (ਜਨਮ ਮਰਨ ਤੋਂ) ਮੁਕਤੀ ਨਹੀਂ ਪਾਈ ਜਾ ਸਕਦੀ।੪।੫।੭।

ਪਦਾਰਥ = ਗੁਰ ਕੀ ਮੂਰਤਿ–ਗੁਰੂ ਦਾ ਸਰੂਪ।ਮਨ ਮਹਿ–ਮਨ ਵਿਚ।ਗੁਰ ਕੈ ਸਬਦਿ–ਗੁਰੂ ਦੇ ਸ਼ਬਦ ਰਾਹੀਂ।ਮੰਤ੍ਰੁ–ਨਾਮ ਰੂਪ ਮੰਤ੍ਰ।ਮਾਨੁ–ਮੰਨਦਾ ਹੈ।ਰਿਦੈ–ਹਿਰਦੇ ਵਿਚ।ਧਾਰਉ–ਮੈਂ ਟਿਕਾਉਂਦਾ ਹਾਂ।ਨਮਸਕਾਰਉ–ਮੈਂ ਨਮਸ਼ਕਾਰ ਕਰਦਾ ਹਾਂ।੧।ਮਤ–ਮਤਾਂ।ਕੋ–ਕੋਈ।ਭੁਲੈ–ਭੁੱਲ ਜਾਵੇ।ਸੰਸਾਰਿ–ਸੰਸਾਰ ਵਿਚ।ਨ ਉਤਰਸਿ ਪਾਰਿ–ਪਾਰ ਨਹੀਂ ਉਤਰ (ਲੰਘ) ਸਕਦਾ।੧।ਰਹਾਉ। ਕਉ–ਨੂੰ।ਗੁਰਿ–ਗੁਰੂ ਨੇ।ਮਾਰਗਿ–(ਸਿੱਧੇ) ਰਸਤੇ।ਅਵਰ–ਹੋਰ (ਦੇਵੀ ਦੇਵਤਿਆਂ ਦੀ ਪੂਜਾ)।ਤਿਆਗਿ–ਛੁਡਵਾ ਕੇ।ਤ੍ਰਾਸ–ਡਰ।੨।ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਊਰਧ–ਉਲਟਿਆ ਹੋਇਆ।ਕਮਲ–ਹਿਰਦਾ ਕਮਲ।ਬਿਗਾਸ–ਖਿੜ ਪਿਆ ਹੈ। ਅੰਧਕਾਰ ਮਹਿ–ਅਗਿਆਨਤਾ ਦੇ ਹਨ੍ਹੇਰੇ ਵਿਚ।ਭਇਆ ਪ੍ਰਗਾਸ–ਚਾਨਣ ਹੋ ਗਿਆ।ਜਿਨਿ–ਜਿਸ (ਪ੍ਰਭੂ) ਨੇ।ਕੀਆ–ਪੈਦਾ ਕੀਤਾ ਹੈ।ਸੋ–ਉਸ ਨੂੰ।ਤੇ–ਤੋਂ; ਪਾਸੋਂ; ਨਾਲ।ਮੁਗਧ–ਮੂਰਖ।ਮਾਨਿਆ–ਵਿਸ਼ਵਾਸ ਹੋ ਗਿਆ; ਸ਼ਰਧਾਵਾਨ ਹੋ ਗਿਆ।੩।ਕਰਤਾ–ਸਿਰਜਨਹਾਰ ਪ੍ਰਭੂ।ਕਰਣੈ ਜੋਗੁ–ਸਭ ਕੁਝ ਕਰਨ ਦੇ ਸਮਰੱਥ।ਹੈ ਭੀ–ਹੁਣ ਵੀ ਹੈ।ਹੋਗੁ–ਅੱਗੇ ਨੂੰ ਵੀ ਸਦਾ ਹੋਵੇਗਾ।ਪ੍ਰਭਿ–ਪ੍ਰਭੂ ਨੇ।ਇਹੈ ਜਨਾਈ–ਇਹ ਗੱਲ ਸਮਝਾਈ ਹੈ।ਨ ਪਾਈਐ–ਨਹੀਂ ਪਾਈ ਜਾ ਸਕਦੀ।ਭਾਈ–ਹੇ ਭਾਈ!।੪।੫।੭।

ਵਿਆਖਿਆ = ਗੁਰੂ ਸਰੀਰ ਰੂਪ ਨਹੀਂ ਹੈ, {ਮਾਨੁਖ ਕਾ ਕਰਿ ਰੂਪੁ ਨ ਜਾਨੁ ੮੯੫}।ਇਸ ਸ਼ਬਦ ਵਿਚ ਮੂਰਤਿ ਦਾ ਅਰਥ ਤਸਵੀਰ ਨਹੀਂ ਹੈ, ਮੂਰਤਿ ਦਾ ਅਰਥ 'ਸਰੂਪ; ਹਸਤੀ; ਹੋਂਦ; ਸੱਤਾ ਤੇ ਸਰੀਰ' ਆਦਿ ਹਨ।ਗੁਰੂ ਜੋਤ ਰੂਪ ਹੈ {ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ੧੪੦੮; ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ੧੪੦੯}।ਇਹ ਗੁਰ ਜੋਤ ਦਸਾਂ ਗੁਰੂ ਸਾਹਿਬਾਨਾਂ ਵਿਚ ਵਰਤਦੀ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿਤੀ ਸੀ = ਗੁਰੂ ਗੋਬਿੰਦ ਸਿੰਘ ਮਹਲ ਦਸਮਾ ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸੰਮਤ ਸਤਾਰਾਂ ਸੈ ਪੈਂਸਠ ਕਾਰਤਿਕ ਮਾਸ ਕੀ ਚਉਥ, ਸ਼ੁਕਲ ਪਖੇ ਬੁਧਵਾਰ ਕੇ ਦਿਹੁੰ ਦੈਆ ਸਿੰਘ ਸੇ ਬਚਨ ਹੋਆ – ਸ੍ਰੀ ਗ੍ਰੰਥ ਸਾਹਿਬ ਲੇ ਆਉ।ਬਚਨ ਪਾਇ ਦੈਆ ਸਿੰਘ ਸ੍ਰੀ ਗ੍ਰੰਥ ਸਾਹਿਬ ਲੇ ਆਏ।ਗੁਰੂ ਜੀ ਨੇ ਪਾਂਚ ਪੈਸੇ ਏਕ ਨਲੀਏਰ ਰਖ ਕੇ ਮਥਾ ਟੇਕਾ। ਸਰਬਤ ਸੰਗਤ ਸੇ ਕਹਾ, ਮੇਰਾ ਹੁਕਮ ਹੈ – ਮੇਰੀ ਜਗ੍ਹਾ ਸ੍ਰੀ ਗ੍ਰੰਥ ਸਾਹਿਬ ਕੋ ਜਾਨਨਾ, ਜੋ ਸਿਖ ਜਾਨੈਗਾ, ਤਿਸ ਕੀ ਘਾਲ ਥਾਇ ਪਏਗੀ।ਗੁਰੂ ਤਿਸ ਕੀ ਬਹੁੜੀ ਕਰੇਗਾ (ਭੱਟ ਵਹੀ ਮੁਲਤਾਨੀ ਸਿੰਧੀ, ਭੱਟ ਨਰਬਦ ਸਿੰਘ ਪੁਤ੍ਰ ਕੇਸੋ ਸਿੰਘ)।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਗੁਰਬਾਣੀ ਤੇ ਗੁਰੂ ਦੇ ਸ਼ਬਦ ਨੂੰ ਗੁਰੂ ਰੂਪ ਕਰਕੇ ਲਿਖਿਆ ਮਿਲਦਾ ਹੈ।ਸਬਦੁ ਗੁਰੁ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ੬੩੫।ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ੧੩੦੯। ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ੯੮੨।ਗੁਰੂ ਦੀ ਬਾਣੀ ਨਿਰੰਕਾਰ ਸਰੂਪ ਹੈ = ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ੫੧੫।ਆਪੇ ਸਤਿਗੁਰੁ ਸਬਦੁ ਹੈ ਆਪੇ ੭੯੭।

ਗੁਰਬਾਣੀ ਦੇ ਮਹਾਨ ਵਿਆਖਿਆਕਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀ ਭਾਈ ਗੁਰਦਾਸ ਜੀ ਦਸਦੇ ਹਨ ਕਿ ਗੁਰੂ ਦਾ ਸ਼ਬਦ ਹੀ ਗੁਰੂ ਦੀ ਮੂਰਤ ਹੈ = ਗੁਰ ਮੂਰਤਿ ਗੁਰੁ ਸਬਦੁ ਹੈ ਸਾਧ ਸੰਗਤਿ ਵਿਚਿ ਪ੍ਰਗਟੀ ਆਇਆ।ਭਾ.ਗੁ. ਵਾਰ ੨੪–੨੫}।

ਗੋਂਡ ਮਹਲਾ ੫ ॥ ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥ ਗੁਰੂ ਬਿਨਾ ਮੈ ਨਾਹੀ ਹੋਰ ॥ ਗੁਰ ਕੀ ਟੇਕ, ਰਹਹੁ ਦਿਨੁ ਰਾਤਿ ॥ ਜਾ ਕੀ ਕੋਇ ਨ ਮੇਟੈ ਦਾਤਿ ॥੧॥ ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥੧॥ਰਹਾਉ॥ ਗੁਰ ਚਰਣੀ ਜਾ ਕਾ ਮਨੁ ਲਾਗੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥ ਗੁਰ ਕੀ ਸੇਵਾ ਪਾਏ ਮਾਨੁ ॥ ਗੁਰ ਊਪਰਿ ਸਦਾ ਕੁਰਬਾਨੁ ॥੨॥ ਗੁਰ ਕਾ ਦਰਸਨੁ ਦੇਖਿ ਨਿਹਾਲ ॥ ਗੁਰ ਕੇ ਸੇਵਕ ਕੀ ਪੂਰਨ ਘਾਲ ॥ ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ ॥ ਗੁਰ ਕਾ ਸੇਵਕੁ ਦਹ ਦਿਸਿ ਜਾਪੈ ॥੩॥ ਗੁਰ ਕੀ ਮਹਿਮਾ ਕਥਨੁ ਨ ਜਾਇ ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ ॥ ਕਹੁ ਨਾਨਕ ਜਾ ਕੇ ਪੂਰੇ ਭਾਗ ॥ ਗੁਰ ਚਰਨੀ ਤਾ ਕਾ ਮਨੁ ਲਾਗ ॥੪॥੬॥੮॥ ਹੇ ਮੇਰੇ ਮਨ! (ਮਨ, ਬਾਣੀ ਤੇ ਕਰਮ ਕਰਕੇ) ਗੁਰੂ ਗੁਰੂ ਜਪਿਆ ਕਰ।(ਕਿਉਂਕਿ) ਗੁਰੂ ਤੋਂ ਬਿਨਾ ਮੈਨੂੰ ਹੋਰ ਕਿਸੇ ਦਾ ਆਸਰਾ ਨਹੀਂ ਹੈ।(ਇਸ ਲਈ ਹੇ ਮਨ!) ਦਿਨ ਰਾਤ ਗੁਰੂ ਦੀ ਟੇਕ ਵਿਚ ਰਿਹਾ ਕਰ।ਜਿਸ (ਗੁਰੂ) ਦੀ ਬਖਸ਼ੀ (ਨਾਮ ਤੇ ਗੁਣਾਂ ਦੀ) ਦਾਤ ਨੂੰ ਕੋਈ ਮੇਟ ਨਹੀਂ ਸਕਦਾ।੧।(ਹੇ ਮੇਰੇ ਮਨ!) ਗੁਰੂ ਤੇ ਪ੍ਰਮੇਸਰ ਨੂੰ ਇਕ ਰੂਪ ਕਰਕੇ ਜਾਣ।ਜੋ ਉਸ (ਪ੍ਰਭੂ) ਨੂੰ ਭਾਉਂਦਾ ਹੈ, ਉਹੋ ਪ੍ਰਵਾਨ ਹੁੰਦਾ ਹੈ।੧।ਰਹਾਉ।(ਹੇ ਭਾਈ!) ਜਿਸ ਮਨੁੱਖ ਦਾ ਮਨ ਗੁਰੂ ਦੇ ਚਰਨਾਂ ਵਿਚ ਲਗ ਜਾਂਦਾ ਹੈ।ਉਸ ਦਾ ਦੁਖ ਦਰਦ ਤੇ ਭਰਮ ਨੱਸ ਜਾਂਦਾ ਹੈ।ਗੁਰੂ ਦੀ ਸੇਵਾ ਕਰਕੇ ਮਨੁੱਖ ਆਦਰ ਮਾਣ ਪ੍ਰਾਪਤ ਕਰਦਾ ਹੈ।ਮੈਂ ਗੁਰੂ ਉਪਰੋਂ ਸਦਾ ਹੀ ਕੁਰਬਾਨ ਜਾਂਦਾ ਹਾਂ।੨।(ਹੇ ਭਾਈ!) ਗੁਰੂ ਦਾ ਦਰਸ਼ਨ ਦੇਖ ਕੇ ਮਨੁੱਖ ਨਿਹਾਲ ਹੋ ਜਾਂਦਾ ਹੈ।ਗੁਰੂ ਦੇ ਸੇਵਕ ਦੀ ਮੇਹਨਤ ਪੂਰਨ ਹੈ।(ਜਿਸ ਕਰਕੇ) ਗੁਰੂ ਦੇ ਸੇਵਕ ਨੂੰ ਦੁਖ ਨਹੀਂ ਲਗਦਾ।ਅਤੇ ਗੁਰੂ ਦਾ ਸੇਵਕ ਦਸੇ ਦਿਸ਼ਾਵਾਂ ਵਿਚ ਜਾਣਿਆ (ਪ੍ਰਸਿੱਧ ਹੋ) ਜਾਂਦਾ ਹੈ।੩।(ਹੇ ਭਾਈ! ਕਿਸੇ ਪਾਸੋਂ) ਗੁਰੂ ਦੀ ਮਹਿਮਾਂ ਕਥਨ ਨਹੀਂ ਕੀਤੀ ਜਾ ਸਕਦੀ (ਮਹਿਮਾਂ ਬੇਅੰਤ ਹੈ)।ਪਾਰਬ੍ਰਹਮ ਗੁਰੂ ਰੂਪ ਵਿਚ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਦੇ ਪੂਰਨ ਭਾਗ ਹਨ।ਉਸ ਦਾ ਮਨ ਗੁਰੂ ਦੇ ਚਰਨਾਂ ਵਿਚ ਲਗਦਾ (ਜੁੜਦਾ) ਹੈ।੪।੬।੮।

ਪਦਾਰਥ = ਕਰਿ–ਜਪਿਆ ਕਰ।ਮਨ ਮੋਰ–ਹੇ ਮੇਰੇ ਮਨ!।ਹੋਰ–ਹੋਰ (ਆਸਰਾ)।ਟੇਕ–ਆਸਰਾ।ਰਹਹੁ–ਰਹਿ।ਜਾ ਕੀ–ਜਿਸ ਦੀ।੧।ਏਕੋ–ਇਕ ਰੂਪ।ਤਿਸੁ ਭਾਵੈ–ਉਸ ਨੂੰ ਚੰਗਾ ਲਗਦਾ ਹੈ।ਸੋ–ਉਹ।ਪਰਵਾਣੁ–ਪ੍ਰਵਾਨ ਹੁੰਦਾ ਹੈ।੧।ਰਹਾਉ।ਜਾ ਕਾ–ਜਿਸ ਦਾ।ਭ੍ਰਮੁ–ਭਰਮ; ਭਟਕਣਾ।ਤਾ ਕਾ–ਉਸ ਦਾ।ਭਾਗੈ–ਨੱਸ ਜਾਂਦਾ ਹੈ।ਪਾਏ–ਪਾਉਂਦਾ ਹੈ।ਮਾਨੁ–ਆਦਰ।੨।ਕਾ–ਦਾ।ਦੇਖਿ–ਦੇਖ ਕੇ।ਨਿਹਾਲ–ਪ੍ਰਸੰਨ।ਘਾਲ–ਮੇਹਨਤ।ਕਉ–ਨੂੰ।ਨ ਬਿਆਪੈ–ਨਹੀਂ ਲਗਦਾ।ਦਹ ਦਿਸਿ–ਦਸੇ ਦਿਸ਼ਾਵਾਂ ਵਿਚ।ਜਾਪੈ–ਜਾਣਿਆ ਜਾਂਦਾ ਹੈ।੩।ਮਹਿਮਾ–ਵਡਿਆਈ।ਰਹਿਆ ਸਮਾਇ–ਵਿਆਪਕ ਹੋ ਰਿਹਾ ਹੈ।ਜਾ ਕੇ–ਜਿਸ ਦੇ।ਲਾਗ–ਲਗਦਾ ਹੈ।੪।੬।੮।

ਗੋਂਡ ਮਹਲਾ ੫ ॥ ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥ ਗੁਰੁ ਮੇਰਾ ਦੇਉ ਅਲਖ ਅਭੇਉ ॥ ਸਰਬ ਪੂਜ ਚਰਨ ਗੁਰ ਸੇਉ ॥੧॥ ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥ ਅਨਦਿਨੁ ਜਪਉ ਗੁਰੂ ਗੁਰ ਨਾਉ ॥੧॥ਰਹਾਉ॥ ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥ ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥੨॥ ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥ ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥ (ਹੇ ਭਾਈ!) ਗੁਰੂ ਹੀ ਮੇਰੀ ਪੂਜਾ ਹੈ, ਗੁਰੂ ਗੋਬਿੰਦ ਰੂਪ ਹੈ। ਮੇਰਾ ਗੁਰੂ ਪਾਰਬ੍ਰਹਮ ਰੂਪ ਹੈ, ਗੁਰੂ ਵੱਡੇ ਪ੍ਰਤਾਪ ਵਾਲਾ ਹੈ। ਮੇਰਾ ਗੁਰੂ ਪ੍ਰਕਾਸ਼ ਰੂਪ ਹੈ, ਗੁਰੂ ਲੱਖਤਾ ਤੋਂ ਰਹਿਤ ਹੈ ਅਤੇ ਭੇਦ ਰਹਿਤ ਹੈ। ਮੈਂ ਗੁਰੂ ਦੇ ਚਰਨਾਂ ਦੀ ਸੇਵਾ ਕਰਦਾ ਹਾਂ, ਜਿਸ ਦੀ ਪੂਜਾ ਸਾਰੀ ਦੁਨੀਆਂ ਕਰਦੀ ਹੈ; ਗੁਰੂ ਦੇ ਚਰਨਾਂ ਦੀ ਸੇਵਾ (ਮੇਰੇ ਲਈ) ਸਭ ਤਰ੍ਹਾਂ ਦੀ ਪੂਜਾ ਹੈ; ਮੈਂ ਸਭ ਦੇ ਪੂਜਨੀਕ ਗੁਰੂ ਦੇ ਚਰਨ ਸੇਂਵਦਾ ਹਾਂ (ਸ਼ਬਦਾਰਥ)।੧।(ਹੇ ਭਾਈ!) ਗੁਰੂ ਤੋਂ ਬਿਨਾ ਮੈਨੂੰ ਹੋਰ ਕੋਈ ਥਾਂ ਨਹੀਂ ਸੁਝਦਾ (ਜਿਥੋਂ ਮੈਂ ਗਿਆਨ ਲੈ ਸਕਾਂ। ਇਸ ਲਈ ਮੈਂ) ਹਰ ਰੋਜ ਪੂਜਨੀਕ ਗੁਰੂ ਦਾ ਹੀ ਨਾਮ ਜਪਦਾ ਹਾਂ।੧।ਰਹਾਉ। ਗੁਰੂ ਹੀ ਮੇਰਾ ਗਿਆਨ ਹੈ ਅਤੇ ਗੁਰੂ ਮੇਰੇ ਹਿਰਦੇ ਵਿਚ ਵਸਦਾ ਹੈ, (ਇਹੀ ਮੇਰਾ) ਧਿਆਨ ਹੈ। ਗੁਰੂ ਸਰਬ ਵਿਆਪਕ ਪ੍ਰਮਾਤਮਾ ਰੂਪ ਹੈ, ਜੋ ਸਾਰੀ ਸ੍ਰਿਸਟੀ ਦੀ ਪਾਲਣਾ ਕਰਨ ਵਾਲਾ ਹੈ। ਮੈਂ ਹੱਥ ਜੋੜ ਕੇ (ਨਿਮ੍ਰਤਾ ਸਹਿਤ) ਗੁਰੂ ਦੀ ਸ਼ਰਣ ਵਿਚ ਪਿਆ ਰਹਿੰਦਾ ਹਾਂ। ਗੁਰੂ ਤੋਂ ਬਿਨਾ ਮੈਨੂੰ ਹੋਰ ਕਿਸੇ ਦਾ ਸਹਾਰਾ ਨਹੀਂ ਹੈ।੨।(ਹੇ ਭਾਈ!) ਗੁਰੂ ਜਹਾਜ ਰੂਪ ਹੈ, (ਜੋ ਜੀਵਾਂ ਨੂੰ) ਸੰਸਾਰ ਸਮੁੰਦਰ ਤੋਂ ਪਾਰ ਉਤਾਰ ਦੇਂਦਾ ਹੈ। ਗੁਰੂ ਦੀ ਸੇਵਾ ਕਰਨ ਨਾਲ ਜਮਾਂ ਤੋਂ ਛੁਟਕਾਰਾ ਮਿਲਦਾ ਹੈ। ਗੁਰੂ ਦਾ ਮੰਤ੍ਰ ਅਗਿਆਨਤਾ ਦੇ ਹਨ੍ਹੇਰੇ ਵਿਚ ਗਿਆਨ ਦਾ ਚਾਨਣ ਕਰਦਾ ਹੈ। ਗੁਰੂ ਦੀ ਸੰਗਤ ਕਰਕੇ ਸਾਰੇ ਜੀਵਾਂ ਦਾ ਪਾਰ ਉਤਾਰਾ ਹੋ ਜਾਂਦਾ ਹੈ।੩।

ਅੰਗ ੮੬੫ = ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥ ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥ (ਪਰ ਹੇ ਭਾਈ!) ਪੂਰਾ ਗੁਰੂ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਗੁਰੂ ਦੀ ਸੇਵਾ ਕਰਨ ਨਾਲ (ਜਨਮ ਮਰਨ ਦਾ) ਦੁਖ ਨਹੀਂ ਲਗਦਾ। ਗੁਰੂ ਦੇ ਹੁਕਮ ਨੂੰ ਕੋਈ ਜੀਵ ਮੇਟ ਨਹੀਂ ਸਕਦਾ। ਨਾਨਕ ਗੁਰੂ ਹੈ ਅਤੇ ਨਾਨਕ ਉਸ ਹਰੀ ਦਾ ਰੂਪ ਹੈ (ਸਤਿਗੁਰੂ ਨਾਨਕ ਦੇਵ ਜੀ ਪਾਰਬ੍ਰਹਮ ਰੂਪ ਹਨ)।੪।੭।੯।

ਪਦਾਰਥ = ਭਗਵੰਤੁ–ਵੱਡੇ ਤੇਜ ਪ੍ਰਤਾਪ ਵਾਲਾ। ਦੇਉ–ਪ੍ਰਕਾਸ਼ ਰੂਪ ਪ੍ਰਭੂ। ਅਲਖ (ਅਲੱਖ ਪੜ੍ਹੋ)–ਜਿਸ ਦਾ ਸਰੂਪ ਬਿਆਨ ਨਾ ਹੋ ਸਕੇ। ਅਭੇਉ–ਜਿਸ ਦਾ ਭੇਤ ਨਹੀਂ ਪਾਇਆ ਜਾ ਸਕਦਾ। ਸਰਬ ਪੂਜ–(ਜਿਸ ਨੂੰ) ਸਾਰੀ ਦੁਨੀਆਂ ਪੂਜਦੀ ਹੈ। ਸੇਉ–ਸੇਵਾ।੧। ਅਵਰੁ–ਹੋਰ। ਅਨਦਿਨ–ਹਰ ਰੋਜ। ਜਪਉ–ਮੈਂ ਜਪਦਾ ਹਾਂ। ਨਾਉ–ਨਾਮ।੧।ਰਹਾਓ। ਰਿਦੈ–ਹਿਰਦੇ ਵਿਚ। ਰਹਉ–ਮੈਂ ਰਹਿੰਦਾ ਹਾਂ। ਕਰ–ਹੱਥ। ਜੋਰਿ–ਜੋੜ ਕੇ। ਹੋਰੁ–ਹੋਰ (ਆਸਰਾ)।੨। ਬੋਹਿਥੁ–ਜਹਾਜ। ਤਾਰੇ ਭਵ ਪਾਰਿ–ਸੰਸਾਰ ਸਮੁੰਦਰ ਤੋਂ ਪਾਰ ਉਤਾਰਦਾ ਹੈ। ਤੇ–ਤੋਂ। ਛੁਟਕਾਰਿ–ਛੁਟਕਾਰਾ; ਮੁਕਤੀ। ਅੰਧਕਾਰ ਮਹਿ–ਹਨ੍ਹੇਰੇ ਵਿਚ। ਮੰਤ੍ਰੁ–ਉਪਦੇਸ਼; ਨਾਮ ਮੰਤ੍ਰ। ਉਜਾਰਾ–ਚਾਨਣ। ਕੈ ਸੰਗਿ–ਦੀ ਸੰਗਤ ਕਰਕੇ। ਸਗਲ–ਸਾਰੇ ਜੀਵ। ਨਿਸਤਾਰਾ–ਪਾਰ ਉਤਾਰਾ।੩। ਪਾਈਐ–ਪ੍ਰਾਪਤ ਹੁੰਦਾ ਹੈ। ਵਡਭਾਗੀ–ਵੱਡੇ ਭਾਗਾਂ ਨਾਲ। ਸਬਦੁ–ਹੁਕਮ (ਸ੍ਰਿਸਟੀ ਰਚਨਾ ਵੇਲੇ ਦਾ ਪਹਿਲਾ ਵਾਕ)। ਨਾਨਕੁ ਹਰਿ ਸੋਇ–ਨਾਨਕ ਉਸ ਹਰੀ ਦਾ ਰੂਪ ਹੈ।੪।੭।੯।

ਗੋਂਡ ਮਹਲਾ ੫ ॥ ਰਾਮ ਰਾਮ ਸੰਗਿ ਕਰਿ ਬਿਉਹਾਰ ॥ ਰਾਮ ਰਾਮ ਰਾਮ ਪ੍ਰਾਨ ਅਧਾਰ ॥ ਰਾਮ ਰਾਮ ਰਾਮ ਕੀਰਤਨੁ ਗਾਇ ॥ ਰਮਤ ਰਾਮੁ ਸਭ ਰਹਿਓ ਸਮਾਇ ॥੧॥ ਸੰਤ ਜਨਾ ਮਿਲਿ ਬੋਲਹੁ ਰਾਮ ॥ ਸਭ ਤੇ ਨਿਰਮਲ ਪੂਰਨ ਕਾਮ ॥੧॥ਰਹਾਉ॥ ਰਾਮ ਰਾਮ ਧਨੁ ਸੰਚਿ ਭੰਡਾਰ ॥ ਰਾਮ ਰਾਮ ਰਾਮ ਕਰਿ ਆਹਾਰ ॥ ਰਾਮ ਰਾਮ ਵੀਸਰਿ ਨਹੀ ਜਾਇ ॥ ਕਰਿ ਕਿਰਪਾ ਗੁਰਿ ਦੀਆ ਬਤਾਇ ॥੨॥ ਰਾਮ ਰਾਮ ਰਾਮ ਸਦਾ ਸਹਾਇ ॥ ਰਾਮ ਰਾਮ ਰਾਮ ਲਿਵ ਲਾਇ ॥ ਰਾਮ ਰਾਮ ਜਪਿ ਨਿਰਮਲ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥੩॥ ਰਮਤ ਰਾਮ ਜਨਮ ਮਰਣੁ ਨਿਵਾਰੈ ॥ ਉਚਰਤ ਰਾਮ ਭੈ ਪਾਰਿ ਉਤਾਰੈ ॥ ਸਭ ਤੇ ਊਚ ਰਾਮ ਪਰਗਾਸ ॥ ਨਿਸਿ ਬਾਸੁਰ ਜਪਿ ਨਾਨਕ ਦਾਸ ॥੪॥੮॥੧੦॥ (ਹੇ ਭਾਈ!) ਤੂੰ ਪ੍ਰਭੂ ਦੇ ਨਾਮ ਨਾਲ (ਅਪਣਾ ਸਾਰਾ) ਵਿਹਾਰ ਕਰ (ਆਪ ਜਪ ਤੇ ਹੋਰਨਾਂ ਨੂੰ ਵੀ ਜਪਾ)। ਪ੍ਰਭੂ ਦੇ ਨਾਮ ਨੂੰ (ਅਪਣੇ ਮਨ, ਸਰੀਰ ਅਤੇ) ਪ੍ਰਾਣਾਂ ਦਾ ਆਸਰਾ ਸਮਝ। (ਮਨ ਤੇ ਬਾਣੀ ਕਰਕੇ) ਪ੍ਰਭੂ ਦਾ ਕੀਰਤਨ ਗਾਇਆ ਕਰ। ਵਿਆਪਕ ਰਾਮ ਸਾਰੀ ਸ੍ਰਿਸਟੀ ਵਿਚ ਸਮਾ ਰਿਹਾ ਹੈ।੧।(ਹੇ ਭਾਈ!) ਸੰਤ ਜਨਾਂ ਨਾਲ ਮਿਲ ਕੇ ਰਾਮ ਦਾ ਨਾਮ ਉਚਾਰਨ ਕਰਦੇ ਰਹੋ। (ਇਹ) ਸਭ ਤੋਂ ਪਵਿਤ੍ਰ ਅਤੇ ਸਫਲ ਕੰਮ ਹੈ; ਸਾਰੇ ਕੰਮ ਪੂਰੇ ਕਰਦਾ ਹੈ।੧।ਰਹਾਉ।(ਹੇ ਭਾਈ!) ਰਾਮ ਨਾਮ ਦਾ ਧਨ (ਅਪਣੇ ਹਿਰਦੇ ਰੂਪ) ਖਜਾਨੇ ਵਿਚ ਇਕੱਠਾ ਕਰ ਲੈ। ਰਾਮ ਦੇ ਨਾਮ ਦਾ ਭੋਜਨ

ਖਾਇਆ ਕਰ।ਰਾਮ ਨਾਮ (ਕਦੇ ਵੀ ਮੈਨੂੰ) ਭੁਲ ਨਹੀਂ ਜਾਂਦਾ।(ਜੋ ਮੈਨੂੰ) ਗੁਰੂ ਨੇ ਕ੍ਰਿਪਾ ਕਰਕੇ ਦਸ ਦਿਤਾ ਹੈ।੨।(ਹੇ ਭਾਈ!) ਰਾਮ ਨਾਮ ਦਾ ਸਿਮਰਨ ਸਦਾ ਸਹਾਈ ਹੁੰਦਾ ਹੈ।(ਇਸ ਲਈ ਮਨ ਬਾਣੀ ਤੇ ਸਰੀਰ ਕਰ ਕੇ) ਰਾਮ ਨਾਮ ਦਾ ਸਿਮਰਨ ਲਿਵ ਲਾ ਕੇ ਕਰਿਆ ਕਰ।(ਜਿਨ੍ਹਾਂ ਮਨੁੱਖਾਂ ਨੇ) ਰਾਮ ਦਾ ਨਾਮ ਜਪਿਆ ਹੈ, (ਉਹ) ਪਵਿਤ੍ਰ ਹੋਏ ਹਨ।(ਉਨ੍ਹਾਂ ਦੇ) ਜਨਮਾਂ ਜਨਮਾਂ ਦੇ ਪਾਪ ਦੂਰ ਹੋ ਗਏ ਹਨ।੩।(ਹੇ ਭਾਈ!) ਰਾਮ ਨਾਮ ਸਿਮਰਦਿਆਂ (ਪ੍ਰਮਾਤਮਾ ਮਨੁੱਖ ਦਾ) ਜਨਮ ਮਰਣ ਦੂਰ ਕਰ ਦਿੰਦਾ ਹੈ।ਰਾਮ ਨਾਮ ਉਚਾਰਦਿਆਂ (ਰਾਮ) ਭਵਜਲ ਤੋਂ ਪਾਰ ਉਤਾਰ ਦਿੰਦਾ ਹੈ।ਰਾਮ ਨਾਮ ਦਾ ਪ੍ਰਕਾਸ਼ ਸਭ ਤੋਂ ਉਚਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ!) ਦਾਸ ਬਣ ਕੇ ਰਾਤ ਦਿਨ ਪ੍ਰਭੂ ਦਾ ਨਾਮ ਜਪਿਆ ਕਰ।੪।੮।੧੦।

ਪਦਾਰਥ = ਰਾਮ-ਸਰਬ ਵਿਆਪਕ ਵਾਹਿਗੁਰੂ।ਸੰਗਿ-ਨਾਲ।ਬਿਉਹਾਰ-ਵਿਹਾਰ; ਵਪਾਰ; ਲੈਣ ਦੇਣ।ਪ੍ਰਾਨ ਅਧਾਰ-ਪ੍ਰਾਣਾਂ ਦਾ ਆਸਰਾ।ਗਾਇ-ਗਾਇਆ ਕਰ।ਰਮਤ-ਰਮਿਆ (ਵਿਆਪਕ)।ਸਭ-ਸਾਰੀ ਸ੍ਰਿਸਟੀ ਵਿਚ।ਰਹਿਓ ਸਮਾਇ-ਸਮਾ ਰਿਹਾ ਹੈ।੧। ਮਿਲਿ-ਮਿਲ ਕੇ।ਬੋਲਹੁ-ਬੋਲੋ (ਜਪੋ)।ਸਭ ਤੇ-ਸਾਰੇ (ਕੰਮਾਂ) ਤੋਂ।ਨਿਰਮਲ-ਪਵਿਤ੍ਰ।ਪੂਰਨ ਕਾਮ-ਸਫਲ ਕੰਮ।੧।ਰਹਾਉ। ਸੰਚਿ-ਇਕੱਠਾ ਕਰ ਲੈ।ਭੰਡਾਰ-ਖਜਾਨੇ ਵਿਚ।ਆਹਾਰ-ਭੋਜਨ।ਵੀਸਰਿ ਨਹੀ ਜਾਇ-ਭੁੱਲ ਨਹੀਂ ਜਾਂਦਾ।ਗੁਰਿ-ਗੁਰੂ ਨੇ।ਦੀਆ ਬਤਾਇ-ਦੱਸ ਦਿਤਾ ਹੈ।੨।ਸਹਾਇ-ਸਹਾਇਤਾ ਕਰਨ ਵਾਲਾ।ਲਿਵ ਲਾਇ-ਸੁਰਤ ਜੋੜ ਕੇ।ਨਿਰਮਲ-ਪਵਿਤ੍ਰ।ਭਏ-ਹੋਏ ਹਨ। ਕਿਲਬਿਖ-ਪਾਪ।੩।ਰਮਤ-ਸਿਮਰਦਿਆਂ।ਨਿਵਾਰੈ-ਦੂਰ ਕਰਦਾ ਹੈ।ਉਚਰਤ-ਉਚਾਰਦਿਆਂ।ਭੈ-ਭਵ (ਸੰਸਾਰ ਸਮੁੰਦਰ)।ਪਾਰਿ ਉਤਾਰੈ-ਪਾਰ ਉਤਾਰ ਦਿੰਦਾ ਹੈ।ਪਰਗਾਸ-ਚਾਨਣ।ਸਭ ਤੇ-ਸਭ ਤੋਂ।ਨਿਸਿ-ਰਾਤ।ਬਾਸੁਰ-ਦਿਨ।੪।੮।੧੦।

ਗੋਂਡ ਮਹਲਾ ੫ ॥ ਉਨ ਕਉ ਖਸਮਿ ਕੀਨੀ ਠਾਕਹਾਰੇ ॥ ਦਾਸ ਸੰਗ ਤੇ ਮਾਰਿ ਬਿਦਾਰੇ ॥ ਗੋਬਿੰਦ ਭਗਤ ਕਾ ਮਹਲੁ ਨ ਪਾਇਆ ॥ ਰਾਮ ਜਨਾ ਮਿਲਿ ਮੰਗਲੁ ਗਾਇਆ ॥੧॥ ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥ ਰਾਮ ਭਗਤ ਕੇ ਪਾਨੀਹਾਰ ॥੧॥ਰਹਾਉ॥ ਜਗਤ ਪਾਸ ਤੇ ਲੇਤੇ ਦਾਨੁ ॥ ਗੋਬਿੰਦ ਭਗਤ ਕਉ ਕਰਹਿ ਸਲਾਮੁ ॥ ਲੂਟਿ ਲੇਹਿ ਸਾਕਤ ਪਤਿ ਖੋਵਹਿ ॥ ਸਾਧ ਜਨਾ ਪਗ ਮਲਿ ਮਲਿ ਧੋਵਹਿ ॥੨॥ ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥ ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥੩॥ ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥ ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥ ਉਨ੍ਹਾਂ (ਕਾਮਾਦਿਕਾਂ) ਨੂੰ ਮਾਲਕ ਪ੍ਰਭੂ ਨੇ (ਭਗਤਾਂ ਤਕ ਪੁੱਜਣ ਤੋਂ) ਰੁਕਾਵਟ ਕਰ ਦਿਤੀ ਹੈ।ਦਾਸਾਂ ਨਾਲ ਤੋਂ (ਉਹ ਕਾਮਾਦਿਕ ਵੈਰੀ ਪ੍ਰਭੂ ਨੇ) ਮਾਰ ਕੇ ਨਾਸ਼ ਕਰ ਦਿਤੇ ਹਨ।ਗੋਬਿੰਦ ਦੇ ਭਗਤਾਂ ਦਾ ਟਿਕਾਣਾ (ਕਾਮਾਦਿਕਾਂ ਨੂੰ) ਪ੍ਰਾਪਤ ਨਹੀਂ ਹੋਇਆ (ਪ੍ਰਭੂ ਦੀ ਕ੍ਰਿਪਾ ਹੋਣ ਕਰਕੇ ਉਹ ਭਗਤਾਂ ਤਕ ਪੁਜ ਨਹੀਂ ਸਕਦੇ। ਕਿਉਂਕਿ) ਪ੍ਰਭੂ ਦੇ ਸੇਵਕ ਜਨਾਂ ਨੇ ਆਪਸ ਵਿਚ ਮਿਲ ਕੇ ਪ੍ਰਭੂ ਦਾ ਜਸ ਗਾਇਆ ਹੈ।੧।(ਹੇ ਭਾਈ!) ਪੰਜ ਕਾਮਾਦਿਕ ਸਾਰੀ ਸ੍ਰਿਸਟੀ ਦੇ ਸਰਦਾਰ ਹਨ।(ਪਰ ਉਹ) ਪ੍ਰਭੂ ਦੇ ਭਗਤਾਂ ਦੇ ਪਾਣੀ ਭਰਨ ਵਾਲੇ ਨੌਕਰ ਹਨ (ਇਹ ਵਿਕਾਰ ਭਗਤਾਂ ਦੇ ਅਧੀਨ ਹਨ)।੧।ਰਹਾਉ।(ਇਹ ਕਾਮਾਦਿਕ ਵਿਕਾਰ) ਸਾਰੇ ਜਗਤ ਪਾਸ ਤੋਂ ਡੰਨ ਲੈਂਦੇ ਹਨ।(ਪਰ) ਪ੍ਰਭੂ ਦੇ ਭਗਤਾਂ ਨੂੰ ਸਲਾਮ ਕਰਦੇ ਹਨ।(ਇਹ ਪੰਜੇ ਵਿਕਾਰ) ਸਾਕਤਾਂ (ਦੇ ਆਤਮਕ ਗੁਣਾਂ) ਦੀ ਪੂੰਜੀ ਲੁੱਟ ਲੈਂਦੇ ਹਨ ਅਤੇ (ਸਾਕਤਾਂ ਦੀ) ਇੱਜਤ ਬਰਬਾਦ ਕਰ ਦੇਂਦੇ ਹਨ।(ਪਰ ਇਹ) ਸਾਧੂ ਜਨਾਂ ਦੇ ਪੈਰ ਮਲ ਮਲ ਕੇ ਧੋਂਦੇ ਹਨ।੨।(ਹੇ ਭਾਈ!) ਪੰਜ ਕਾਮਾਦਿਕ ਪੁਤ੍ਰਾਂ ਨੂੰ ਇਕ ਮਾਇਆ ਨੇ ਜਨਮ ਦਿਤਾ ਹੈ।(ਪ੍ਰਭੂ ਦੇ ਹੁਕਮ ਨਾਲ ਇਸ ਮਾਇਆ ਨੇ) ਉਤਭੁਜ ਆਦਿ ਚਾਰ ਖਾਣੀਆਂ ਦੀ ਖੇਡ ਰਚ ਕਰਕੇ ਜਗਤ ਨੂੰ ਪੈਦਾ ਕੀਤਾ ਹੈ।(ਜਗਤ ਦੇ ਜੀਵ) ਤਿੰਨ ਰਜੋ, ਸਤੋ ਤੇ ਤਮੋ ਗੁਣਾਂ ਦੇ ਨਾਲ ਰਚ ਮਿਚ ਕੇ ਰਸ ਮਾਣਦੇ ਹਨ।ਭਗਤ ਜਨ ਇਨ੍ਹਾਂ ਤਿੰਨ ਗੁਣਾਂ ਨੂੰ ਛਡ ਕੇ ਉਪਰ (ਚੌਥੇ ਪਦ ਵਿਚ) ਵਸਦੇ ਹਨ।੩।(ਹੇ ਭਾਈ!) ਪ੍ਰਭੂ ਨੇ ਕ੍ਰਿਪਾ ਕਰਕੇ (ਇਨ੍ਹਾਂ ਵਿਕਾਰਾਂ ਤੋਂ ਅਪਣੇ) ਸੇਵਕ ਛਡਾ ਲਏ ਹਨ।ਜਿਸ ਪ੍ਰਭੂ ਦੇ (ਇਹ ਪੰਜੇ ਵਿਕਾਰ) ਪੈਦਾ ਕੀਤੇ ਹੋਏ ਸਨ, ਉਸ ਨੇ ਹੀ (ਇਹ ਅਪਣੇ ਸੇਵਕਾਂ ਪਾਸ ਜਾਣ ਤੋਂ) ਹਟਾ ਕੇ ਰੱਖੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਕਾਮਾਦਿਕਾਂ ਤੋਂ ਬਚਣ ਵਾਸਤੇ) ਪ੍ਰਭੂ ਦੀ ਭਗਤੀ ਸ੍ਰੇਸਟ ਹੈ ;ਪ੍ਰਭੂ ਦੀ ਭਗਤੀ ਨੂੰ ਸੰਭਾਲ (ਸਿਮਰਨ ਕਰ)।ਪ੍ਰਭੂ ਦੀ ਭਗਤੀ ਤੋਂ ਬਿਨਾ ਸਾਰਾ ਜਗਤ ਖਜਲ ਖੁਆਰ ਹੁੰਦਾ ਹੈ।੪।੯।੧੧।

ਪਦਾਰਥ = ਉਨ ਕਉ-ਉਨ੍ਹਾਂ (ਪੰਜ ਕਾਮਾਦਿਕਾਂ) ਨੂੰ।ਖਸਮਿ-ਮਾਲਕ ਪ੍ਰਭੂ ਨੇ।ਕੀਨੀ ਠਾਕਹਾਰੇ-ਰੁਕਾਵਟ ਕਰ ਦਿਤੀ।ਦਾਸ ਸੰਗਿ ਤੇ-ਦਾਸਾਂ ਨਾਲ ਤੋਂ।ਮਾਰਿ ਬਿਦਾਰੇ-ਮਾਰ ਕੇ ਨਾਸ਼ ਕਰ ਦਿਤੇ।ਭਗਤ ਕਾ-ਭਗਤਾਂ ਦਾ।ਮਹਲੁ-ਟਿਕਾਣਾ।ਰਾਮ ਜਨਾ-ਪ੍ਰਭੂ ਦੇ ਸੇਵਕਾਂ ਨੇ।ਮਿਲਿ-ਮਿਲ ਕੇ।ਮੰਗਲੁ-ਜਸ ਦਾ ਗੀਤ।੧।ਸਗਲ ਸ੍ਰਿਸਟਿ ਕੇ-ਸਾਰੀ ਸ੍ਰਿਸਟੀ ਦੇ।ਸਿਕਦਾਰ-ਹਾਕਮ; ਚੌਧਰੀ।

ਪੰਚ–ਪੰਜ ਕਾਮਾਦਿਕ।ਪਾਨੀਹਾਰ–ਪਾਣੀ ਭਰਨ ਵਾਲੇ ਨੌਕਰ।੧।ਰਹਾਉ।ਪਾਸ ਤੇ–ਪਾਸ ਤੋਂ (ਪਾਸੋਂ)।ਲੇਤੇ ਦਾਨੁ–ਡੰਨ (ਟੈਕਸ) ਲੈਂਦੇ ਹਨ।ਕਉ–ਨੂੰ।ਕਰਹਿ ਸਲਾਮੁ–ਨਮਸ਼ਕਾਰ ਕਰਦੇ ਹਨ।ਲੂਟਿ ਲੇਹਿ–ਲੁੱਟ ਲੈਂਦੇ ਹਨ।ਸਾਕਤ–ਪ੍ਰਭੂ ਤੋਂ ਬੇਮੁਖ ਮਨੁੱਖ।ਪਤਿ –ਇੱਜਤ।ਖੋਵਹਿ–ਬਰਬਾਦ ਕਰ ਦੇਂਦੇ ਹਨ।ਪਗ–ਪੈਰ।ਮਲਿ ਮਲਿ–ਮਲ ਮਲ ਕੇ।ਧੋਵਹਿ–ਧੋਂਦੇ ਹਨ।੨।ਪੰਚ ਪੂਤ–ਪੰਜ ਪੁਤ੍ਰ (ਕਾਮ ਆਦਕ)।ਜਣੇ–ਜਨਮ ਦਿਤਾ।ਇਕ ਮਾਇ–ਇਕ ਮਾਇਆ ਨੇ।ਉਤਭੁਜ ਖੇਲੁ–ਉਤਭੁਜ ਆਦਿ ਚਾਰ ਖਾਣੀਆਂ ਦੀ ਖੇਡ।ਕਰਿ–ਰਚ ਕਰਕੇ।ਵਿਆਇ–ਪੈਦਾ ਕੀਤੇ ਹਨ।ਤੀਨਿ ਗੁਣਾ–ਤਿੰਨ ਰਜੋ, ਸਤੋ ਤੇ ਤਮੋ ਗੁਣ।ਕੈ ਸੰਗਿ–ਦੇ ਨਾਲ।ਰਚਿ–ਇਕ ਮਿਕ (ਮਸਤ) ਹੋ ਕੇ।ਰਸੇ–ਰਸ ਮਾਣਦੇ ਹਨ।ਇਨ ਕਉ–ਇਨ੍ਹਾਂ (ਤਿੰਨ ਗੁਣਾਂ) ਨੂੰ।ਊਪਰਿ–ਉਪਰਲੀ (ਤੁਰੀਆ ਪਦ; ਉਚੀ ਆਤਮਕ) ਅਵਸਥਾ ਵਿਚ।ਬਸੇ–ਵਸਦੇ ਹਨ।੩।ਜਿਸ ਕੇ–ਜਿਸ ਦੇ।ਸੇ–ਸਨ।ਤਿਨਿ–ਉਸ ਨੇ।ਰਖੇ ਹਟਾਇ–ਹਟਾ ਕੇ ਰੱਖੇ ਹਨ।ਸਾਰੁ–ਸ੍ਰੇਸਟ; ਸੰਭਾਲ ਕਰ।ਸਭ–ਸਾਰਾ ਜਗਤ।ਖੁਆਰੁ–ਖੱਜਲ ਖੁਆਰ; ਬੇਇੱਜਤ।੪।੯।੧੧।

ਗੋਂਡ ਮਹਲਾ ੫ ॥ ਕਲਿ ਕਲੇਸ ਮਿਟੇ ਹਰਿ ਨਾਇ ॥ ਦੁਖ ਬਿਨਸੇ ਸੁਖ ਕੀਨੋ ਠਾਉ ॥ ਜਪਿ ਜਪਿ ਅੰਮ੍ਰਿਤ ਨਾਮੁ ਅਘਾਏ ॥ ਸੰਤ ਪ੍ਰਸਾਦਿ ਸਗਲ ਫਲ ਪਾਏ ॥੧॥ ਰਾਮ ਜਪਤ ਜਨ ਪਾਰਿ ਪਰੇ ॥ ਜਨਮ ਜਨਮ ਕੇ ਪਾਪ ਹਰੇ ॥੧॥ਰਹਾਉ॥ ਗੁਰ ਕੇ ਚਰਨ ਰਿਦੈ ਉਰਿ ਧਾਰੇ ॥ ਅਗਨਿ ਸਾਗਰ ਤੇ ਉਤਰੇ ਪਾਰੇ ॥ ਜਨਮ ਮਰਣ ਸਭ ਮਿਟੀ ਉਪਾਧਿ ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ ॥੨॥ ਥਾਨ ਥਨੰਤਰਿ ਏਕੋ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ਕਰਿ ਕਿਰਪਾ ਜਾ ਕਉ ਮਤਿ ਦੇਇ ॥ ਆਠ ਪਹਰ ਪ੍ਰਭ ਕਾ ਨਾਉ ਲੇਇ ॥੩॥ (ਹੇ ਭਾਈ!) ਹਰੀ ਦਾ ਨਾਮ ਜਪਣ ਨਾਲ (ਗੁਰਮੁਖਾਂ ਦੇ ਅੰਦਰੋਂ) ਕਲਜੁਗ ਦੇ ਕਲੇਸ ਮਿਟ ਗਏ ਹਨ।(ਉਨ੍ਹਾਂ ਦੇ) ਦੁਖ ਨਾਸ਼ ਹੋ ਗਏ ਹਨ ਅਤੇ ਸੁੱਖਾਂ ਨੇ (ਉਨ੍ਹਾਂ ਦੇ ਅੰਦਰ) ਟਿਕਾਣਾ ਕਰ ਲਿਆ ਹੈ।ਅੰਮ੍ਰਿਤ ਨਾਮ ਜਪ ਜਪ ਕੇ (ਪਦਾਰਾਥਾਂ ਦੀ ਤ੍ਰਿਸ਼ਨਾਂ ਵੱਲੋਂ ਉਹ) ਰੱਜ ਗਏ ਹਨ।(ਉਨ੍ਹਾਂ ਨੇ) ਸੰਤ ਗੁਰੂ ਦੀ ਕਿਰਪਾ ਨਾਲ ਸਾਰੇ ਫਲ ਪ੍ਰਾਪਤ ਕਰ ਲਏ ਹਨ।੧।(ਹੇ ਭਾਈ!) ਵਾਹਿਗੁਰੂ ਦਾ ਨਾਮ ਜਪਦਿਆਂ ਗੁਰਮੁਖ ਜਨ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਏ ਹਨ।(ਅਤੇ ਉਨ੍ਹਾਂ ਦੇ) ਜਨਮਾਂ ਜਨਮਾਂ ਦੇ ਪਾਪ ਦੂਰ ਹੋ ਗਏ ਹਨ।੧।ਰਹਾਉ।(ਹੇ ਭਾਈ! ਗੁਰਮੁਖਾਂ ਨੇ) ਪ੍ਰਭੂ ਦੇ ਚਰਨ ਅਪਣੇ ਹਿਰਦੇ ਵਿਚ ਟਿਕਾਏ ਹੋਏ ਹਨ।(ਜਿਸ ਕਰਕੇ ਉਹ) ਅੱਗ ਦੇ ਸਮੁੰਦਰ ਤੋਂ ਪਾਰ ਉਤਰ (ਲੰਘ) ਗਏ ਹਨ।(ਉਨ੍ਹਾਂ ਦੇ) ਜਨਮ ਮਰਣ ਦੇ ਸਾਰੇ ਦੁੱਖ ਮਿਟ ਗਏ ਹਨ।ਅਤੇ ਸਹਿਜ ਸੁਭਾਵਕ ਹੀ (ਉਨ੍ਹਾਂ ਦੀ) ਪ੍ਰਭੂ ਨਾਲ ਸਮਾਧੀ ਲਗ ਗਈ ਹੈ।੨।(ਹੇ ਭਾਈ!) ਥਾਵਾਂ ਅਤੇ ਥਾਵਾਂ ਦੇ ਅੰਦਰ ਇਕੋ ਮਾਲਕ ਪ੍ਰਭੂ ਵਿਆਪਕ ਹੈ।ਉਹ ਸਾਰੇ ਜੀਵਾਂ ਦੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਹੈ।(ਉਹ) ਕ੍ਰਿਪਾ ਕਰਕੇ ਜਿਸ ਜੀਵ ਨੂੰ ਚੰਗੀ ਅਕਲ ਬਖਸ਼ ਦੇਂਦਾ ਹੈ।(ਉਹ ਜੀਵ) ਅੱਠੇ ਪਹਿਰ ਪ੍ਰਭੂ ਦਾ ਨਾਉ ਲੈਂਦਾ (ਜਪਦਾ) ਹੈ।੩।

ਅੰਗ ੮੬੬ = ਜਾ ਕੈ ਅੰਤਰਿ ਵਸੈ ਪ੍ਰਭੁ ਆਪਿ ॥ ਤਾ ਕੈ ਹਿਰਦੈ ਹੋਇ ਪ੍ਰਗਾਸੁ ॥ ਭਗਤਿ ਭਾਇ ਹਰਿ ਕੀਰਤਨੁ ਕਰੀਐ ॥ ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ ॥੪॥੧੦॥੧੨॥ (ਹੇ ਭਾਈ!) ਜਿਸ ਮਨੁੱਖ ਦੇ ਹਿਰਦੇ ਅੰਦਰ ਪ੍ਰਭੂ ਆਪ ਆ ਵਸਦਾ ਹੈ। ਉਸ ਦੇ ਹਿਰਦੇ ਅੰਦਰ (ਬੇਅੰਤ ਗਿਆਨ ਦਾ) ਪ੍ਰਕਾਸ਼ ਹੁੰਦਾ ਹੈ।ਭਗਤੀ ਭਾਵ ਨਾਲ ਪ੍ਰਭੂ ਦਾ ਕੀਰਤਨ ਕਰਨਾ ਚਾਹੀਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਨੂੰ ਜਪ ਕੇ (ਭਵਜਲ ਨੂੰ) ਤਰ ਜਾਈਦਾ ਹੈ।੪।੧੦।੧੨।

ਪਦਾਰਥ = ਕਲਿ–ਕਲਜੁਗ ਦੇ; ਝਗੜੇ।ਕਲੇਸ–ਦੁਖ।ਹਰਿ ਨਾਇ–ਹਰੀ ਦਾ ਨਾਮ ਜਪਣ ਨਾਲ।ਬਿਨਸੇ–ਨਾਸ਼ ਹੋ ਗਏ।ਕੀਨੋ ਠਾਉ–ਟਿਕਾਣਾ ਕਰ (ਥਾਂ ਬਣਾ) ਲਿਆ।ਜਪਿ–ਜਪ ਕੇ।ਅਘਾਏ–ਰੱਜ ਗਏ।ਸੰਤ ਪ੍ਰਸਾਦਿ–ਸੰਤ ਗੁਰੂ ਦੀ ਕਿਰਪਾ ਨਾਲ।ਸਗਲ –ਸਾਰੇ।ਪਾਏ–ਪ੍ਰਾਪਤ ਕਰ ਲਏ।੧।ਰਾਮ ਜਪਤ–ਵਾਹਿਗੁਰੂ ਦਾ ਨਾਮ ਜਪਦਿਆਂ।ਜਨ–ਗੁਰਮੁਖ ਜਨ।ਪਾਰਿ ਪਰੇ–ਪਾਰ ਲੰਘ ਗਏ।ਹਰੇ–ਦੂਰ ਕਰ ਲਏ।੧।ਰਹਾਉ।ਰਿਦੈ–ਹਿਰਦੇ ਵਿਚ।ਉਰਿ ਧਾਰੇ–ਹਿਰਦੇ ਵਿਚ ਟਿਕਾਏ ਹਨ।ਅਗਨਿ ਸਾਗਰ–ਅੱਗ ਦਾ ਸਮੁੰਦਰ ਸੰਸਾਰ ਜੋ ਦੁੱਖਾਂ ਨਾਲ ਭਰਿਆ ਹੈ ਤੇ ਤਪਾਉਣ ਵਾਲਾ ਹੈ।ਤੇ–ਤੋਂ।ਉਤਰੇ ਪਾਰੇ–ਪਾਰ ਉਤਰ (ਲੰਘ) ਗਏ ਹਨ।ਸਭ ਉਪਾਧਿ–ਸਾਰੇ ਦੁਖ।ਸਿਉ–ਨਾਲ।ਸਹਜਿ ਸਮਾਧਿ–ਜੋਗੀਆਂ ਦੀ ਹਠ ਸਮਾਧੀ ਦੇ ਉਲਟ ਗੁਰਮਤਿ ਵਿਚ ਨਿਰਯਤਨ ਪੂਰੇ ਟਿਕਾਉ ਵਾਲੀ ਸਮਾਧੀ (ਬਿਨਾ ਜਤਨ ਕੀਤਿਆਂ ਹਰੀ ਵਿਚ ਲੱਗੀ ਲਗਨ)।੨।ਥਾਨ ਥਨੰਤਰਿ–ਥਾਵਾਂ ਅਤੇ ਥਾਵਾਂ ਦੇ ਅੰਦਰ।ਸੁਆਮੀ–ਮਾਲਕ ਪ੍ਰਭੂ।ਘਟਾ ਕਾ–ਜੀਵਾਂ ਦਾ।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਕਰਿ–ਕਰਕੇ।ਜਾ ਕਉ–ਜਿਸ ਨੂੰ।ਮਤਿ –ਅਕਲ; ਸਮਝ।ਦੇਇ–ਦੇਂਦਾ ਹੈ।ਨਾਉ ਲੇਇ–ਨਾਮ ਲੈਂਦਾ (ਜਪਦਾ) ਹੈ।੩।ਜਾ ਕੈ–ਜਿਸ ਦੇ।ਅੰਤਰਿ–ਅੰਦਰ।ਤਾ ਕੈ–ਉਸ ਦੇ।ਪ੍ਰਗਾਸੁ–ਚਾਨਣ।ਭਗਤਿ ਭਾਇ–ਭਗਤੀ ਭਾਵ ਨਾਲ।ਨਿਸਤਰੀਐ–ਤਰ ਜਾਈਦਾ ਹੈ।੪।੧੦।੧੨।

ਗੋਂਡ ਮਹਲਾ ੫ ॥ ਗੁਰ ਕੇ ਚਰਨ ਕਮਲ ਨਮਸਕਾਰਿ ॥ ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ॥ ਹੋਇ ਰਹੀਐ ਸਗਲ ਕੀ ਰੀਨਾ ॥ ਘਟਿ ਘਟਿ ਰਮਈਆ, ਸਭ ਮਹਿ ਚੀਨਾ ॥੧॥ ਇਨ ਬਿਧਿ ਰਮਹੁ ਗੋਪਾਲ ਗੋੁਬਿੰਦੁ ॥ ਤਨੁ ਧਨੁ ਪ੍ਰਭ ਕਾ, ਪ੍ਰਭ ਕੀ ਜਿੰਦੁ ॥੧॥ ਰਹਾਉ॥ ਆਠ ਪਹਰ ਹਰਿ ਕੇ ਗੁਣ ਗਾਉ ॥ ਜੀਅ ਪ੍ਰਾਨ ਕੋ ਇਹੈ ਸੁਆਉ ॥ ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ ॥ ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ ॥੨॥ ਜਿਨਿ ਤੂੰ ਕੀਆ ਤਿਸ ਕਉ ਜਾਨੁ ॥ ਆਗੈ ਦਰਗਹ ਪਾਵੈ ਮਾਨੁ ॥ ਮਨੁ ਤਨੁ ਨਿਰਮਲ ਹੋਇ ਨਿਹਾਲੁ ॥ ਰਸਨਾ ਨਾਮੁ ਜਪਤ ਗੋਪਾਲ ॥੩॥ ਕਰਿ ਕਿਰਪਾ ਮੇਰੇ ਦੀਨ ਦਇਆਲਾ ॥ ਸਾਧੂ ਕੀ ਮਨੁ ਮੰਗੈ ਰਵਾਲਾ ॥ ਹੋਹੁ ਦਇਆਲ ਦੇਹੁ ਪ੍ਰਭ ਦਾਨੁ ॥ ਨਾਨਕੁ ਜਪਿ ਜੀਵੈ ਪ੍ਰਭ ਨਾਮੁ ॥੪॥੧੧॥੧੩॥ (ਹੇ ਭਾਈ! ਅਪਣੇ) ਗੁਰੂ ਦੇ ਚਰਨ ਕਮਲਾਂ ਉਤੇ ਨਮਸ਼ਕਾਰ ਕਰ।(ਗੁਰੂ ਦੀ ਕ੍ਰਿਪਾ ਨਾਲ) ਇਸ ਸਰੀਰ ਤੋਂ ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਮਾਰ ਦੇਹ।ਸਭ ਦੇ ਚਰਨਾਂ ਦੀ ਧੂੜ ਹੋ ਕੇ ਰਹਿਣਾ ਚਾਹੀਦਾ ਹੈ।ਅਤੇ ਹਰੇਕ ਜੀਵ ਦੇ ਦਿਲ ਵਿਚ ਪ੍ਰਭੂ ਨੂੰ ਵਸਦਾ ਦੇਖ।੧।(ਹੇ ਭਾਈ! ਅਪਣੇ) ਸਰੀਰ ਤੇ ਧਨ ਨੂੰ ਪ੍ਰਭੂ ਦਾ ਬਖਸ਼ਿਆ ਸਮਝੋ ਅਤੇ (ਅਪਣੀ) ਜਿੰਦ ਜਾਨ ਨੂੰ ਵੀ ਪ੍ਰਭੂ ਦੀ ਦਿਤੀ ਹੋਈ ਸਮਝੋ।ਇਸ ਤਰ੍ਹਾਂ ਸ੍ਰਿਸਟੀ ਦੇ ਪਾਲਣ ਵਾਲੇ ਗੋਬਿੰਦ ਨੂੰ ਸਿਮਰਦੇ ਰਹੋ।੧।ਰਹਾਉ।(ਹੇ ਭਾਈ!) ਅੱਠੇ ਪਹਿਰ ਹਰੀ ਦੇ ਗੁਣ ਗਾਉਂਦਾ ਰਹਿ।ਜੀਵਨ ਤੇ ਪ੍ਰਾਣਾਂ ਦਾ ਪ੍ਰਯੋਜਨ ਇਹੋ ਹੀ ਹੈ।ਹੰਕਾਰ ਨੂੰ ਛਡ ਕੇ ਪ੍ਰਭੂ ਨੂੰ ਅਪਣੇ ਨਾਲ ਵਸਦਾ ਜਾਣ।ਸਾਧੂ ਗੁਰੂ ਦੀ ਕਿਰਪਾ ਨਾਲ ਅਪਣੇ ਮਨ ਨੂੰ ਹਰੀ ਦੇ ਨਾਮ ਨਾਲ ਰੰਗ ਲੈ।੨।(ਹੇ ਭਾਈ!) ਜਿਸ ਪ੍ਰਭੂ ਨੇ ਤੈਨੂੰ ਪੈਦਾ ਕੀਤਾ ਹੈ, ਉਸ ਨੂੰ ਜਾਣ।(ਜਿਹੜਾ ਮਨੁੱਖ ਉਸ ਨੂੰ ਜਾਣ ਲੈਂਦਾ ਹੈ, ਉਹ) ਅੱਗੇ ਰੱਬੀ ਦਰਗਾਹ ਵਿਚ ਆਦਰ ਪ੍ਰਾਪਤ ਕਰਦਾ ਹੈ।ਰਸਨਾ ਨਾਲ ਸ੍ਰਿਸਟੀ ਦੇ ਪਾਲਣ ਵਾਲੇ ਪ੍ਰਭੂ ਦਾ ਨਾਮ ਜਪਦਿਆਂ ਤੇਰਾ ਤਨ ਮਨ ਪਵਿਤ੍ਰ ਤੇ ਨਿਹਾਲ ਹੋ ਜਾਵੇਗਾ।੩।(ਅਰਦਾਸ) ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਮੇਰੇ ਪ੍ਰਭੂ! (ਮੇਰੇ ਉਤੇ) ਕ੍ਰਿਪਾ ਕਰ।ਮੇਰਾ ਮਨ ਸਾਧੂਆਂ ਦੀ ਚਰਨ ਧੂੜ ਮੰਗਦਾ ਹੈ।ਹੇ ਪ੍ਰਭੂ! (ਮੇਰੇ ਉਪਰ) ਦਇਆਵਾਨ ਹੋ, (ਮੈਨੂੰ ਇਹ) ਦਾਨ ਦੇਹ ਕਿ ਨਾਨਕ ਪ੍ਰਭੂ ਦਾ ਨਾਮ ਜਪ ਕੇ ਜਿਉਂਦਾ ਰਹੇ।੪।੧੧।੧੩।

ਪਦਾਰਥ = ਚਰਨ ਕਮਲ–ਕਮਲ ਫੁੱਲ ਵਰਗੇ ਕੋਮਲ ਚਰਨ।ਨਮਸਕਾਰਿ–ਨਮਸ਼ਕਾਰ ਕਰ।ਤਨ ਤੇ–ਸਰੀਰ ਤੋਂ।ਮਾਰਿ–ਮਾਰ ਮੁਕਾ ਦੇਹ।ਹੋਇ ਰਹੀਐ–ਹੋ ਕੇ ਰਹਿਣਾ ਚਾਹੀਦਾ ਹੈ।ਸਗਲ ਕੀ–ਸਭ ਦੀ।ਰੀਨਾ–ਚਰਨ ਧੂੜ।ਘਟਿ ਘਟਿ–ਹਰੇਕ ਜੀਵ ਦੇ ਦਿਲ ਅੰਦਰ।ਰਮਈਆ–ਸਰਬ ਵਿਆਪਕ ਰਾਮ ਨੂੰ।ਚੀਨਾ–ਦੇਖ; ਪਛਾਣ।੧।ਇਨ ਬਿਧਿ–ਇਸ ਤਰ੍ਹਾਂ (ਇਸ ਢੰਗ ਨਾਲ)।ਰਮਹੁ–ਸਿਮਰੋ।ਗੋਪਾਲ–ਸ੍ਰਿਸਟੀ ਦੀ ਪਾਲਣਾ ਕਰਨ ਵਾਲਾ ਪ੍ਰਭੂ।ਜਿੰਦੁ–ਜਾਨ; ਜੀਵਨ।੧।ਰਹਾਉ।ਗਾਉ–ਗਾਉਂਦਾ ਰਹਿ।ਜੀਅ ਕੋ–ਜੀਵਨ ਦਾ।ਸੁਆਉ–ਮਨੋਰਥ; ਲਾਭ।ਤਜਿ–ਛਡ ਕੇ।ਜਾਨੁ ਸੰਗਿ–ਨਾਲ ਵਸਦਾ ਜਾਣ।ਸਾਧ ਪ੍ਰਸਾਦਿ–ਸ੍ਰੇਸਟ ਗੁਰੂ ਦੀ ਕ੍ਰਿਪਾ ਨਾਲ।ਸਿਉ–ਨਾਲ।ਰੰਗਿ–ਰੰਗ ਲੈ।੨।ਜਿਨਿ–ਜਿਸ ਨੇ।ਤੂੰ–ਤੈਨੂੰ।ਕੀਆ–ਪੈਦਾ ਕੀਤਾ ਹੈ।ਤਿਸ ਕਉ–ਉਸ ਨੂੰ।ਜਾਨੁ–ਜਾਣ। ਪਾਵੈ ਮਾਨੁ–ਆਦਰ ਪਾਉਂਦਾ ਹੈ।ਨਿਰਮਲ–ਪਵਿਤ੍ਰ।ਨਿਹਾਲੁ–ਦੁਖ ਰਹਿਤ ਅਵਸਥਾ; ਖਿੜ ਜਾਂਦਾ ਹੈ।ਰਸਨਾ–ਜੀਭ ਨਾਲ। ਜਪਤ–ਜਪਦਿਆਂ।੩।ਦੀਨ ਦਇਆਲਾ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਪ੍ਰਭੂ!।ਸਾਧੂ ਕੀ–ਸੰਤਾਂ ਦੀ।ਰਵਾਲਾ–ਚਰਨ ਧੂੜ।ਹੋਹੁ ਦਇਆਲ–ਦਇਆਵਾਨ ਹੋ।ਪ੍ਰਭ–ਹੇ ਪ੍ਰਭੂ!।ਜਪਿ–ਜਪ ਕੇ।ਜੀਵੈ–ਜਿਉਂਦਾ ਰਹੇ।੪।੧੧।੧੩।

ਗੋਂਡ ਮਹਲਾ ੫ ॥ ਧੂਪ ਦੀਪ ਸੇਵਾ ਗੋਪਾਲ ॥ ਅਨਿਕ ਬਾਰ ਬੰਦਨ ਕਰਤਾਰ ॥ ਪ੍ਰਭ ਕੀ ਸਰਣਿ ਗਹੀ ਸਭ ਤਿਆਗਿ ॥ ਗੁਰ ਸੁਪ੍ਰਸੰਨ ਭਏ ਵਡਭਾਗਿ ॥੧॥ ਆਠ ਪਹਰ ਗਾਈਐ ਗੋਬਿੰਦੁ ॥ ਤਨੁ ਧਨੁ ਪ੍ਰਭ ਕਾ, ਪ੍ਰਭ ਕੀ ਜਿੰਦੁ ॥੧॥ਰਹਾਉ॥ ਹਰਿ ਗੁਣ ਰਮਤ ਭਏ ਆਨੰਦ ॥ ਪਾਰਬ੍ਰਹਮ ਪੂਰਨ ਬਖਸੰਦ ॥ ਕਰਿ ਕਿਰਪਾ ਜਨ ਸੇਵਾ ਲਾਏ ॥ ਜਨਮ ਮਰਣ ਦੁਖ ਮੇਟਿ ਮਿਲਾਏ ॥੨॥ ਕਰਮ ਧਰਮ ਇਹੁ ਤਤੁ ਗਿਆਨੁ ॥ ਸਾਧ ਸੰਗਿ ਜਪੀਐ ਹਰਿ ਨਾਮੁ ॥ ਸਾਗਰ ਤਰਿ ਬੋਹਿਥ ਪ੍ਰਭ ਚਰਣ ॥ ਅੰਤਰਜਾਮੀ ਪ੍ਰਭ ਕਾਰਣ ਕਰਣ ॥੩॥ ਰਾਖਿ ਲੀਏ ਅਪਨੀ ਕਿਰਪਾ ਧਾਰਿ ॥ ਪੰਚ ਦੂਤ ਭਾਗੇ ਬਿਕਰਾਲ ॥ ਜੂਐ ਜਨਮੁ ਨ ਕਬਹੂ ਹਾਰਿ ॥ ਨਾਨਕ ਕਾ ਅੰਗੁ ਕੀਆ ਕਰਤਾਰਿ ॥੪॥੧੨॥੧੪॥ (ਹੇ ਭਾਈ!) ਪ੍ਰਭੂ ਦੀ ਸੇਵਾ ਭਗਤੀ ਹੀ ਧੂਫ ਧੁਖਾਉਣਾ ਅਤੇ ਦੀਵੇ ਜਗਾਉਣ ਦਾ ਉਤਮ ਧਾਰਮਕ ਕਰਮ ਹੈ।ਅਤੇ ਅਨੇਕਾਂ ਵਾਰੀ ਕਰਤਾਰ ਨੂੰ ਬੰਦਨਾ ਕਰਿਆ ਕਰ।(ਜਿਸ ਮਨੁੱਖ ਨੇ) ਸਾਰੇ ਕਰਮ ਛਡ ਕੇ ਪ੍ਰਭੂ ਦੀ ਸ਼ਰਣ ਪਕੜੀ ਹੈ।(ਉਸ ਉਤੇ) ਗੁਰੂ ਜੀ ਬਹੁਤ ਪ੍ਰਸੰਨ ਹੋਏ ਹਨ ਅਤੇ (ਉਹ) ਵੱਡੇ ਭਾਗਾਂ ਵਾਲਾ (ਮਨੁੱਖ) ਹੈ।੧।(ਹੇ ਭਾਈ!) ਅੱਠੇ ਪਹਿਰ ਪ੍ਰਭੂ ਨੂੰ ਗਾਉਣਾ ਚਾਹੀਦਾ ਹੈ।(ਕਿਉਂਕਿ) ਤਨ ਤੇ ਧਨ ਪ੍ਰਭੂ ਦਾ ਦਿਤਾ ਹੋਇਆ ਹੈ ਅਤੇ ਜਿੰਦ ਜਾਨ ਵੀ ਪ੍ਰਭੂ ਦੀ ਹੀ ਦਿਤੀ ਹੋਈ ਹੈ।੧।ਰਹਾਉ।(ਹੇ ਭਾਈ!) ਹਰੀ ਦੇ ਗੁਣ ਉਚਾਰਦਿਆਂ (ਪ੍ਰਭੂ ਦੇ ਸੇਵਕ) ਅਨੰਦ ਪ੍ਰਸੰਨ ਹੋਏ ਹਨ।

(ਕਿਉਂਕਿ) ਪੂਰਨ ਪ੍ਰਭੂ (ਅਨੰਦ ਦੀਆਂ) ਬਖਸ਼ਿਸ਼ਾਂ ਕਰਨ ਵਾਲਾ ਹੈ।(ਉਸ ਨੇ) ਕ੍ਰਿਪਾ ਕਰਕੇ ਅਪਣੇ ਸੇਵਕ ਅਪਣੀ ਸੇਵਾ ਵਿਚ ਲਾ ਲਏ ਹਨ।ਜਨਮ ਮਰਨ ਦੇ ਦੁਖ ਮਿਟਾ ਕੇ (ਉਸ ਨੇ ਅਪਣੇ ਸੇਵਕ ਅਪਣੇ ਨਾਲ) ਮਿਲਾ ਲਏ ਹਨ।੨।(ਹੇ ਭਾਈ!) ਸਾਧ ਸੰਗਤ ਵਿਚ ਜਾ ਕੇ ਹਰੀ ਦਾ ਨਾਮ ਜਪਦੇ ਰਹੀਏ।ਇਹੋ ਹੀ ਕਰਮ ਧਰਮ ਅਤੇ ਅਸਲੀ ਗਿਆਨ ਹੈ।ਸੰਸਾਰ ਸਾਗਰ ਤੋਂ ਤਰਨ ਲਈ ਪ੍ਰਭੂ ਦੇ ਚਰਨ ਜਹਾਜ ਹਨ।(ਸਾਰੇ ਜੀਵਾਂ ਦੇ) ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਪ੍ਰਭੂ ਸਾਰੇ ਕਾਰਨਾਂ ਦੇ ਕਰਨ ਵਾਲਾ ਹੈ।੩।(ਹੇ ਭਾਈ! ਪ੍ਰਭੂ ਨੇ) ਅਪਣੀ ਕ੍ਰਿਪਾ ਕਰਕੇ (ਜਿਹੜੇ ਮਨੁੱਖ ਵਿਕਾਰਾਂ ਤੋਂ) ਬਚਾ ਕੇ ਰੱਖ ਲਏ ਹਨ।(ਉਨ੍ਹਾਂ ਦੇ ਅੰਦਰੋਂ) ਪੰਜ ਭਿਆਨਕ ਕਾਮਾਦਿਕ ਵੈਰੀ ਭੱਜ ਗਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਕਰਤਾਰ ਨੇ ਜਿਸ ਮਨੁੱਖ ਦਾ ਪੱਖ ਕੀਤਾ ਹੈ। (ਉਹ ਵਿਸ਼ੇ ਵਿਕਾਰਾਂ ਦੇ) ਜੂਏ ਵਿਚ ਅਪਣਾ ਮਨੁੱਖ ਜਨਮ ਕਦੇ ਨਹੀਂ ਹਾਰਦਾ।੪।੧੨।੧੪।

ਪਦਾਰਥ = ਧੂਪ ਦੀਪ–(ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਸਮੇਂ) ਧੂਪ ਧੁਖਾਉਣੀ ਤੇ ਦੀਵੇ ਜਗਾਉਣੇ ਆਦਿ ਕਰਮ।ਸੇਵਾ–ਭਗਤੀ।ਗੋਪਾਲ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ।ਅਨਿਕ ਬਾਰ–ਅਨੇਕਾਂ ਵਾਰੀ।ਬੰਦਨ–ਨਮਸ਼ਕਾਰ।ਗਹੀ–ਪਕੜੀ ਹੈ। ਤਿਆਗਿ–ਛਡ ਕੇ।ਸੁਪ੍ਰਸੰਨ–ਬਹੁਤ ਖੁਸ਼।ਭਏ–ਹੋਏ।ਵਡਭਾਗਿ–ਵੱਡੇ ਭਾਗਾਂ ਵਾਲਾ।੧।ਆਠ ਪਹਰ–ਅੱਠੇ ਪਹਿਰ।ਗਾਈਐ–ਗਾਉਣਾ ਚਾਹੀਦਾ ਹੈ।ਤਨੁ–ਸਰੀਰ।ਜਿੰਦੁ–ਜਿੰਦ ਜਾਨ।੧।ਰਹਾਉ।ਰਮਤ–ਉਚਾਰਦਿਆਂ।ਪੂਰਨ–ਸਰਬ ਵਿਆਪਕ।ਬਖਸੰਦ–ਬਖਸ਼ਿਸ਼ਾਂ ਕਰਨ ਵਾਲਾ।ਜਨ–ਸੇਵਕ।ਮੇਟਿ–ਮਿਟਾ ਕੇ।੨।ਕਰਮ ਧਰਮ–(ਤੀਰਥ, ਵਰਤ, ਧੂਪ, ਦੀਪ ਆਦਿ) ਧਾਰਮਕ ਕਰਮ।ਤਤੁ ਗਿਆਨੁ–ਅਸਲੀ ਗਿਆਨ।ਸਾਗਰ–ਸੰਸਾਰ ਸਮੁੰਦਰ।ਤਰਿ–ਤਰਨ ਲਈ।ਬੋਹਿਥ–ਜਹਾਜ।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਕਾਰਣ ਕਰਣ–ਸਾਰੇ ਕਾਰਨਾਂ ਦੇ ਕਰਨ ਵਾਲਾ ਪ੍ਰਭੂ; ਜਗਤ ਰਚਨਾ ਦਾ ਮੂਲ ਕਾਰਣ।੩।ਧਾਰਿ–ਧਾਰ ਕੇ; ਕਰ ਕੇ।ਪੰਚ ਦੂਤ–ਪੰਜ ਕਾਮਾਦਿਕ ਵੈਰੀ।ਭਾਗੇ–ਭੱਜ ਗਏ।ਬਿਕਰਾਲ–ਭਿਆਨਕ।ਜੂਐ–ਜੂਏ ਵਿਚ।ਕਬਹੁ–ਕਦੇ ਵੀ।ਨ ਹਾਰਿ–ਨਹੀਂ ਹਾਰਦਾ।ਅੰਗੁ–ਪੱਖ; ਸਹਾਇਤਾ।ਕੀਤਾ–ਕੀਤਾ।ਕਰਤਾਰਿ–ਕਰਤਾਰ ਨੇ।੪।੧੨।੧੪।

ਗੋਂਡ ਮਹਲਾ ੫ ॥ ਕਰਿ ਕਿਰਪਾ ਸੁਖ ਅਨਦ ਕਰੇਇ ॥ ਬਾਲਕ ਰਾਖਿ ਲੀਏ ਗੁਰਦੇਵਿ ॥ ਪ੍ਰਭ ਕਿਰਪਾਲ ਦਇਆਲ ਗੋੁਬਿੰਦ ॥ ਜੀਅ ਜੰਤ ਸਗਲੇ ਬਖਸਿੰਦ ॥੧॥ ਤੇਰੀ ਸਰਣਿ ਪ੍ਰਭ ਦੀਨ ਦਇਆਲ ॥ ਪਾਰਬ੍ਰਹਮ ਜਪਿ ਸਦਾ ਨਿਹਾਲ ॥੧॥ਰਹਾਉ॥ ਪ੍ਰਭ ਦਇਆਲ ਦੂਸਰ ਕੋਈ ਨਾਹੀ ॥ ਘਟ ਘਟ ਅੰਤਰਿ ਸਰਬ ਸਮਾਹੀ ॥ ਅਪਨੇ ਦਾਸ ਕਾ ਹਲਤੁ ਪਲਤੁ ਸਵਾਰੈ ॥ ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਾਰੈ ॥੨॥ ਅਉਖਧ ਕੋਟਿ ਸਿਮਰਿ ਗੋਬਿੰਦ ॥ ਤੰਤੁ ਮੰਤੁ ਭਜੀਐ ਭਗਵੰਤ ॥ ਰੋਗ ਸੋਗ ਮਿਟੇ ਪ੍ਰਭ ਧਿਆਏ ॥ ਮਨ ਬਾਂਛਤ ਪੂਰਨ ਫਲ ਪਾਏ ॥੩॥ (ਹੇ ਭਾਈ!) ਪ੍ਰਭੂ ਕ੍ਰਿਪਾ ਕਰਕੇ ਸਾਡੇ ਲਈ ਸੁਖ ਤੇ ਅਨੰਦ ਪੈਦਾ ਕਰਦਾ ਹੈ।ਗੁਰਦੇਵ ਨੇ ਸਾਨੂੰ ਬਾਲਕਾਂ ਨੂੰ (ਦੁੱਖਾਂ ਕਲੇਸਾਂ ਤੋਂ ਬਚਾ ਕੇ) ਰਖ ਲਿਆ ਹੈ।(ਕਿਉਂਕਿ) ਗੋਬਿੰਦ ਪ੍ਰਭੂ ਕ੍ਰਿਪਾ ਕਰਨ ਵਾਲਾ ਹੈ ਤੇ ਦਇਆ ਦਾ ਘਰ ਹੈ।(ਉਹ) ਸਾਰੇ ਛੋਟੇ ਵੱਡੇ ਜੀਵ ਜੰਤਾਂ ਉਤੇ ਬਖਸ਼ਿਸ਼ ਕਰਨ ਵਾਲਾ ਹੈ।੧।ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! ਮੈਂ ਤੇਰੀ ਸ਼ਰਣ ਵਿਚ ਆ ਪਿਆ ਹਾਂ।ਪਾਰਬ੍ਰਹਮ ਦਾ ਨਾਮ ਜਪ ਕੇ ਸਦਾ ਪ੍ਰਸੰਨ ਹੋ ਜਾਈਦਾ ਹੈ।੧।ਰਹਾਉ।ਹੇ ਪ੍ਰਭੂ! ਤੇਰੇ ਵਰਗਾ ਦਇਆ ਕਰਨ ਵਾਲਾ (ਜਗਤ ਵਿਚ) ਦੂਜਾ ਹੋਰ ਕੋਈ ਨਹੀਂ।ਤੂੰ ਸਾਰੇ ਜੀਵਾਂ ਦੇ ਹਿਰਦੇ ਅੰਦਰ ਸਮਾ ਰਿਹਾ ਹੈ।ਅਤੇ ਅਪਣੇ ਦਾਸਾਂ ਦਾ ਲੋਕ ਪ੍ਰਲੋਕ ਸਵਾਰ ਦੇਂਦਾ ਹੈਂ।ਹੇ ਪ੍ਰਭੂ! ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਤੇਰਾ ਧਰਮ ਹੈ।੨।(ਹੇ ਭਾਈ!) ਗੋਬਿੰਦ ਦਾ ਨਾਮ ਸਿਮਰਿਆ ਕਰ, ਜੋ ਕ੍ਰੋੜਾਂ ਦਵਾਈਆਂ ਦੇ ਬਰਾਬਰ ਹੈ; ਜੋ ਕ੍ਰੋੜਾਂ ਰੋਗਾਂ ਦੀ ਦਵਾਈ ਹੈ।ਭਗਵੰਤ ਦਾ ਭਜਨ ਕਰਨਾ ਚਾਹੀਦਾ ਹੈ, (ਇਹ ਸ਼੍ਰੋਮਣੀ) ਮੰਤ੍ਰ ਅਤੇ ਤੰਤ੍ਰ ਹੈ।(ਜਿਹੜਾ ਮਨੁੱਖ) ਪ੍ਰਭੂ ਦਾ ਨਾਮ ਧਿਆਉਂਦਾ ਹੈ, (ਉਸ ਦੇ ਸਾਰੇ) ਰੋਗ ਤੇ ਸੋਗ ਮਿਟ ਜਾਂਦੇ ਹਨ।ਅਤੇ (ਉਹ) ਮਨ ਬਾਂਛਤ ਪੂਰਨ ਫਲ ਪ੍ਰਾਪਤ ਕਰ ਲੈਂਦਾ ਹੈ।੩।

ਅੰਗ ੮੬੭ = ਕਰਨ ਕਾਰਨ ਸਮਰਥ ਦਇਆਰ ॥ ਸਰਬ ਨਿਧਾਨ ਮਹਾ ਬੀਚਾਰ ॥ ਨਾਨਕ ਬਖਸਿ ਲੀਏ ਪ੍ਰਭਿ ਆਪਿ ॥ ਸਦਾ ਸਦਾ ਏਕੋ ਹਰਿ ਜਾਪਿ ॥੪॥੧੩॥੧੫॥ (ਹੇ ਭਾਈ!) ਦਇਆ ਕਰਨ ਵਾਲਾ ਪ੍ਰਭੂ ਸਾਰੇ ਕਾਰਨਾਂ ਦੇ ਕਰਨ ਵਾਲਾ ਸਮਰੱਥ ਹੈ।(ਉਸ ਦੇ) ਮਹਾਨ ਬਿਚਾਰ ਸਾਰੇ ਤਰ੍ਹਾਂ ਦੇ ਖਜਾਨੇ ਹਨ; (ਉਸ ਦਾ) ਮਹਾਨ ਬਿਚਾਰ ਕਰਨ ਨਾਲ ਸਾਰੇ ਖਜਾਨੇ ਮਿਲ ਜਾਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਨੇ (ਕ੍ਰਿਪਾ ਕਰਕੇ ਅਪਣੇ ਸੇਵਕ) ਆਪ ਹੀ ਬਖਸ਼ ਲਏ ਹਨ।(ਇਸ ਲਈ ਹੇ ਭਾਈ!) ਸਦਾ ਸਦਾ ਇਕ ਹਰੀ ਦਾ ਨਾਮ ਜਪਿਆ ਕਰ।੪।੧੩।੧੫।

ਪਦਾਰਥ = ਕਰਿ–ਕਰ ਕੇ।ਕਰੇਇ–ਕਰਦਾ ਹੈ।ਬਾਲਕ–ਬੱਚਿਆਂ ਨੂੰ।ਗੁਰਦੇਵਿ–ਗੁਰਦੇਵ (ਪ੍ਰਭੂ) ਨੇ।ਕਿਰਪਾਲ–ਕ੍ਰਿਪਾ ਕਰਨ

ਵਾਲਾ।ਜੀਅ ਜੰਤ-ਛੋਟੇ ਵੱਡੇ ਜੀਵ।ਸਗਲੇ-ਸਾਰੇ।ਬਖਸਿੰਦ-ਬਖਸ਼ਿਸ਼ ਕਰਨ ਵਾਲਾ।੧।ਪ੍ਰਭ-ਹੇ ਪ੍ਰਭੂ!।ਦੀਨ ਦਇਆਲ-ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!।ਜਪਿ-ਜਪ ਕੇ।ਨਿਹਾਲ-ਪ੍ਰਸੰਨ।੧।ਰਹਾਉ।ਦੂਸਰ-ਦੂਜਾ।ਘਟ ਘਟ ਅੰਤਰਿ-ਹਰੇਕ ਜੀਵ ਦੇ ਹਿਰਦੇ ਅੰਦਰ।ਸਰਬ ਸਮਾਹੀ-ਤੂੰ ਸਾਰੇ ਜੀਵਾਂ ਵਿਚ ਸਮਾ ਰਿਹਾ ਹੈਂ।ਹਲਤੁ-ਇਹ ਲੋਕ।ਪਲਤੁ-ਪ੍ਰਲੋਕ।ਸਵਾਰੈ-ਸਵਾਰ ਦੇਂਦਾ ਹੈਂ।ਪਤਿਤ ਪਾਵਨ-ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ।ਬਿਰਦੁ-ਧਰਮ; ਮੁੱਢ ਤੋਂ ਚਲਿਆ ਆਉਂਦਾ ਸੁਭਾਵ; ਨਿਤ ਦਾ ਕਰਮ।ਤੁਮ੍ਹਾਰੈ-ਤੇਰਾ।੨।ਅਉਖਧ-ਦਵਾਈਆਂ।ਕੋਟਿ-ਕ੍ਰੋੜਾਂ।ਸਿਮਰਿ-ਸਿਮਰਿਆ ਕਰ।ਤੰਤੁ ਮੰਤੁ-ਟੂਣਾ; ਰਿਧੀਆਂ ਸਿਧੀਆਂ ਦੀ ਪ੍ਰਾਪਤੀ ਲਈ ਮੰਤ੍ਰ ਜਾਪ।ਸੋਗ-ਗਮ; ਚਿੰਤਾ।ਮਨ ਬਾਂਛਤ-ਮਨ ਦੇ ਚਾਹੇ ਹੋਏ।ਪਾਏ-ਪਾ ਲਏ ਹਨ।੩।ਕਰਨ ਕਾਰਨ-ਸਾਰੇ ਕਾਰਨਾਂ ਦੇ ਕਰਨ ਵਾਲਾ; ਜਗਤ ਦਾ ਮੂਲ ਕਾਰਨ।ਸਮਰਥ-ਯੋਗ (ਲਾਇਕ); ਬਲਵਾਨ।ਦਇਆਰ-ਦਇਆ ਕਰਨ ਵਾਲਾ।ਸਰਬ ਨਿਧਾਨ-ਸਾਰੇ ਖਜਾਨੇ।ਮਹਾ-ਮਹਾਨ; ਉਤਮ।ਪ੍ਰਭਿ-ਪ੍ਰਭੂ ਨੇ।ਜਾਪਿ-ਜਪਿਆ ਕਰ।੪।੧੩।੧੫।

ਗੋਂਡ ਮਹਲਾ ੫ ॥ ਹਰਿ ਹਰਿ ਨਾਮੁ ਜਪਹੁ ,ਮੇਰੇ ਮੀਤ ॥ ਨਿਰਮਲ ਹੋਇ ਤੁਮ੍ਾਰਾ ਚੀਤ ॥ ਮਨ ਤਨ ਕੀ ਸਭ ਮਿਟੈ ਬਲਾਇ ॥ ਦੂਖੁ ਅੰਧੇਰਾ ਸਗਲਾ ਜਾਇ ॥੧। ਹਰਿ ਗੁਣ ਗਾਵਤ, ਤਰੀਐ ਸੰਸਾਰੁ ॥ ਵਡਭਾਗੀ ਪਾਈਐ, ਪੁਰਖੁ ਅਪਾਰੁ ॥੧॥ਰਹਾਉ॥ ਜੋ ਜਨੁ ,ਕਰੈ ਕੀਰਤਨੁ ਗੋਪਾਲ ॥ ਤਿਸ ਕਉ ਪੋਹਿ ਨ ਸਕੈ ਜਮਕਾਲੁ ॥ ਜਗ ਮਹਿ ਆਇਆ ਸੋ ਪਰਵਾਣੁ ॥ ਗੁਰਮੁਖਿ ਅਪਨਾ ਖਸਮੁ ਪਛਾਣੁ ॥੨॥ ਹਰਿ ਗੁਣ ਗਾਵੈ, ਸੰਤ ਪ੍ਰਸਾਦਿ ॥ ਕਾਮ ਕ੍ਰੋਧ ਮਿਟਹਿ ਉਨਮਾਦ ॥ ਸਦਾ ਹਜੂਰਿ ਜਾਣੁ ਭਗਵੰਤ ॥ ਪੂਰੇ ਗੁਰ ਕਾ ਪੂਰਨ ਮੰਤ ॥੩॥ ਹਰਿ ਧਨੁ ਖਾਟਿ ਕੀਏ ਭੰਡਾਰ ॥ ਮਿਲਿ ਸਤਿਗੁਰ, ਸਭਿ ਕਾਜ ਸਵਾਰ ॥ ਹਰਿ ਕੇ ਨਾਮ ਰੰਗ ਸੰਗਿ ਜਾਗਾ ॥ ਹਰਿ ਚਰਣੀ, ਨਾਨਕ ਮਨੁ ਲਾਗਾ ॥੪॥੧੪॥੧੬॥ ਹੇ ਮੇਰੇ ਮਿਤ੍ਰੋ! (ਤੁਸੀਂ) ਹਰਿ ਹਰਿ ਨਾਮ ਜਪਿਆ ਕਰੋ।(ਨਾਮ ਜਪਣ ਨਾਲ) ਤੁਹਾਡਾ ਚਿੱਤ ਪਵਿਤ੍ਰ ਹੋਵੇਗਾ।ਮਨ ਤੇ ਤਨ ਦੀ ਸਾਰੀ ਬਿਪਤਾ ਮਿਟ ਜਾਵੇਗੀ।ਅਤੇ ਮਾਨਸਕ ਦੁਖ ਤੇ ਅਗਿਆਨਤਾ ਦਾ ਸਾਰਾ ਹਨ੍ਹੇਰਾ ਵੀ ਦੂਰ ਹੋ ਜਾਵੇਗਾ।੧।(ਹੇ ਭਾਈ!) ਹਰੀ ਦੇ ਗੁਣ ਗਾਉਂਦਿਆਂ ਸੰਸਾਰ ਸਮੁੰਦਰ ਤੋਂ ਤਰ ਜਾਈਦਾ ਹੈ।ਅਤੇ ਵੱਡੇ ਭਾਗਾਂ ਨਾਲ ਬੇਅੰਤ ਪ੍ਰਭੂ ਨੂੰ ਪਾ ਲਈਦਾ ਹੈ।੧।ਰਹਾਉ।(ਹੇ ਭਾਈ!) ਜੋ ਮਨੁੱਖ ਗੋਪਾਲ ਦਾ ਕੀਰਤਨ ਕਰਦਾ ਹੈ।ਉਸ ਨੂੰ ਕਾਲ ਕਰਨ ਵਾਲਾ ਜਮ ਨਹੀਂ ਲਗ ਸਕਦਾ।ਉਹ ਮਨੁੱਖ ਜਗਤ ਵਿਚ ਆਇਆ ਪ੍ਰਵਾਨ ਹੈ।(ਜਿਸ ਨੇ) ਗੁਰੂ ਦੁਆਰਾ ਅਪਨੇ ਮਾਲਕ ਪ੍ਰਭੂ ਨੂੰ ਪਛਾਣ ਲਿਆ ਹੈ।੨।(ਹੇ ਭਾਈ! ਜਿਹੜਾ ਮਨੁੱਖ) ਸੰਤ ਗੁਰੂ ਦੀ ਕ੍ਰਿਪਾ ਨਾਲ ਹਰੀ ਦੇ ਗੁਣ ਗਾਉਂਦਾ ਹੈ।(ਉਸ ਦੇ ਅੰਦਰੋਂ) ਕਾਮ ਕ੍ਰੋਧ ਆਦਿ ਵਿਕਾਰਾਂ ਦਾ ਪਾਗਲਪਣ ਮਿਟ ਜਾਂਦਾ ਹੈ।(ਹੇ ਭਾਈ!) ਪੂਰੇ ਗੁਰੂ ਦਾ ਪੂਰਨ ਮੰਤ੍ਰ ਲੈ ਕੇ ਪ੍ਰਭੂ ਨੂੰ ਸਦਾ ਅਪਣੇ ਨੇੜੇ ਵਸਦਾ ਜਾਣ।੩।(ਹੇ ਭਾਈ! ਜਿਸ ਮਨੁੱਖ ਨੇ) ਹਰੀ ਦਾ ਨਾਮ ਧਨ ਖੱਟ ਕੇ ਹਿਰਦੇ ਰੂਪ ਭੰਡਾਰ ਭਰ ਲਏ ਹਨ।(ਉਸ ਨੇ) ਸਤਿਗੁਰੂ ਨਾਲ ਮਿਲ ਕੇ ਅਪਣੇ ਸਾਰੇ ਕੰਮ ਸਵਾਰ ਲਏ ਹਨ।(ਉਸ ਦਾ ਮਨ) ਹਰੀ ਦੇ ਨਾਮ ਦੇ ਪ੍ਰੇਮ ਨਾਲ ਜਾਗ ਪਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਦਾ) ਮਨ ਹਰੀ ਦੇ ਚਰਨਾਂ ਨਾਲ ਲਗ ਗਿਆ ਹੈ।੪।੧੪।੧੬।

ਪਦਾਰਥ = ਮੀਤ-ਹੇ ਮਿਤ੍ਰੋ!।ਨਿਰਮਲ-ਪਵਿਤ੍ਰ।ਤਨ-ਸਰੀਰ।ਬਲਾਇ-ਬਿਪਤਾ।ਸਗਲਾ-ਸਾਰਾ।ਜਾਇ-ਦੂਰ ਹੋ ਜਾਵੇਗਾ।੧। ਗਾਵਤ-ਗਾਉਂਦਿਆਂ।ਤਰੀਐ-ਤਰ ਜਾਈਦਾ ਹੈ।ਵਡਭਾਗੀ-ਵੱਡੇ ਭਾਗਾਂ ਨਾਲ।ਪੁਰਖੁ-ਸਰਬ ਵਿਆਪਕ ਪ੍ਰਭੂ।ਅਪਾਰੁ-ਬੇਅੰਤ।੧।ਰਹਾਉ।ਜਨੁ-ਮਨੁੱਖ।ਗੋਪਾਲ-ਦੁਨੀਆਂ ਨੂੰ ਪਾਲਣ ਵਾਲਾ ਪ੍ਰਭੂ।ਤਿਸ ਕਉ-ਉਸ ਨੂੰ।ਪੋਹਿ ਨ ਸਕੈ-ਨਹੀਂ ਲਗ ਸਕਦਾ; ਅਸਰ ਨਹੀਂ ਕਰ ਸਕਦਾ।ਜਮਕਾਲੁ-ਕਾਲ ਕਰਨ ਵਾਲਾ ਜਮ।ਜਗ ਮਹਿ-ਜਗਤ ਵਿਚ।ਸੋ-ਉਹ।ਗੁਰਮੁਖਿ-ਗੁਰੂ ਦੁਆਰਾ।ਖਸਮੁ-ਮਾਲਕ ਪ੍ਰਭੂ।੨।ਸੰਤ ਪ੍ਰਸਾਦਿ-ਸੰਤ ਗੁਰੂ ਦੀ ਕਿਰਪਾ ਨਾਲ।ਮਿਟਹਿ-ਮਿਟ ਜਾਂਦੇ ਹਨ।ਉਨਮਾਦ-ਪਾਗਲਪਣ; ਮਨ ਦਾ ਟਿਕਾਉ ਨਾ ਰਹਿਣਾ।ਮੰਤ-ਉਪਦੇਸ਼।੩।ਖਾਟਿ-ਕਮਾ ਕੇ।ਕੀਏ ਭੰਡਾਰ-ਖਜਾਨੇ ਭਰ ਲਏ ਹਨ।ਮਿਲਿ-ਮਿਲ ਕੇ।ਸਭਿ ਕਾਜ-ਸਾਰੇ ਕੰਮ।ਸਵਾਰ-ਸਵਾਰ ਲਏ ਹਨ।ਰੰਗ ਸੰਗਿ-ਪ੍ਰੇਮ ਨਾਲ।ਜਾਗਾ-ਜਾਗ ਪਿਆ ਹੈ।੪।੧੪।੧੬।

ਗੋਂਡ ਮਹਲਾ ੫ ॥ ਭਵ ਸਾਗਰ ਬੋਹਿਥ ਹਰਿ ਚਰਣ ॥ ਸਿਮਰਤ ਨਾਮੁ ਨਾਹੀ ਫਿਰਿ ਮਰਣ ॥ ਹਰਿ ਗੁਣ ਰਮਤ ਨਾਹੀ ਜਮ ਪੰਥ ॥ ਮਹਾ ਬੀਚਾਰ ਪੰਚ ਦੂਤਹ ਮੰਥ ॥੧॥ ਤਉ ਸਰਣਾਈ ਪੂਰਨ ਨਾਥ ॥ ਜੰਤ ਅਪਨੇ ਕਉ ਦੀਜਹਿ ਹਾਥ ॥੧॥ਰਹਾਉ॥ ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ ॥ ਪਾਰਬ੍ਰਹਮ ਕਾ ਕਰਹਿ ਵਖਿਆਣ ॥ ਜੋਗੀ ਜਤੀ ਬੈਸਨੋ ਰਾਮਦਾਸ ॥ ਮਿਤਿ ਨਾਹੀ ਬ੍ਰਹਮ ਅਬਿਨਾਸ ॥੨॥ ਕਰਣ ਪਲਾਹ ਕਰਹਿ ਸਿਵ ਦੇਵ ॥ ਤਿਲੁ ਨਹੀ ਬੂਝਹਿ ਅਲਖ ਅਭੇਵ ॥ ਪ੍ਰੇਮ ਭਗਤਿ ਜਿਸੁ ਆਪੇ ਦੇਇ ॥ ਜਗ ਮਹਿ ਵਿਰਲੇ ਕੇਈ ਕੇਇ ॥੩॥ ਮੋਹਿ ਨਿਰਗੁਣ ਗੁਣੁ ਕਿਛਹੂ ਨਾਹਿ ॥ ਸਰਬ ਨਿਧਾਨ ਤੇਰੀ ਦ੍ਰਿਸਟੀ ਮਾਹਿ ॥ ਨਾਨਕੁ ਦੀਨੁ ਜਾਚੈ ਤੇਰੀ ਸੇਵ ॥

ਕਰਿ ਕਿਰਪਾ ਦੀਜੈ ਗੁਰਦੇਵ ॥੪॥੧੫॥੧੭॥ (ਹੇ ਭਾਈ!) ਸੰਸਾਰ ਸਮੁੰਦਰ ਤੋਂ ਪਾਰ ਹੋਣ ਲਈ ਹਰੀ ਦੇ ਚਰਣ ਜਹਾਜ ਹਨ। ਹਰੀ ਦਾ ਨਾਮ ਸਿਮਰਦਿਆਂ ਮੁੜ ਕੇ ਮੌਤ ਨਹੀਂ ਹੁੰਦੀ। ਹਰੀ ਦੇ ਗੁਣ ਉਚਾਰਦਿਆਂ ਜਮ ਦੇ ਰਸਤੇ ਨਹੀਂ ਜਾਣਾ ਪੈਂਦਾ। ਹਰੀ ਦੇ ਮਹਾਨ ਬਿਚਾਰ ਪੰਜ ਕਾਮਾਦਿਕ ਵੈਰੀਆਂ ਨੂੰ ਮਾਰ ਦੇਂਦੇ ਹਨ।੧।ਹੇ ਪਰੀ ਪੂਰਨ ਮਾਲਕ ਪ੍ਰਭੂ! ਮੈਂ ਤੇਰੀ ਸਰਣ ਵਿਚ ਆਇਆ ਹਾਂ। ਅਪਣੇ ਪੈਦਾ ਕੀਤੇ ਜੀਵ (ਸੇਵਕ) ਨੂੰ ਹੱਥ ਫੜਾ ਦੇਹ।੧।ਰਹਾਉ।(ਹੇ ਭਾਈ!) ਸਤਾਈ ਸਿਮ੍ਰਤੀਆਂ, ਛੇ ਸ਼ਾਸਤ੍ਰ, ਚਾਰ ਬੇਦ ਅਤੇ ਅਠਾਰਾਂ ਪੁਰਾਣ ਆਦਿ ਗ੍ਰੰਥ ਪਾਰਬ੍ਰਹਮ ਦਾ ਹੀ ਵਖਿਆਨ ਕਰਦੇ ਹਨ। ਅਤੇ ਜੋਗੀ, ਜਤੀ, ਵੈਸ਼ਨਵ ਤੇ ਰਾਮਦਾਸੀਏ ਆਦਿ ਭੇਖੀ ਸਾਧੂ (ਅਤੇ ਉਪਰੋਕਤ ਧਰਮ ਗ੍ਰੰਥ) ਨਾਸ਼ ਰਹਿਤ ਪ੍ਰਭੂ ਦਾ ਅੰਤ ਨਹੀਂ ਪਾ ਸਕੇ।੨।(ਹੇ ਭਾਈ!) ਸ਼ਿਵ ਜੀ ਆਦਿ ਦੇਵਤੇ ਵੀ (ਪ੍ਰਭੂ ਨੂੰ ਜਾਨਣ ਲਈ) ਵਿਰਲਾਪ ਕਰਦੇ ਹਨ। (ਪਰ ਉਹ ਵੀ ਉਸ) ਲੱਖਤਾ ਤੋਂ ਰਹਿਤ, ਭੇਦ ਤੋਂ ਰਹਿਤ ਪ੍ਰਭੂ ਨੂੰ ਤਿਲ ਮਾਤ੍ਰ ਵੀ ਨਹੀਂ ਸਮਝ ਸਕਦੇ। (ਪਰ) ਜਿਸ ਨੂੰ ਪ੍ਰਭੂ ਆਪ ਹੀ ਪ੍ਰੇਮਾ ਭਗਤੀ ਬਖਸ਼ ਦੇਂਦਾ ਹੈ। (ਉਹ ਮਨੁੱਖ) ਜਗਤ ਵਿਚ ਕੋਈ ਕੋਈ ਵਿਰਲੇ ਹਨ।੩।(ਹੇ ਪ੍ਰਭੂ!) ਮੈਂ ਗੁਣ ਹੀਣ ਹਾਂ, (ਮੇਰੇ ਵਿਚ) ਕੋਈ ਗੁਣ ਨਹੀਂ। (ਪਰ) ਤੇਰੀ ਮੇਹਰ ਦੀ ਨਿਗਾਹ ਵਿਚ ਸਾਰੇ ਖਜਾਨੇ ਹਨ। ਗਰੀਬ ਨਾਨਕ ਤੇਰੀ ਸੇਵਾ ਮੰਗਦਾ ਹੈ। ਹੇ ਗੁਰਦੇਵ! ਕ੍ਰਿਪਾ ਕਰਕੇ (ਮੈਨੂੰ ਇਹ ਸੇਵਾ) ਬਖਸ਼ ਦੇਹ।੪।੧੫।੧੭।

ਪਦਾਰਥ = ਭਵ ਸਾਗਰ-ਸੰਸਾਰ ਸਮੁੰਦਰ। ਬੋਹਿਥ-ਜਹਾਜ। ਸਿਮਰਤ-ਸਿਮਰਦਿਆਂ। ਫਿਰਿ-ਮੁੜ ਕੇ। ਮਰਣ-ਮੌਤ। ਜਮ ਪੰਥ-ਜਮ ਦਾ ਰਸਤਾ। ਰਮਤ-ਉਚਾਰਦਿਆਂ। ਪੰਚ ਦੂਤਹ-ਪੰਜ ਕਾਮਾਦਿਕ ਵੈਰੀ। ਮੰਥ-ਮਾਰ ਦੇਂਦਾ ਹੈ।੧। ਤਉ-ਤੇਰੀ। ਪੂਰਨ ਨਾਥ-ਹੇ ਪਰੀ ਪੂਰਨ ਮਾਲਕ ਪ੍ਰਭੂ!। ਜੰਤ-ਜੀਵ। ਦੀਜਹਿ ਹਾਥ-ਹੱਥ ਫੜਾ ਦੇ।੧। ਰਹਾਉ। ਕਰਹਿ ਵਖਿਆਣ-ਬਿਆਨ ਕਰਦੇ ਹਨ। ਜਤੀ -ਬ੍ਰਹਮਚਾਰੀ। ਬੈਸਨੋ-ਵੈਸ਼ਨਵ ਮੱਤ ਦਾ ਸਾਧੂ (ਵਿਸ਼ਨੂੰ ਦਾ ਭਗਤ)। ਰਾਮਦਾਸ-ਦਖਣ ਵਿਚ ਹੋਏ ਭਗਤ ਰਾਮਦਾਸ ਭਗਤ ਦੇ ਮੱਤ ਦੇ ਸਾਧੂ {ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ ੧੦੦੩}; ਦੱਖਣ ਵਿਚ ਬੈਰਾਗੀਆਂ ਦੀ ਸੰਪ੍ਰਦਾਇ ਰਾਮਦਾਸ ਹੈ। ਮਿਤਿ-ਅੰਤ; ਮਰਿਆਦਾ। ਬ੍ਰਹਮ ਅਬਿਨਾਸ-ਨਾਸ਼ ਰਹਿਤ ਪ੍ਰਭੂ।੨। ਕਰਣ ਪਲਾਹ-ਉਹ ਵਿਰਲਾਪ, ਜੋ ਅਪਣੇ ਲਈ ਤਰਸ ਪੈਦਾ ਕਰਨ ਲਈ ਕੀਤੇ ਜਾਣ। ਤਿਲੁ-ਤਿਲ ਜਿੰਨਾ ਵੀ। ਬੂਝਹਿ-ਸਮਝਦੇ। ਅਲਖ-(ਅਲੱਖ ਪੜ੍ਹੋ) ਜਿਸ ਦਾ ਸਹੀ ਸਰੂਪ ਨਾ ਜਾਣਿਆ ਜਾਵੇ। ਅਭੇਵ-ਜਿਸ ਦਾ ਭੇਤ ਨਾ ਪਾਇਆ ਜਾ ਸਕੇ। ਦੇਇ-ਦੇਂਦਾ ਹੈ। ਜਗ ਮਹਿ-ਜਗਤ ਵਿਚ। ਕੇਈ ਕੇਇ-ਕੋਈ ਕੋਈ।੩। ਮੋਹਿ-ਮੈਂ। ਨਿਰਗੁਣ-ਗੁਣ ਹੀਣ। ਸਰਬ ਨਿਧਾਨ-ਸਾਰੇ ਖਜਾਨੇ। ਦ੍ਰਿਸਟੀ ਮਾਹਿ-ਮੇਹਰ ਦੀ ਨਜਰ ਵਿਚ। ਦੀਨੁ-ਗਰੀਬ। ਜਾਚੈ-ਮੰਗਦਾ ਹੈ। ਦੀਜੈ-ਬਖਸ਼ ਦੇਹ। ਗੁਰਦੇਵ-ਹੇ ਗੁਰਦੇਵ!।੪।੧੫।੧੭।

ਗੋਂਡ ਮਹਲਾ ੫ ॥ ਸੰਤ ਕਾ ਲੀਆ, ਧਰਤਿ ਬਿਦਾਰਉ ॥ ਸੰਤ ਕਾ ਨਿੰਦਕੁ ,ਅਕਾਸ ਤੇ ਟਾਰਉ ॥ ਸੰਤ ਕਉ ਰਾਖਉ ,ਅਪਨੇ ਜੀਅ ਨਾਲਿ ॥ ਸੰਤ ਉਧਾਰਉ ਤਤਖਿਣ ਤਾਲਿ ॥੧॥ ਸੋਈ ਸੰਤੁ ਜਿ ਭਾਵੈ ਰਾਮ ॥ ਸੰਤ ਗੋਬਿੰਦ ਕੈ ਏਕੈ ਕਾਮ ॥੧॥ਰਹਾਉ॥ ਸੰਤ ਕੈ ਊਪਰਿ ਦੇਇ ਪ੍ਰਭੁ ਹਾਥ ॥ ਸੰਤ ਕੈ ਸੰਗਿ ਬਸੈ ਦਿਨੁ ਰਾਤਿ ॥ ਸਾਸਿ ਸਾਸਿ ਸੰਤਹ ਪ੍ਰਤਿਪਾਲਿ ॥ ਸੰਤ ਕਾ ਦੋਖੀ ਰਾਜ ਤੇ ਟਾਲਿ ॥੨॥ ਸੰਤ ਕੀ ਨਿੰਦਾ ਕਰਹੁ ਨ ਕੋਇ ॥ ਜੋ ਨਿੰਦੈ ਤਿਸ ਕਾ ਪਤਨੁ ਹੋਇ ॥ ਜਿਸ ਕਉ ਰਾਖੈ ਸਿਰਜਨਹਾਰੁ ॥ ਝਖ ਮਾਰਉ ਸਗਲ ਸੰਸਾਰੁ ॥੩॥ ਪ੍ਰਭ ਅਪਨੇ ਕਾ ਭਇਆ ਬਿਸਾਸੁ ॥ ਜੀਉ ਪਿੰਡੁ ਸਭੁ ਤਿਸ ਕੀ ਰਾਸਿ ॥ (ਪ੍ਰਭੂ ਆਖਦਾ ਹੈ ਕਿ ਜੋ) ਸੰਤਾਂ ਦਾ ਫਿਟਕਾਰਿਆ ਹੋਇਆ ਮਨੁੱਖ ਹੈ, (ਉਸ ਨੂੰ ਮੈਂ) ਧਰਤੀ ਤੋਂ ਨਾਸ਼ ਕਰ ਦੇਂਦਾ ਹਾਂ। ਸੰਤਾਂ ਦੇ ਨਿੰਦਕ ਨੂੰ ਮੈਂ ਅਕਾਸ਼ ਤੋਂ ਥੱਲੇ ਡੇਗ ਦੇਂਦਾ ਹਾਂ (ਉਸ ਦੇ ਵੱਡੇਪਣ ਨੂੰ ਨੀਵਾਂ ਕਰ ਦੇਂਦਾ ਹਾਂ)। ਮੈਂ ਸੰਤਾਂ ਨੂੰ ਅਪਣੇ ਦਿਲ ਨਾਲ ਲਾ ਕੇ ਰੱਖਦਾ ਹਾਂ। ਮੈਂ ਸੰਤਾਂ ਨੂੰ ਤੁਰੰਤ ਝਟਪਟ (ਨਿੰਦਕਾਂ ਦੋਖੀਆਂ ਤੋਂ) ਬਚਾ ਲੈਂਦਾ ਹਾਂ।੧।(ਹੇ ਭਾਈ!) ਸੰਤ ਉਹ ਹੀ ਹੈ, ਜੋ ਪ੍ਰਭੂ ਨੂੰ ਚੰਗਾ ਲਗਦਾ ਹੈ। ਸੰਤਾਂ ਅਤੇ ਪ੍ਰਭੂ ਦੇ ਇਕੋ ਜਿਹੇ ਕੰਮ ਹਨ {ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ। ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ੧੩੭੩}; ਸੰਤਾਂ ਨੂੰ ਇਕ ਗੋਬਿੰਦ ਦੇ ਸਿਮਰਨ ਦਾ ਹੀ ਕੰਮ ਹੁੰਦਾ ਹੈ।੧। ਰਹਾਉ।(ਹੇ ਭਾਈ!) ਪ੍ਰਭੂ ਸੰਤਾਂ ਦੇ ਸਿਰ ਉਤੇ ਅਪਣਾ ਹੱਥ ਦੇ ਕੇ ਰੱਖਿਆ ਕਰਦਾ ਹੈ। ਪ੍ਰਭੂ ਦਿਨ ਰਾਤ ਸੰਤਾਂ ਦੇ ਨਾਲ ਵਸਦਾ ਹੈ। (ਉਹ) ਸੁਆਸ ਸੁਆਸ ਸੰਤਾਂ ਦੀ ਪਾਲਣਾ ਕਰਦਾ ਹੈ। (ਜੋ ਵੀ ਮਨੁੱਖ) ਸੰਤਾਂ ਦਾ ਦੋਖੀ ਹੈ, (ਉਸ ਨੂੰ ਪ੍ਰਭੂ) ਰਾਜ ਤੋਂ ਟਾਲ ਦੇਂਦਾ ਹੈ (ਰਾਜ ਖੋਹ ਲੈਂਦਾ ਹੈ)।੨।(ਹੇ ਭਾਈ!) ਕੋਈ ਵੀ ਮਨੁੱਖ ਸੰਤਾਂ ਦੀ ਨਿੰਦਾ ਨਾ ਕਰਿਆ ਕਰੋ। ਜੋ ਵੀ (ਸੰਤਾਂ ਦੀ) ਨਿੰਦਾ ਕਰਦਾ ਹੈ, ਉਸ ਦਾ ਨਾਸ਼ ਹੋ ਜਾਂਦਾ ਹੈ। ਜਿਸ ਮਨੁੱਖ ਨੂੰ ਸਿਰਜਨਹਾਰ ਪ੍ਰਭੂ (ਅਪਣਾ ਹੱਥ ਦੇ ਕੇ) ਰਖਦਾ ਹੈ। (ਉਸ ਦਾ ਕੋਈ ਮਨੁੱਖ ਕੁਛ ਵਿਗਾੜ ਨਹੀਂ ਸਕਦਾ, ਬੇਸ਼ਕ) ਸਾਰਾ ਸੰਸਾਰ ਝੱਖਾਂ ਮਾਰਦਾ ਫਿਰੇ।੩।(ਹੇ ਭਾਈ! ਜਿਸ ਮਨੁੱਖ ਨੂੰ) ਅਪਣੇ ਪ੍ਰਭੂ ਦਾ ਵਿਸ਼ਵਾਸ ਪ੍ਰਾਪਤ ਹੋਇਆ ਹੈ। (ਉਸ ਦਾ ਨਿਸਚਾ

ਬਣ ਜਾਂਦਾ ਹੈ ਕਿ) ਜਿੰਦ ਤੇ ਸਰੀਰ ਸਭ ਉਸ ਪ੍ਰਭੂ ਦੀ ਬਖਸ਼ੀ ਹੋਈ ਪੂੰਜੀ ਹੈ।

ਅੰਗ ੮੬੮ = ਨਾਨਕ ਕਉ ਉਪਜੀ ਪਰਤੀਤਿ ॥ ਮਨਮੁਖ ਹਾਰ, ਗੁਰਮੁਖ ਸਦ ਜੀਤਿ ॥੪॥੧੬॥੧੮॥ ਨਾਨਕ ਨੂੰ ਪ੍ਰਤੀਤ ਪੈਦਾ ਹੋਈ ਹੈ ਕਿ ਮਨਮੁਖਾਂ ਦੀ ਹਾਰ ਤੇ ਗੁਰਮੁਖਾਂ ਦੀ ਸਦਾ ਜਿੱਤ ਹੁੰਦੀ ਆਈ ਹੈ।੪।੧੬।੧੮।

ਪਦਾਰਥ = ਲੀਆ-ਫਿਟਕਾਰਿਆ ਹੋਇਆ।ਬਿਦਾਰਉ-ਨਾਸ਼ ਕਰ ਦੇਂਦਾ ਹਾਂ।ਤੇ-ਤੋਂ।ਟਾਰਉ-ਮੈਂ ਸੁੱਟ ਦੇਂਦਾ ਹਾਂ।ਕਉ-ਨੂੰ। ਜੀਅ-ਦਿਲ।ਉਧਾਰਉ-ਮੈਂ ਬਚਾ ਲੈਂਦਾ ਹਾਂ।ਤਤਖਿਣ-ਤੁਰੰਤ।ਤਾਲਿ-ਤਾੜੀ ਵੱਜਣ ਜਿੰਨੇ ਸਮੇਂ ਵਿਚ (ਝਟਪਟ)।੧।ਸੋਈ-ਉਹ ਹੀ।ਜਿ-ਜਿਹੜਾ।ਭਾਵੈ-ਚੰਗਾ ਜਾਂ ਪਿਆਰਾ ਲਗਦਾ ਹੈ।ਰਾਮ-ਸਰਬ ਵਿਆਪਕ ਪ੍ਰਭੂ ਨੂੰ।ਕੈ-ਦੇ।ਏਕੈ-ਇਕੋ ਜਿਹਾ।ਕਾਮ-ਕੰਮ ।੧।ਰਹਾਉ।ਕੈ ਊਪਰਿ-ਦੇ ਉਤੇ।ਦੇਇ-ਦੇ ਕੇ।ਸੰਗਿ ਬਸੈ-ਨਾਲ ਵਸਦਾ ਹੈ।ਸਾਸਿ ਸਾਸਿ-ਹਰੇਕ ਸਾਹ ਨਾਲ।ਸੰਤਹ-ਸੰਤਾਂ ਦੀ ।ਪ੍ਰਤਿਪਾਲਿ-ਪਾਲਣਾ ਕਰਦਾ ਹੈ।ਦੋਖੀ-ਵੈਰੀ; ਵਿਰੋਧੀ।ਟਾਲਿ-ਸੁੱਟ ਦੇਂਦਾ ਹੈ।੨।ਕਰਹੁ ਨ-ਨਾ ਕਰੋ।ਤਿਸ ਕਾ-ਉਸ ਦਾ। ਪਤਨੁ-ਨਾਸ਼; ਗਿਰਾਵਟ।ਝਖ-ਦੁਖਦਾਈ ਬਕਵਾਸ।ਮਾਰਉ-ਮਾਰਦਾ ਫਿਰੇ।ਸਗਲ-ਸਾਰਾ।੩।ਭਇਆ-ਹੋਇਆ ਹੈ।ਬਿਸਾਸੁ-ਵਿਸ਼ਵਾਸ।ਜੀਉ-ਜਿੰਦ।ਪਿੰਡੁ-ਸਰੀਰ।ਰਾਸਿ-ਪੂੰਜੀ।ਉਪਜੀ-ਪੈਦਾ ਹੋਈ ਹੈ।ਪਰਤੀਤਿ-ਯਕੀਨ; ਸ਼ਰਧਾ।ਮਨਮੁਖ-ਗੁਰਮਤ ਦੇ ਉਲਟ ਮਨਮੱਤ ਧਾਰਨ ਵਾਲਾ ਮਨੁੱਖ।ਹਾਰ-ਹਾਰ ਜਾਂਦਾ ਹੈ।ਗੁਰਮੁਖ-ਗੁਰੂ ਅਨੁਸਾਰੀ ਮਨੁੱਖ।ਸਦ-ਸਦਾ।੪।੧੬।੧੮।

ਗੋਂਡ ਮਹਲਾ ੫ ॥ ਨਾਮੁ ਨਿਰੰਜਨੁ ਨੀਰਿ ਨਰਾਇਣ ॥ ਰਸਨਾ ਸਿਮਰਤ ਪਾਪ ਬਿਲਾਇਣ ॥੧॥ਰਹਾਉ॥ ਨਾਰਾਇਣ ਸਭ ਮਾਹਿ ਨਿਵਾਸ ॥ ਨਾਰਾਇਣ ਘਟਿ ਘਟਿ ਪਰਗਾਸ ॥ ਨਾਰਾਇਣ ਕਹਤੇ, ਨਰਕਿ ਨ ਜਾਹਿ ॥ ਨਾਰਾਇਣ ਸੇਵਿ, ਸਗਲ ਫਲ ਪਾਹਿ ॥੧ ॥ ਨਾਰਾਇਣ ਮਨ ਮਾਹਿ ਅਧਾਰ ॥ ਨਾਰਾਇਣ ਬੋਹਿਥ ਸੰਸਾਰ ॥ ਨਾਰਾਇਣ ਕਹਤ, ਜਮੁ ਭਾਗਿ ਪਲਾਇਣ ॥ ਨਾਰਾਇਣ ਦੰਤ ਭਾਨੇ ਡਾਇਣ ॥੨॥ ਨਾਰਾਇਣ ਸਦ ਸਦ ਬਖਸਿੰਦ ॥ ਨਾਰਾਇਣ ਕੀਨੇ ਸੂਖ ਅਨੰਦ ॥ ਨਾਰਾਇਣ ਪ੍ਰਗਟ ਕੀਨੋ ਪਰਤਾਪ ॥ ਨਾਰਾਇਣ ਸੰਤ ਕੋ ਮਾਈ ਬਾਪ ॥੩॥ ਨਾਰਾਇਣ ਸਾਧ ਸੰਗਿ ਨਰਾਇਣ ॥ ਬਾਰੰਬਾਰ ਨਰਾਇਣ ਗਾਇਣ ॥ ਬਸਤੁ ਅਗੋਚਰ ਗੁਰ ਮਿਲਿ ਲਹੀ ॥ ਨਾਰਾਇਣ ਓਟ ਨਾਨਕ ਦਾਸ ਗਹੀ ॥੪॥੧੭॥੧੯॥ (ਹੇ ਭਾਈ!) ਮਾਇਆ ਤੋਂ ਨਿਰਲੇਪ ਨਰਾਇਣ ਦਾ ਨਾਮ ਪਾਣੀ ਵਾਂਗ (ਮਨ ਵਿਚ ਠੰਢ ਪਾਉਣ ਵਾਲਾ ਤੇ ਸਭ ਦੇ ਜੀਵਨ ਦਾ ਆਸਰਾ) ਹੈ।ਜੀਭ ਨਾਲ (ਨਰਾਇਣ ਦਾ ਨਾਮ) ਸਿਮਰਦਿਆਂ ਪਾਪ ਦੂਰ ਹੋ ਜਾਂਦੇ ਹਨ।੧।ਰਹਾਉ।(ਹੇ ਭਾਈ!) ਨਰਾਇਣ ਦਾ ਨਿਵਾਸ ਸਾਰੇ ਜੀਵਾਂ ਵਿਚ ਹੈ।ਹਰੇਕ ਜੀਵ ਦੇ ਸਰੀਰ ਵਿਚ ਨਰਾਇਣ ਦੀ ਜੋਤ ਦਾ ਪ੍ਰਕਾਸ਼ ਹੈ।ਨਰਾਇਣ ਦਾ ਨਾਮ (ਜੋ ਮਨੁੱਖ) ਜਪਦੇ ਹਨ, (ਉਹ) ਨਰਕ ਵਿਚ ਨਹੀਂ ਜਾਂਦੇ।(ਉਹ) ਨਰਾਇਣ ਦੀ ਸੇਵਾ ਭਗਤੀ ਕਰਕੇ ਸਾਰੇ ਫਲ ਪ੍ਰਾਪਤ ਕਰ ਲੈਂਦੇ ਹਨ।੧।(ਹੇ ਭਾਈ! ਗੁਰਮੁਖਾਂ ਦੇ) ਮਨ ਵਿਚ ਨਰਾਇਣ ਦੇ ਨਾਮ ਦਾ ਹੀ ਆਸਰਾ ਹੈ।ਸੰਸਾਰ ਸਮੁੰਦਰ ਤੋਂ ਪਾਰ ਕਰਨ ਲਈ ਨਰਾਇਣ ਦਾ ਨਾਮ ਜਹਾਜ ਰੂਪ ਹੈ।ਨਰਾਇਣ ਦਾ ਨਾਮ ਕਹਿੰਦਿਆਂ ਹੀ ਜਮ ਦੌੜ ਕੇ ਨੱਠ ਜਾਂਦੇ ਹਨ।ਨਰਾਇਣ ਦਾ ਨਾਮ (ਮਾਇਆ ਰੂਪ) ਡਾਇਣ ਦੇ ਦੰਦ ਭੰਨ ਦਿੰਦਾ ਹੈ।੨।(ਹੇ ਭਾਈ!) ਨਰਾਇਣ ਸਦਾ ਸਦਾ ਹੀ ਬਖਸ਼ਣਹਾਰ ਹੈ।ਨਰਾਇਣ ਨੇ (ਸਾਡੇ ਸਭ ਲਈ) ਸੁੱਖ ਅਨੰਦ ਪੈਦਾ ਕੀਤੇ ਹਨ।ਨਰਾਇਣ ਨੇ (ਸੰਸਾਰ ਵਿਚ ਸੰਤਾਂ ਦਾ) ਪ੍ਰਤਾਪ ਪ੍ਰਗਟ ਕੀਤਾ ਹੈ।ਨਰਾਇਣ ਹੀ ਸੰਤਾਂ ਦਾ ਮਾਂ ਬਾਪ ਹੈ।੩।(ਹੇ ਭਾਈ!) ਨਰਾਇਣ ਸਾਧ ਸੰਗਤ ਵਿਚ ਵਸਦਾ ਹੈ ਅਤੇ ਸਾਧ ਸੰਗਤ ਨਰਾਇਣ ਦਾ ਰੂਪ ਹੈ; ਸਾਧ ਸੰਗਤ ਵਿਚ ਨਰਾਇਣ ਨਰਾਇਣ ਦਾ ਸਿਮਰਨ ਹੁੰਦਾ ਰਹਿੰਦਾ ਹੈ ।(ਉਥੇ) ਬਾਰ ਬਾਰ ਨਰਾਇਣ ਦਾ ਜਸ ਗਾਇਨ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਦਾਸਾਂ ਨੇ ਨਰਾਇਣ ਦੀ ਓਟ ਪਕੜੀ ਹੈ ਅਤੇ (ਉਨ੍ਹਾਂ ਨੇ) ਗੁਰੂ ਨੂੰ ਮਿਲ ਕੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਨਾਮ ਰੂਪ ਵਸਤੂ ਲੱਭ ਲਈ ਹੈ।੪।੧੭।੧੯।

ਪਦਾਰਥ = ਨਿਰੰਜਨੁ-ਮਾਇਆ ਤੋਂ ਨਿਰਲੇਪ।ਨੀਰਿ-ਪਾਣੀ ਵਾਂਗ ਹੈ।ਨਰਾਇਣ-ਜਿਸ ਦਾ ਘਰ ਸਭ ਨਰਾਂ ਦੇ ਅੰਦਰ ਹੈ (ਮਨੁੱਖਾਂ ਦੇ ਅੰਦਰ ਨਿਵਾਸ ਕਰਨ ਵਾਲਾ ਪ੍ਰਭੂ)।ਰਸਨਾ-ਜੀਭ ਨਾਲ।ਬਿਲਾਇਣ-ਦੂਰ ਹੋ ਜਾਂਦੇ ਹਨ।੧।ਰਹਾਉ।ਸਭ ਮਾਹਿ-ਸਾਰੇ ਜੀਵਾਂ ਵਿਚ।ਘਟਿ ਘਟਿ-ਹਰੇਕ ਜੀਵ ਦੇ ਸਰੀਰ ਵਿਚ।ਕਹਤੇ-ਕਹਿੰਦੇ (ਜਪਦੇ) ਹਨ।ਨਰਕਿ-ਨਰਕ ਵਿਚ।ਨ ਜਾਹਿ-ਨਹੀਂ ਜਾਂਦੇ। ਸੇਵਿ-ਸੇਵਾ ਭਗਤੀ ਕਰਕੇ।ਸਗਲ-ਸਾਰੇ।ਪਾਹਿ-ਪ੍ਰਾਪਤ ਕਰ ਲੈਂਦੇ ਹਨ।੧।ਮਨ ਮਾਹਿ-ਮਨ ਵਿਚ।ਅਧਾਰ-ਆਸਰਾ।ਬੋਹਿਥ-ਜਹਾਜ।ਕਹਤ-ਕਹਿੰਦਿਆਂ।ਭਾਗਿ-ਦੌੜ ਕੇ।ਪਲਾਇਣ-ਨੱਠ ਜਾਂਦਾ ਹੈ।ਦੰਤ-ਦੰਦ।ਭਾਨੇ-ਭੰਨ ਦੇਂਦਾ ਹੈ।ਡਾਇਣ-ਮਾਇਆ ਰੂਪ ਚੜੇਲ (ਭੂਤਨੀ)।੨।ਸਦ ਸਦ-ਸਦਾ ਸਦਾ।ਬਖਸਿੰਦ-ਬਖਸ਼ਣਹਾਰ।ਕੀਨੇ-ਪੈਦਾ ਕੀਤੇ।ਕੀਨੋ-ਕੀਤਾ ਹੈ।ਪਰਤਾਪ-ਤੇਜ ਪ੍ਰਤਾਪ ।ਕੋ-ਦਾ।ਮਾਈ-ਮਾਂ।੩।ਸਾਧ ਸੰਗਿ-ਸਾਧ ਸੰਗਤ ਵਿਚ।ਬਾਰੰਬਾਰ-ਮੁੜ ਮੁੜ।ਬਸਤੁ-ਵਸਤੂ।ਅਗੋਚਰ-ਇੰਦ੍ਰੀਆਂ ਦੀ ਪਹੁੰਚ

ਤੋਂ ਪਰੇ। ਮਿਲਿ-ਮਿਲ ਕੇ। ਲਹੀ-ਲੱਭ ਲਈ ਹੈ। ਦਾਸ-ਦਾਸਾਂ ਨੇ। ਗਹੀ-ਪਕੜੀ ਹੈ।੪।੧੭।੧੯।

ਗੋਂਡ ਮਹਲਾ ੫ ॥ ਜਾ ਕਉ ਰਾਖੈ ਰਾਖਣਹਾਰੁ ॥ ਤਿਸ ਕਾ ਅੰਗੁ ਕਰੇ ਨਿਰੰਕਾਰੁ ॥੧॥ਰਹਾਉ॥ ਮਾਤ ਗਰਭ ਮਹਿ, ਅਗਨਿ ਨ ਜੋਹੈ ॥ ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ ॥ ਸਾਧ ਸੰਗਿ ਜਪੈ ਨਿਰੰਕਾਰੁ ॥ ਨਿੰਦਕ ਕੈ ਮੁਹਿ ਲਾਗੈ ਛਾਰੁ ॥੧॥ ਰਾਮ ਕਵਚੁ ,ਦਾਸ ਕਾ ਸੰਨਾਹੁ ॥ ਦੂਤ ਦੁਸਟ, ਤਿਸੁ ਪੋਹਤ ਨਾਹਿ ॥ ਜੋ ਜੋ ਗਰਬੁ ਕਰੇ, ਸੋ ਜਾਇ ॥ ਗਰੀਬ ਦਾਸ ਕੀ ਪ੍ਰਭੁ ਸਰਣਾਇ ॥੨॥ ਜੋ ਜੋ ਸਰਣਿ ਪਇਆ ਹਰਿ ਰਾਇ ॥ ਸੋ ਦਾਸੁ ਰਖਿਆ, ਅਪਣੈ ਕੰਠਿ ਲਾਇ ॥ ਜੇ ਕੋ ਬਹੁਤੁ ਕਰੇ ਅਹੰਕਾਰੁ ॥ ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ ॥੩॥ ਹੈ ਭੀ ਸਾਚਾ ਹੋਵਣਹਾਰੁ ॥ ਸਦਾ ਸਦਾ ਜਾਈਂ ਬਲਿਹਾਰ ॥ ਅਪਣੇ ਦਾਸ ਰਖੇ ਕਿਰਪਾ ਧਾਰਿ ॥ ਨਾਨਕ ਕੇ ਪ੍ਰਭ ਪ੍ਰਾਣ ਅਧਾਰ ॥੪॥੧੮॥੨੦॥(ਹੇ ਭਾਈ!) ਜਿਸ ਮਨੁੱਖ ਨੂੰ ਰੱਖਿਆ ਕਰਨ ਵਾਲਾ ਪ੍ਰਭੂ ਰੱਖਣਾ ਚਾਹੁੰਦਾ ਹੈ। ਉਸ ਦਾ ਪੱਖ ਨਿਰੰਕਾਰ ਆਪ ਕਰਦਾ ਹੈ।੧।ਰਹਾਉ।(ਹੇ ਭਾਈ! ਜਿਵੇਂ) ਮਾਤਾ ਦੇ ਗਰਭ ਵਿਚ ਅਗਨੀ ਅਸਰ ਨਹੀਂ ਕਰਦੀ।(ਤਿਵੇਂ ਜਿਸ ਮਨੁੱਖ ਦਾ ਪ੍ਰਭੂ ਪੱਖ ਕਰਦਾ ਹੈ, ਉਸ ਉਤੇ) ਕਾਮ, ਕ੍ਰੋਧ, ਲੋਭ ਤੇ ਮੋਹ ਵੀ ਨਹੀਂ ਅਸਰ ਨਹੀਂ ਕਰਦੇ।(ਉਹ ਮਨੁੱਖ) ਸਾਧ ਸੰਗਤ ਵਿਚ ਨਿਰੰਕਾਰ ਨੂੰ ਜਪਦਾ ਹੈ।(ਉਸ ਦੀ) ਨਿੰਦਿਆ ਕਰਨ ਵਾਲੇ ਮਨੁੱਖ ਦੇ ਮੂੰਹ ਉਤੇ ਸੁਆਹ ਲਗਦੀ ਹੈ (ਲਾਹਣਤਾਂ ਪੈਂਦੀਆਂ ਹਨ)।੧।(ਹੇ ਭਾਈ!) ਰਾਮ ਦਾ ਨਾਮ ਮੰਤ੍ਰ ਦਾਸਾਂ ਦਾ (ਵੈਰੀਆਂ ਦੀ ਮਾਰ ਤੋਂ ਬਚਾਉਣ ਵਾਲਾ) ਸੰਜੋਅ ਹੈ।(ਇਸ ਮੰਤ੍ਰ ਕਰਕੇ) ਉਸ ਦਾਸ ਨੂੰ ਦੁਸ਼ਟ ਵੈਰੀ ਪੋਹ ਨਹੀਂ ਸਕਦੇ। ਜੋ ਜੋ ਮਨੁੱਖ (ਅਪਣੀ ਤਾਕਤ ਜਾਂ ਵਡੱਪਣ ਦਾ) ਹੰਕਾਰ ਕਰਦਾ ਹੈ, ਉਹ (ਆਤਮਕ ਤੌਰ ਤੇ) ਨਾਸ ਹੋ ਜਾਂਦਾ ਹੈ। ਪ੍ਰਭੂ ਹੀ ਗਰੀਬ ਦਾਸਾਂ ਦੀ ਸ਼ਰਣ (ਓਟ) ਹੈ।੨।(ਹੇ ਭਾਈ!) ਜੋ ਜੋ ਮਨੁੱਖ ਹਰੀ ਰਾਜੇ ਦੀ ਸ਼ਰਣ ਵਿਚ ਪਿਆ ਹੈ। ਉਸ ਦਾਸ ਨੂੰ ਪ੍ਰਭੂ ਨੇ ਅਪਣੇ ਕੰਠ ਨਾਲ ਲਾ ਕੇ ਰੱਖਿਆ ਹੈ। ਜੇ ਕੋਈ ਮਨੁੱਖ ਬਹੁਤ ਹੰਕਾਰ ਕਰਦਾ ਹੈ। ਉਹ ਇਕ ਖਿਨ ਵਿਚ ਮਿੱਟੀ ਨਾਲ ਮਿਲ ਜਾਂਦਾ ਹੈ।੩।(ਹੇ ਭਾਈ!) ਸੱਚਾ ਪ੍ਰਭੂ ਹੁਣ ਵੀ ਮੌਜੂਦ ਹੈ ਅਤੇ ਅੱਗੇ ਨੂੰ ਵੀ ਸਦਾ ਕਾਇਮ ਰਹਿਣ ਵਾਲਾ ਹੈ। ਮੈਂ (ਉਸ ਪ੍ਰਭੂ ਤੋਂ) ਸਦਾ ਸਦਾ ਬਲਹਾਰ ਜਾਂਦਾ ਹਾਂ।(ਕਿਉਂਕਿ ਉਸ ਨੇ) ਕ੍ਰਿਪਾ ਕਰਕੇ ਅਪਣੇ ਦਾਸਾਂ ਦੀ (ਵੈਰੀਆਂ ਤੋਂ ਸਦਾ) ਰੱਖਿਆ ਕੀਤੀ ਹੈ। ਪ੍ਰਭੂ ਨਾਨਕ ਦੇ ਪ੍ਰਾਣਾਂ ਦਾ ਆਸਰਾ ਹੈ।੪।੧੮।੨੦।

ਪਦਾਰਥ = ਜਾ ਕਉ-ਜਿਸ ਨੂੰ। ਰਾਖੈ-ਰੱਖਦਾ ਹੈ। ਰਾਖਣਹਾਰੁ-ਰੱਖਿਆ ਕਰਨ ਵਾਲਾ ਪ੍ਰਭੂ। ਤਿਸ ਕਾ-ਉਸ ਦਾ। ਅੰਗੁ-ਸਹਾਇਤਾ ;ਪੱਖ। ਕਰੇ-ਕਰਦਾ ਹੈ।੧।ਰਹਾਉ। ਮਾਤ ਗਰਭ ਮਹਿ-ਮਾਤਾ ਦੀ ਬੱਚੇਦਾਨੀ ਵਿਚ। ਨ ਜੋਹੈ-ਅਸਰ ਨਹੀਂ ਕਰਦੀ; ਦੁੱਖ ਨਹੀਂ ਦੇਂਦੀ। ਨ ਪੋਹੈ-ਅਸਰ ਨਹੀਂ ਕਰਦੇ। ਸਾਧ ਸੰਗਿ-ਸਾਧ ਸੰਗਤ ਵਿਚ। ਕੈ-ਦੇ। ਮੁਹਿ-ਮੂੰਹ ਉਤੇ। ਛਾਰੁ-ਸੁਆਹ।੧। ਰਾਮ ਕਵਚੁ-ਰਾਮ ਨਾਮ ਦਾ ਮੰਤ੍ਰ; ਤੰਤ੍ਰ ਵਿਦਿਆ ਵਿਚ ਇਕ ਮੰਤ੍ਰ ,ਜੋ ਭੋਜ ਪੱਤ੍ਰ ਤੇ ਲਿਖ ਕੇ ਤਵੀਤ ਬਣਾ ਕੇ ਡੌਲੇ ਤੇ ਬੰਨ੍ਹਿਆ ਜਾਂਦਾ ਹੈ, ਅਤੇ ਜਾਣਿਆ ਜਾਂਦਾ ਹੈ ਕਿ ਇਹ ਤਵੀਤ ਸਾਰੀਆਂ ਬਿਪਤਾਂ ਤੋਂ ਸਰੀਰ ਦੀ ਰੱਖਿਆ ਕਰੇਗਾ (ਗੁ.ਗ੍ਰੰ.ਕੋਸ਼)। ਸੰਨਾਹੁ-ਸੰਜੋਅ (ਲੋਹੇ ਦਾ ਕੁੜਤਾ, ਜੋ ਸ਼ਸ਼ਤ੍ਰਾਂ ਤੋਂ ਸਰੀਰ ਨੂੰ ਬਚਾਉਂਦਾ ਹੈ)। ਦੂਤ ਦੁਸਟ-ਭੈੜੇ ਵੈਰੀ। ਤਿਸੁ-ਉਸ ਨੂੰ। ਪੋਹਤ ਨਾਹਿ-ਅਸਰ ਨਹੀਂ ਕਰਦੇ। ਗਰਬੁ-ਹੰਕਾਰ। ਸੋ-ਉਹ। ਜਾਇ-ਨਾਸ਼ ਹੋ ਜਾਂਦਾ ਹੈ। ਸਰਣਾਇ-ਓਟ।੨। ਹਰਿ ਰਾਇ-ਹਰੀ ਰਾਜਾ। ਕੰਠਿ ਲਾਇ-ਗਲ ਨਾਲ ਲਾ ਕੇ। ਕੋ-ਕੋਈ। ਖਿਨ ਮਹਿ-ਇਕ ਖਿਨ ਵਿਚ। ਰੁਲਤਾ-ਮਿਲ ਜਾਂਦਾ ਹੈ। ਖਾਕੂ ਨਾਲਿ-ਮਿੱਟੀ ਨਾਲ।੩। ਹੈ ਭੀ-ਹੁਣ ਵੀ ਮੌਜੂਦ ਹੈ। ਸਾਚਾ-ਸੱਚਾ ਪ੍ਰਭੂ। ਹੋਵਣਹਾਰੁ-ਅੱਗੇ ਨੂੰ ਵੀ ਸਦਾ ਕਾਇਮ ਰਹਿਣ ਵਾਲਾ ਹੈ। ਜਾਈਂ ਬਲਿਹਾਰ-ਮੈਂ ਕੁਰਬਾਨ ਜਾਂਦਾ ਹਾਂ। ਕਿਰਪਾ ਧਾਰਿ-ਕ੍ਰਿਪਾ ਕਰਕੇ। ਰਖੇ-ਰੱਖਿਆ ਕੀਤੀ। ਪ੍ਰਾਣ ਅਧਾਰ-ਪ੍ਰਾਣਾਂ ਦਾ ਆਸਰਾ।੪।੧੮।੨੦।

ਗੋਂਡ ਮਹਲਾ ੫ ॥ ਅਚਰਜ ਕਥਾ, ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ਰਹਾਉ॥ ਨਾ ਇਹੁ ਬੂਢਾ, ਨਾ ਇਹੁ ਬਾਲਾ ॥ ਨਾ ਇਸੁ ਦੂਖੁ ,ਨਹੀਂ ਜਮ ਜਾਲਾ ॥ ਨਾ ਇਹੁ ਬਿਨਸੈ, ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥੧॥ ਨਾ ਇਸੁ ਉਸਨੁ ,ਨਹੀ ਇਸ ਸੀਤੁ ॥ ਨਾ ਇਸੁ ਦੁਸਮਨੁ ,ਨਾ ਇਸੁ ਮੀਤੁ ॥ ਨਾ ਇਸੁ ਹਰਖੁ ,ਨਹੀ ਇਸੁ ਸੋਗੁ ॥ ਸਭੁ ਕਿਛੁ ਇਸ ਕਾ, ਇਹੁ ਕਰਨੈ ਜੋਗੁ ॥੨॥ ਨਾ ਇਸੁ ਬਾਪੁ ,ਨਹੀ ਇਸੁ ਮਾਇਆ ॥ ਇਹੁ ਅਪਰੰਪਰੁ ਹੋਤਾ ਆਇਆ ॥ ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ, ਸਦ ਹੀ ਜਾਗੈ ॥੩॥ ਤੀਨਿ ਗੁਣਾ, ਇਕ ਸਕਤਿ ਉਪਾਇਆ ॥ ਮਹਾ ਮਾਇਆ ਤਾ ਕੀ ਹੈ ਛਾਇਆ ॥ ਅਛਲ ਅਛੇਦ ਅਭੇਦ ਦਇਆਲ ॥ ਦੀਨ ਦਇਆਲ ਸਦਾ ਕਿਰਪਾਲ ॥(ਹੇ ਭਾਈ!) ਜੀਵਾਤਮਾ ਪਾਰਬ੍ਰਹਮ ਦਾ ਹੀ ਰੂਪ ਹੈ।(ਇਸ ਦੀ) ਕਥਾ ਅਸਚਰਜ (ਬਿਸਮਾਦ ਅਵਸਥਾ ਵਿਚ ਲੈ ਜਾਣ ਵਾਲੀ) ਅਤੇ ਬਹੁਤ ਬੇਮਿਸਾਲ ਹੈ।੧।ਰਹਾਉ। (ਜੀਵਾਤਮਾ ਜਿਸ ਦਾ ਰੂਪ ਹੈ, ਉਹ ਪ੍ਰਮਾਤਮਾ ਅਜੇਹਾ ਹੈ ਕਿ) ਨਾ ਇਹ ਬੁੱਢਾ ਹੁੰਦਾ ਹੈ ਅਤੇ ਨਾ ਹੀ ਇਹ ਬਾਲਕ ਰੂਪ ਹੈ। ਨਾ

ਇਸ ਨੂੰ ਦੁੱਖ ਲਗਦਾ ਹੈ ਅਤੇ ਨਾ ਇਹ ਜਮ ਦੇ ਜਾਲ ਵਿਚ ਫਸਦਾ ਹੈ। ਨਾ ਇਹ ਮਰਦਾ ਹੈ ਅਤੇ ਨਾ ਹੀ ਇਹ ਜੰਮਦਾ ਹੈ। (ਉਹ ਤਾਂ) ਸ਼ੁਰੂ ਤੋਂ, ਜੁਗਾਂ ਦੇ ਵੀ ਸ਼ੁਰੂ ਤੋਂ (ਹੀ ਸਾਰੇ ਜੀਵਾਂ ਵਿਚ) ਸਮਾ ਰਿਹਾ ਹੈ।੧। (ਹੇ ਭਾਈ!) ਨਾ ਇਸ ਨੂੰ ਗਰਮੀ ਲਗਦੀ ਹੈ ਅਤੇ ਨਾ ਇਸ ਨੂੰ ਠੰਢ ਲਗਦੀ ਹੈ। ਨਾ ਇਸ ਦਾ ਕੋਈ ਦੁਸ਼ਮਨ ਹੈ ਅਤੇ ਨਾ ਹੀ ਇਸ ਦਾ ਕੋਈ ਮਿਤ੍ਰ ਹੈ (ਕਿਉਂਕਿ ਇਸ ਦੇ ਬਰਾਬਰ ਦਾ ਹੋਰ ਕੋਈ ਨਹੀਂ)। ਨਾ ਇਸ ਨੂੰ ਖੁਸ਼ੀ ਹੈ ਅਤੇ ਨਾ ਹੀ ਇਸ ਨੂੰ ਕੋਈ ਗਮ ਹੈ। (ਦੁਨੀਆਂ ਵਿਚ) ਸਭ ਕੁਛ ਇਸੇ ਦਾ ਪੈਦਾ ਕੀਤਾ ਹੋਇਆ ਹੈ ਅਤੇ ਇਹ ਸਭ ਕੁਛ ਕਰਨ ਦੇ ਜੋਗ (ਸਮਰੱਥ) ਹੈ।੨। ਨਾ ਇਸ ਦਾ ਬਾਪ ਹੈ ਅਤੇ ਨਾ ਹੀ ਇਸ ਦੀ ਮਾਂ ਹੈ (ਅਪਣੇ ਆਪ ਤੋਂ ਪੈਦਾ ਹੋਇਆ ਹੋਇਆ ਹੈ)। ਇਹ ਪਰੇ ਤੋਂ ਪਰੇ (ਸਰੀਰਕ ਹੱਦਾਂ ਤੋਂ ਪਰੇ) ਹੁੰਦਾ ਆਇਆ ਹੈ। ਪਾਪ ਤੇ ਪੁੰਨ ਦਾ ਇਸ ਨੂੰ ਕੋਈ ਲੇਪ ਨਹੀਂ ਲਗਦਾ। ਹਰ ਇਕ ਜੀਵ ਦੇ ਸਰੀਰ ਅੰਦਰ ਮੌਜੂਦ ਹੈ ਅਤੇ ਸਦਾ ਹੀ ਜਾਗਦਾ ਰਹਿੰਦਾ (ਚੇਤਨ ਸਰੂਪ) ਹੈ।੩। (ਹੇ ਭਾਈ!) ਤਿੰਨ ਗੁਣਾਂ ਵਾਲੀ ਇਕ ਮਾਇਆ ਨੂੰ (ਪ੍ਰਭੂ ਨੇ) ਪੈਦਾ ਕੀਤਾ ਹੈ। ਮਹਾਂ ਮਾਇਆ ਉਸ ਪ੍ਰਭੂ ਦੀ ਹੀ ਛਾਇਆ (ਪ੍ਰਤੀਬਿੰਬ) ਹੈ। (ਪ੍ਰਭੂ ਨੂੰ ਕੋਈ) ਛਲ ਨਹੀਂ ਸਕਦਾ, (ਉਹ ਕਦੇ) ਨਾਸ਼ ਨਹੀਂ ਹੁੰਦਾ, (ਉਸ ਦਾ) ਭੇਤ ਨਹੀਂ ਪਾਇਆ ਜਾ ਸਕਦਾ ਅਤੇ ਉਹ ਦਇਆਵਾਨ ਹੈ। ਅਤੇ ਗਰੀਬਾਂ ਉਤੇ ਸਦਾ ਦਇਆ ਕਰਨ ਵਾਲਾ ਹੈ ਅਤੇ ਕ੍ਰਿਪਾਲੂ ਹੈ।

ਅੰਗ ੮੬੯ = ਤਾ ਕੀ ਗਤਿ ਮਿਤਿ ਕਛੂ ਨ ਪਾਇ ॥ ਨਾਨਕ ਤਾ ਕੈ ਬਲਿ ਬਲਿ ਜਾਇ ॥੪॥੧੯॥੨੧॥ (ਉਸ ਪ੍ਰਭੂ ਦੀ) ਗਤਿ ਤੇ ਮਿਤਿ ਕੁਛ ਪਾਈ ਨਹੀਂ ਜਾ ਸਕਦੀ। ਨਾਨਕ (ਮਨ ਤੇ ਸਰੀਰ ਕਰਕੇ) ਉਸ ਦੇ ਬਲਿਹਾਰ ਜਾਂਦਾ ਹੈ।੪।੧੯।੨੧।

ਪਦਾਰਥ = ਅਚਰਜ–ਹੈਰਾਨ ਕਰਨ ਵਾਲੀ। ਮਹਾ–ਬਹੁਤ। ਅਨੂਪ–ਬੇ ਮਿਸਾਲ; ਅਦੁਤੀ (ਜਿਸ ਦੀ ਉਪਮਾ ਕਹੀ ਨਹੀਂ ਜਾਂਦੀ)। ਪ੍ਰਾਤਮਾ–ਜੀਵਾਤਮਾ।੧। ਰਹਾਉ। ਬਾਲਾ–ਬਾਲਕ। ਜਮ ਜਾਲਾ–ਜਮਾਂ ਦਾ ਜਾਲ। ਨਾ ਬਿਨਸੈ–ਮਰਦਾ ਨਹੀਂ। ਨ ਜਾਇ–ਜੰਮਦਾ ਨਹੀਂ। ਆਦਿ–ਸ਼ੁਰੂ ਤੋਂ। ਜੁਗਾਦੀ–ਜੁਗਾਂ ਦੇ ਸ਼ੁਰੂ ਤੋਂ। ਰਹਿਆ ਸਮਾਇ–ਸਮਾ (ਵਿਆਪਕ ਹੋ) ਰਿਹਾ ਹੈ।੧। ਉਸਨੁ–ਗਰਮੀ। ਸੀਤੁ–ਠੰਢ। ਮੀਤੁ–ਮਿਤ੍ਰ। ਹਰਖੁ–ਖੁਸ਼ੀ। ਸੋਗੁ–ਗਮ। ਕਰਨੈ ਜੋਗੁ–ਕਰਨ ਦੇ ਸਮਰੱਥ ਹੈ।੨। ਮਾਇਆ–ਮਾਂ। ਅਪਰੰਪਰ–ਪਰੇ ਤੋਂ ਪਰੇ (ਬੇਅੰਤ)। ਹੋਤਾ ਆਇਆ–ਹੁੰਦਾ ਆਇਆ ਹੈ; ਹੋਂਦ ਵਾਲਾ ਹੈ। ਲੇਪੁ–ਅਸਰ; ਦਾਗ; ਕਲੰਕ। ਘਟ ਘਟ ਅੰਤਰਿ–ਹਰੇਕ ਜੀਵ ਦੇ ਸਰੀਰ ਅੰਦਰ। ਸਦ ਹੀ–ਸਦਾ ਹੀ। ਜਾਗੈ–ਚੇਤੰਨ ਰਹਿੰਦਾ ਹੈ।੩। ਤੀਨਿ ਗੁਣਾ–ਤਿੰਨ (ਰਜੋ, ਸਤੋ ਤੇ ਤਮੋ) ਗੁਣਾਂ ਵਾਲੀ। ਸਕਤਿ –ਮਾਇਆ। ਉਪਾਇਆ–ਪੈਦਾ ਕੀਤੀ। ਮਹਾ ਮਾਇਆ–ਭਾਰੀ ਅਵਿਦਿਆ; ਪ੍ਰਕ੍ਰਿਤੀ। ਤਾ ਕੀ–ਉਸ ਦੀ। ਛਾਇਆ–ਪ੍ਰਤੀਬਿੰਬ; ਅਕਸ। ਅਛਲ (ਅਛੱਲ ਪੜ੍ਹੋ)–ਜੋ ਛਲਿਆ ਨਾ ਜਾ ਸਕੇ। ਅਛੇਦ–ਨਾਸ਼ ਰਹਿਤ; ਅਖੰਡ। ਅਭੇਦ–ਜਿਸ ਦਾ ਭੇਤ ਨਹੀਂ ਪਾਇਆ ਜਾ ਸਕਦਾ। ਦੀਨ–ਗਰੀਬ। ਗਤਿ–ਅਵਸਥਾ। ਮਿਤਿ–ਮਰਿਆਦਾ। ਤਾ ਕੈ–ਉਸ ਦੇ। ਬਲਿ–ਕੁਰਬਾਨ।੪।੧੯।੨੧।

ਵਿਆਖਿਆ = ਜੀਵਾਤਮਾ ਤੇ ਪ੍ਰਮਾਤਮਾ ਜੀਵਾਂ ਦੇ ਸਰੀਰਾਂ ਵਾਂਗ ਬੁੱਢੇ ਨਹੀਂ ਹੁੰਦੇ, ਨਾ ਹੀ ਇਨ੍ਹਾਂ ਦੀ ਬੱਚਿਆਂ ਵਾਂਗ ਪਾਲਣਾ ਕੀਤੀ ਜਾਂਦੀ ਹੈ। ਜੀਵਾਤਮਾ ਤੇ ਪ੍ਰਮਾਤਮਾ ਨੂੰ ਜੰਮਣ ਮਰਨ ਦਾ ਦੁਖ ਨਹੀਂ ਹੈ ਅਤੇ ਇਹ ਜਮਾਂ ਦੀ ਫਾਹੀ ਵਿਚ ਵੀ ਨਹੀਂ ਫਸਦੇ। ਇਹ ਮਰਦੇ ਜੰਮਦੇ ਵੀ ਨਹੀਂ, ਇਹ ਤਾਂ ਆਦਿ ਕਾਲ ਤੋਂ ਸਭ ਜਗ੍ਹਾ ਵਿਆਪਕ ਹਨ।੧। ਇਨ੍ਹਾਂ ਨੂੰ ਗਰਮੀ ਤੇ ਸਰਦੀ ਨਹੀਂ ਲਗਦੀ ਅਤੇ ਇਨ੍ਹਾਂ ਦਾ ਕੋਈ ਦੁਸ਼ਮਨ ਤੇ ਮਿਤ੍ਰ ਵੀ ਨਹੀਂ ਹੁੰਦਾ। ਗਰਮੀ ਸਰਦੀ, ਸੁਖ ਦੁਖ, ਖੁਸ਼ੀ ਗਮੀ ਅਤੇ ਦੁਸ਼ਮਨ ਮਿਤ੍ਰ ਸਭ ਮਨ ਦੀ ਕ੍ਰਿਆ ਹੈ, ਪਰ ਜੀਵਾਤਮਾ ਤੇ ਪ੍ਰਮਾਤਮਾ ਖੁਸ਼ੀ ਗਮੀ ਤੋਂ ਮੁਕਤ ਹਨ ਅਤੇ ਪ੍ਰਮਾਤਮਾ ਸਭ ਕੁੱਛ ਕਰਨ ਦੀ ਤਾਕਤ ਰੱਖਦਾ ਹੈ।੨। ਮਾਂ ਬਾਪ ਵੀ ਕੋਈ ਨਹੀਂ, ਇਹ ਅਪਣੇ ਆਪ ਤੋਂ ਸੈਭੰ ਰੂਪ ਹਨ। ਪਾਪ ਪੁੰਨ ਦਾ ਲੇਪ ਇਨ੍ਹਾਂ ਨੂੰ ਨਹੀਂ ਲਗਦਾ, ਪਾਪਾਂ ਤੇ ਪੁੰਨਾਂ ਦਾ ਫਲ ਤਾਂ ਜੀਵਾਂ ਦੇ ਮਨ ਨੂੰ ਮਿਲਦਾ ਹੈ। ਪ੍ਰਮਾਤਮਾ ਹਰੇਕ ਜੀਵ ਦੇ ਅੰਦਰ ਜੀਵਾਤਮਾ ਦੇ ਰੂਪ ਵਿਚ ਮੌਜੂਦ ਹੈ।੩।

ਗੋਂਡ ਮਹਲਾ ੫ ॥ ਸੰਤਨ ਕੈ ਬਲਿਹਾਰੈ ਜਾਉ ॥ ਸੰਤਨ ਕੈ ਸੰਗਿ, ਰਾਮ ਗੁਨ ਗਾਉ ॥ ਸੰਤ ਪ੍ਰਸਾਦਿ ਕਿਲਵਿਖ ਸਭਿ ਗਏ ॥ ਸੰਤ ਸਰਣਿ ਵਡਭਾਗੀ ਪਏ ॥੧॥ ਰਾਮੁ ਜਪਤ, ਕਛੁ ਬਿਘਨੁ ਨ ਵਿਆਪੈ ॥ ਗੁਰ ਪ੍ਰਸਾਦਿ, ਅਪੁਨਾ ਪ੍ਰਭੁ ਜਾਪੈ ॥੧॥ਰਹਾਉ॥ ਪਾਰਬ੍ਰਹਮੁ ਜਬ ਹੋਇ ਦਇਆਲ ॥ ਸਾਧੂ ਜਨ ਕੀ ਕਰੈ ਰਵਾਲ ॥ ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥ ਰਾਮ ਰਤਨੁ ਵਸੈ ਮਨਿ ਆਇ ॥੨॥ ਸਫਲੁ ਜਨਮੁ ਤਾਂ ਕਾ ਪਰਵਾਣੁ ॥ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥ ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ ॥੩॥ ਚਰਨ ਕਮਲ ਜਨ ਕਾ ਆਧਾਰੁ ॥ ਗੁਣ ਗੋਵਿੰਦ ਰਉਂ ਸਚੁ ਵਾਪਾਰੁ ॥ ਦਾਸ ਜਨਾ ਕੀ ਮਨਸਾ ਪੂਰਿ ॥ ਨਾਨਕ ਸੁਖੁ ਪਾਵੈ ਜਨ ਧੂਰਿ ॥੪॥੨੦॥੨੨॥੬॥੨੮॥ (ਹੇ ਭਾਈ! ਪ੍ਰਭੂ ਦਾ ਨਾਮ ਜਪਣ ਵਾਲੇ) ਸੰਤਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ। ਸੰਤਾਂ ਦੀ ਸੰਗਤਿ ਵਿਚ ਮੈਂ ਰਾਮ ਦੇ ਗੁਣ ਗਾਉਂਦਾ ਹਾਂ। ਸੰਤਾਂ ਦੀ ਕ੍ਰਿਪਾ ਨਾਲ ਮੇਰੇ ਸਾਰੇ ਪਾਪ ਦੂਰ ਹੋ ਗਏ ਹਨ।

(ਪਰ) ਸੰਤਾਂ ਦੀ ਸ਼ਰਣ ਵਿਚ ਵੱਡੇ ਭਾਗਾਂ ਵਾਲੇ ਮਨੁੱਖ ਪਏ ਹਨ।੧।(ਹੇ ਭਾਈ!) ਰਾਮ ਨੂੰ ਜਪਦਿਆਂ (ਮਨੁੱਖ ਨੂੰ) ਕੁਛ ਬਿਘਨ ਨਹੀਂ ਲਗਦਾ।(ਪਰ) ਗੁਰੂ ਦੀ ਕ੍ਰਿਪਾ ਨਾਲ ਅਪਣਾ ਪ੍ਰਭੂ ਜਾਣਿਆ ਜਾਂਦਾ ਹੈ; ਪ੍ਰਭੂ ਨੂੰ ਜਪਿਆ ਜਾਂਦਾ ਹੈ।੧।ਰਹਾਉ।(ਹੇ ਭਾਈ!) ਜਦੋਂ ਪਾਰਬ੍ਰਹਮ ਦਇਆਲ ਹੁੰਦਾ ਹੈ।(ਤਦ ਉਹ ਮਨੁੱਖ ਨੂੰ) ਸਾਧ ਜਨਾਂ ਦੇ ਚਰਨਾਂ ਦੀ ਧੂੜ ਬਣਾ ਦੇਂਦਾ ਹੈ।(ਇਸ ਤਰ੍ਹਾਂ) ਕਾਮ ਕ੍ਰੋਧ ਆਦਿ ਵਿਕਾਰ ਇਸ ਸਰੀਰ ਤੋਂ ਦੂਰ ਹੋ ਜਾਂਦੇ ਹਨ।ਅਤੇ ਪ੍ਰਭੂ ਦਾ ਅਮੋਲਕ ਨਾਮ ਮਨ ਵਿਚ ਆ ਵਸਦਾ ਹੈ।੨।(ਹੇ ਭਾਈ!) ਪਾਰਬ੍ਰਹਮ ਨੂੰ (ਅਪਣੇ) ਨੇੜੇ ਕਰਕੇ ਜਾਣ।(ਜਿਹੜਾ ਮਨੁੱਖ ਪ੍ਰਭੂ ਨੂੰ ਨੇੜੇ ਜਾਣਦਾ ਹੈ) ਉਸ ਦਾ ਮਨੁੱਖਾ ਜਨਮ ਸਫਲ ਹੋ ਜਾਂਦਾ ਹੈ ਅਤੇ (ਉਹ ਰੱਬ ਦੇ ਦਰ ਤੇ) ਪ੍ਰਵਾਨ ਹੁੰਦਾ ਹੈ।(ਜੋ ਮਨੁੱਖ) ਭਗਤੀ ਭਾਵ ਨਾਲ ਪ੍ਰਭੂ ਦਾ ਕੀਰਤਨ ਕਰਨ ਲਗ ਜਾਂਦਾ ਹੈ।(ਉਹ) ਅਨੇਕਾਂ ਜਨਮਾਂ ਦਾ ਅਗਿਆਨਤਾ ਦੀ ਨੀਂਦ ਵਿਚ ਸੁੱਤਾ ਪਿਆ ਗਿਆਨ ਅਵਸਥਾ ਵਿਚ ਜਾਗ ਪੈਂਦਾ ਹੈ।੩।(ਹੇ ਭਾਈ!) ਪ੍ਰਭੂ ਦੇ ਚਰਨ ਕਮਲ ਦਾਸਾਂ ਦਾ ਆਸਰਾ ਹਨ।(ਉਨ੍ਹਾਂ ਦਾਸਾਂ ਦੀ ਸੰਗਤ ਵਿਚ) ਮੈਂ ਪ੍ਰਭੂ ਦੇ ਗੁਣ ਉਚਾਰਦਾ ਹਾਂ, (ਗੁਣ ਗਾਉਣਾ ਹੀ ਮੇਰਾ) ਸੱਚਾ ਵਪਾਰ ਹੈ।(ਹੇ ਪ੍ਰਭੂ! ਮੇਰੀ ਬੇਨਤੀ ਹੈ ਕਿ) ਦਾਸ ਜਨਾਂ ਦੀ ਇੱਛਾ ਪੂਰੀ ਕਰ।ਨਾਨਕ (ਤੇਰੇ) ਦਾਸਾਂ ਦੀ ਚਰਨ ਧੂੜ ਵਿਚ ਸੁਖ ਪ੍ਰਾਪਤ ਕਰਦਾ ਰਹੇ।੪।੨੦।੨੨।੬।੨੮।

ਪਦਾਰਥ = ਸੰਤਨ ਕੈ–ਸੰਤਾਂ ਦੇ।ਬਲਿਹਾਰੈ ਜਾਉ–ਮੈਂ ਕੁਰਬਾਨ ਜਾਂਦਾ ਹਾਂ।ਸੰਗਿ–ਸੰਗਤ ਵਿਚ।ਰਾਮ–ਸਰਬ ਵਿਆਪਕ ਪ੍ਰਭੂ। ਗਾਉ–ਗਾਉਂਦਾ ਹਾਂ।ਸੰਤ ਪ੍ਰਸਾਦਿ–ਸੰਤਾਂ ਦੀ ਕ੍ਰਿਪਾ ਨਾਲ।ਕਿਲਵਿਖ–ਪਾਪ।ਵਡਭਾਗੀ–ਵੱਡੇ ਭਾਗਾਂ ਵਾਲੇ ਮਨੁੱਖ।੧।ਜਪਤ–ਜਪਦਿਆਂ।ਨ ਵਿਆਪੈ–ਨਹੀਂ ਲਗਦਾ।ਜਾਪੈ–ਜਾਣਿਆ ਜਾਂਦਾ ਹੈ; ਜਪਿਆ ਜਾਂਦਾ ਹੈ।੧।ਰਹਾਉ।ਦਇਆਲ–ਦਇਆਵਾਨ।ਜਬ –ਜਦੋਂ।ਸਾਧੂ ਜਨ ਕੀ–ਸਾਧੂ ਜਨਾਂ ਦੀ।ਰਵਾਲ–ਚਰਨ ਧੂੜ।ਤਨ ਤੇ–ਸਰੀਰ ਤੋਂ।ਜਾਇ–ਦੂਰ ਹੋ ਜਾਂਦੇ ਹਨ।ਰਤਨੁ–ਅਮੋਲਕ (ਨਾਮ)।ਮਨਿ–ਮਨ ਵਿਚ।੨।ਤਾਂ ਕਾ–ਉਸ ਦਾ।ਨਿਕਟਿ ਕਰਿ–ਨੇੜੇ ਕਰਕੇ।ਜਾਣੁ–ਸਮਝ।ਭਾਇ ਭਗਤਿ–ਭਗਤੀ ਭਾਵ ਨਾਲ। ਕੀਰਤਨਿ ਲਾਗੈ–ਕੀਰਤਨ ਕਰਨ ਲਗਦਾ ਹੈ।ਸੋਇਆ–ਸੁੱਤਾ ਪਿਆ।ਜਾਗੈ–ਜਾਗ ਪੈਂਦਾ ਹੈ।੩।ਆਧਾਰੁ–ਆਸਰਾ।ਰਉਂ–ਚੇਤੇ ਕਰਦਾ ਹਾਂ।ਮਨਸਾ–ਇੱਛਾ।ਪੂਰਿ–ਪੂਰੀ ਕਰ।ਜਨ ਧੂਰਿ–ਦਾਸਾਂ ਦੀ ਚਰਨ ਧੂੜ।੪।੨੦।੨੨।੬।੨੮।

ਰਾਗੁ ਗੋਂਡ ਅਸਟਪਦੀਆ ਮਹਲਾ ੫ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥ ਕਰਿ ਨਾਮਸਕਾਰ ਪੂਰੇ ਗੁਰਦੇਵ ॥ ਸਫਲ ਮੂਰਤਿ ਸਫਲ ਜਾ ਕੀ ਸੇਵ ॥ ਅੰਤਰਜਾਮੀ ਪੁਰਖੁ ਬਿਧਾਤਾ ॥ ਆਠ ਪਹਰ ਨਾਮ ਰੰਗਿ ਰਾਤਾ ॥੧॥ ਗੁਰੁ ਗੋਬਿੰਦ ਗੁਰੂ ਗੋਪਾਲ ॥ ਅਪਨੇ ਦਾਸ ਕਉ ਰਾਖਨਹਾਰ ॥੧॥ਰਹਾਉ॥ ਪਾਤਿਸਾਹ ਸਾਹ ਉਮਰਾਉ ਪਤੀਆਏ ॥ ਦੁਸਟ ਅਹੰਕਾਰੀ ਮਾਰਿ ਪਚਾਏ ॥ ਨਿੰਦਕ ਕੈ ਮੁਖਿ ਕੀਨੋ ਰੋਗੁ ॥ ਜੈ ਜੈਕਾਰੁ ਕਰੈ ਸਭੁ ਲੋਗੁ ॥੨॥ ਸੰਤਨ ਕੈ ਮਨਿ ਮਹਾ ਅਨੰਦੁ ॥ ਸੰਤ ਜਪਹਿ ਗੁਰਦੇਉ ਭਗਵੰਤੁ ॥ ਸੰਗਤਿ ਕੇ ਮੁਖਿ ਊਜਲ ਭਏ ॥ ਸਗਲ ਥਾਨ ਨਿੰਦਕ ਕੇ ਗਏ ॥੩॥ ਸਾਸਿ ਸਾਸਿ ਜਨੁ ਸਦਾ ਸਲਾਹੇ ॥ ਪਾਰਬ੍ਰਹਮ ਗੁਰ ਬੇਪਰਵਾਹੇ ॥ ਸਗਲ ਭੈ ਮਿਟੇ ਜਾ ਕੀ ਸਰਨਿ ॥ ਨਿੰਦਕ ਮਾਰਿ ਪਾਏ ਸਭਿ ਧਰਨਿ ॥੪॥ (ਹੇ ਭਾਈ!) ਪੂਰੇ ਸਤਿਗੁਰੂ ਨੂੰ ਨਮਸ਼ਕਾਰ ਕਰਿਆ ਕਰ।ਜਿਸ ਗੁਰੂ ਦਾ ਸਰੂਪ ਸਭ ਫਲ ਦੇਣ ਵਾਲਾ ਹੈ ਅਤੇ ਜਿਸ ਦੀ ਸੇਵਾ ਕੀਤੀ ਵੀ ਸਫਲ ਹੈ।(ਜਿਹੜਾ) ਪ੍ਰਭੂ ਸਭ ਦੇ ਦਿਲਾਂ ਦੇ ਅੰਦਰ ਦੀਆਂ ਜਾਨਣਾ ਵਾਲਾ ਹੈ, ਸਰਬ ਵਿਆਪਕ ਹੈ ਅਤੇ ਕੀਤੇ ਕਰਮਾਂ ਅਨੁਸਾਰ ਫਲ ਦੇਣ ਵਾਲਾ ਹੈ।(ਗੁਰੂ ਉਸ) ਪ੍ਰਭੂ ਦੇ ਨਾਮ ਰੰਗ ਵਿਚ ਅੱਠੇ ਪਹਿਰ ਰੰਗਿਆ ਰਹਿੰਦਾ ਹੈ।੧।(ਹੇ ਭਾਈ!) ਗੁਰੂ ਗੋਬਿੰਦ ਦਾ ਰੂਪ ਹੈ, ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ ਗੁਰੂ ਰੂਪ ਹੈ।(ਉਹ) ਅਪਣੇ ਦਾਸਾਂ ਨੂੰ ਰੱਖਣ (ਅਨੇਕਾਂ ਦੁੱਖਾਂ ਤੋਂ ਬਣਾਉਣ) ਵਾਲਾ ਹੈ।੧।ਰਹਾਉ।(ਹੇ ਭਾਈ! ਗੁਰੂ ਤੇ ਹੀ) ਬਾਦਸ਼ਾਹ, ਸ਼ਾਹੂਕਾਰ ਤੇ ਅਮੀਰ (ਆਦਿ) ਭਰੋਸਾ ਕਰਦੇ ਹਨ; (ਗੁਰੂ ਹੀ) ਬਾਦਸ਼ਾਹ, ਸ਼ਾਹ ਤੇ ਉਮਰਾਵਾਂ ਨੂੰ ਸੰਤੁਸ਼ਟ ਕਰਦਾ ਹੈ।(ਕਿਉਂਕਿ ਗੁਰੂ ਨੇ) ਦੁਸ਼ਟ ਹੰਕਾਰੀ ਮਾਰ ਕੇ ਨਾਸ਼ ਕਰ ਦਿਤੇ ਹਨ।ਅਤੇ ਨਿੰਦਕਾਂ ਦੇ ਮੂੰਹ ਵਿਚ ਰੋਗ ਪੈਦਾ ਕਰ ਦਿਤਾ ਹੈ।(ਜਿਸ ਕਰਕੇ ਗੁਰੂ ਦੀ) ਜੈ ਜੈਕਾਰ ਸਾਰਾ ਸੰਸਾਰ ਕਰਦਾ ਹੈ।੨।(ਹੇ ਭਾਈ!) ਸੰਤਾਂ ਦੇ ਮਨ ਵਿਚ ਬਹੁਤ ਅਨੰਦ ਰਹਿੰਦਾ ਹੈ।(ਕਿਉਂਕਿ) ਸੰਤ ਗੁਰੂ ਨੂੰ ਭਗਵੰਤ ਰੂਪ ਜਾਣ ਕੇ ਜਪਦੇ ਹਨ।(ਉਨ੍ਹਾਂ ਦੀ) ਸੰਗਤ ਕਰਨ ਵਾਲੇ ਮਨੁੱਖਾਂ ਦੇ ਮੂੰਹ ਉਜਲ ਹੋਏ ਹਨ।ਅਤੇ ਨਿੰਦਕਾਂ ਦੇ ਸਾਰੇ ਸਥਾਨ (ਲੋਕ ਪ੍ਰਲੋਕ ਹੱਥੋਂ) ਚਲੇ ਗਏ ਹਨ।੩।(ਗੁਰੂ ਦਾ) ਸੇਵਕ ਪ੍ਰਭੂ ਨੂੰ ਸੁਆਸ ਸੁਆਸ ਸਲਾਹੁੰਦਾ ਹੈ।ਗੁਰੂ ਪਾਰਬ੍ਰਹਮ ਦਾ ਰੂਪ ਹੋਣ ਕਰਕੇ ਬੇਪ੍ਰਵਾਹ ਹੈ।ਜਿਸ ਗੁਰੂ ਦੀ ਸਰਨ ਪਿਆਂ ਸਾਰੇ ਤਰ੍ਹਾਂ ਦੇ ਡਰ ਮਿਟ ਗਏ ਹਨ।ਅਤੇ ਸਾਰੇ ਨਿੰਦਕ ਮਾਰ ਕੇ ਧਰਤੀ ਉਤੇ ਪਾਏ ਹਨ (ਮਾਰ ਕੇ ਧਰਤੀ ਤੇ ਲਿਟਾ ਦਿਤੇ ਹਨ)।੪।

ਪਦਾਰਥ = ਅਸਟਪਦੀਆ–ਅੱਠ ਪਦਿਆਂ ਵਾਲੇ ਸ਼ਬਦ।ਸਫਲ ਮੂਰਤਿ–ਜਿਸ ਗੁਰੂ ਦਾ ਸਰੂਪ ਸਭ ਫਲ ਦੇਣ ਵਾਲਾ ਹੈ।ਜਾ ਕੀ

-ਜਿਸ ਦੀ। ਸੇਵ-ਸੇਵਾ। ਅੰਤਰਜਾਮੀ-ਸਭ ਜੀਵਾਂ ਦੇ ਦਿਲਾਂ ਦੇ ਅੰਦਰ ਦੀ ਜਾਨਣ ਵਾਲਾ ਪ੍ਰਭੂ। ਪੁਰਖੁ-ਸਰਬ ਵਿਆਪਕ। ਬਿਧਾਤਾ -ਕਰਮਾਂ ਅਨੁਸਾਰ ਫਲ ਦੇਣ ਵਾਲਾ ਪ੍ਰਭੂ; ਰਚਨਹਾਰ ਪ੍ਰਭੂ। ਨਾਮ ਰੰਗਿ-ਨਾਮ ਦੇ ਰੰਗ ਵਿਚ। ਰਾਤਾ-ਰੰਗਿਆ ਰਹਿੰਦਾ ਹੈ।੧। ਗੋਪਾਲ-ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ। ਕਉ-ਨੂੰ। ਰਾਖਨਹਾਰ-ਰੱਖਣ (ਬਚਾਉਣ) ਵਾਲਾ।੧। ਰਹਾਉ। ਸਾਹ-ਸ਼ਾਹੂਕਾਰ। ਉਮਰਾਉ-ਅਮੀਰ। ਪਤੀਆਏ-ਭਰੋਸਾ ਕਰਦੇ ਹਨ; ਸੰਤੁਸ਼ਟ ਕਰਦਾ ਹੈ। ਮਾਰਿ ਪਚਾਏ-ਮਾਰ ਕੇ ਨਾਸ਼ ਕਰ ਦਿਤੇ। ਮੁਖਿ-ਮੂੰਹ ਵਿਚ। ਕੀਨੋ-ਪੈਦਾ ਕਰ ਦਿਤਾ। ਜੈ ਜੈਕਾਰ-ਸੋਭਾ; ਵਡਿਆਈ। ਸਭੁ ਲੋਗੁ-ਸਾਰਾ ਸੰਸਾਰ।੨। ਕੈ ਮਨਿ-ਦੇ ਮਨ ਵਿਚ। ਜਪਹਿ-ਜਪਦੇ ਹਨ। ਭਏ-ਹੋਏ ਹਨ। ਸਗਲ-ਸਾਰੇ।੩। ਸਾਸਿ ਸਾਸਿ-ਹਰੇਕ ਸਾਹ ਨਾਲ। ਜਨੁ-ਸੇਵਕ। ਸਲਾਹੇ-ਸਿਫਤ ਸਲਾਹ ਕਰਦਾ ਹੈ। ਭੈ-ਡਰ। ਮਾਰਿ-ਮਾਰ ਕੇ। ਪਾਏ ਧਰਨਿ-ਧਰਤੀ ਉਤੇ ਪਾ ਦਿਤੇ (ਨੀਵੇਂ ਜਗ੍ਹਾ ਸੁੱਟ ਦਿਤੇ)।੪।

ਜਨ ਕੀ ਨਿੰਦਾ ਕਰੈ ਨ ਕੋਇ ॥ ਜੋ ਕਰੈ, ਸੋ ਦੁਖੀਆ ਹੋਇ ॥ ਆਠ ਪਹਰ, ਜਨੁ ਏਕੁ ਧਿਆਏ ॥ ਜਮੂਆ ਤਾ ਕੈ ਨਿਕਟਿ ਨ ਜਾਏ ॥੫॥ ਜਨ ਨਿਰਵੈਰ, ਨਿੰਦਕ ਅਹੰਕਾਰੀ ॥ ਜਨ ਭਲ ਮਾਨਹਿ, ਨਿੰਦਕ ਵੇਕਾਰੀ ॥ ਗੁਰ ਕੈ ਸਿਖਿ, ਸਤਿਗੁਰੁ ਧਿਆਇਆ ॥ ਜਨ ਉਬਰੇ, ਨਿੰਦਕ ਨਰਕਿ ਪਾਇਆ ॥੬॥ ਸੁਣਿ ਸਾਜਨ, ਮੇਰੇ ਮੀਤ ਪਿਆਰੇ ॥ ਸਤਿ ਬਚਨ, ਵਰਤਹਿ ਹਰਿ ਦੁਆਰੇ ॥ (ਹੇ ਭਾਈ!) ਕੋਈ ਵੀ ਮਨੁੱਖ ਗੁਰੂ ਦੇ ਸੇਵਕਾਂ ਦੀ ਨਿੰਦਿਆ ਨਾ ਕਰੇ। ਜੋ (ਮਨੁੱਖ ਸੇਵਕਾਂ ਦੀ) ਨਿੰਦਿਆ ਕਰਦਾ ਹੈ, ਉਹ (ਲੋਕ ਪ੍ਰਲੋਕ ਵਿਚ) ਦੁਖੀ ਹੁੰਦਾ ਹੈ। (ਕਿਉਂਕਿ ਗੁਰੂ ਦਾ) ਸੇਵਕ ਅੱਠੇ ਪਹਿਰ ਇਕ ਪ੍ਰਭੂ ਨੂੰ ਧਿਆਉਂਦਾ ਹੈ। (ਇਸ ਲਈ) ਜਮ ਉਸ ਦੇ ਨੇੜੇ ਨਹੀਂ ਜਾਂਦਾ।੫। (ਹੇ ਭਾਈ!) ਗੁਰੂ ਦੇ) ਸੇਵਕ ਨਿਰਵੈਰ ਹੁੰਦੇ ਹਨ ਅਤੇ ਨਿੰਦਕ ਹੰਕਾਰੀ ਹੁੰਦੇ ਹਨ। (ਗੁਰੂ ਦੇ) ਸੇਵਕ ਸਭ ਦਾ ਭਲਾ ਮਨਾਉਂਦੇ ਹਨ ਅਤੇ ਨਿੰਦਕ ਲੋਕ ਵਿਕਾਰੀ (ਗੁਰਮੁਖਾਂ ਦਾ ਬੁਰਾ ਸੋਚਦੇ ਰਹਿੰਦੇ) ਹਨ। ਗੁਰੂ ਦੇ ਸਿੱਖਾਂ ਨੇ ਸਤਿਗੁਰੂ ਨੂੰ ਧਿਆਇਆ ਹੈ। (ਗੁਰੂ ਦੇ) ਸੇਵਕ ਮੁਕਤ ਹੋ ਗਏ ਹਨ, (ਪਰ) ਨਿੰਦਕਾਂ ਨੂੰ (ਧਰਮਰਾਜ ਨੇ) ਨਰਕ ਵਿਚ ਪਾਇਆ ਹੈ।੬। ਹੇ ਮੇਰੇ ਪਿਆਰੇ ਮਿਤ੍ਰ ਸੱਜਣ! ਤੂੰ ਸੁਣ। ਹਰੀ ਦੇ ਦਰ ਤੇ ਸੱਤ ਬਚਨ ਵਰਤਦੇ ਹਨ।

ਅੰਗ ੮੭੦ = ਜੈਸਾ ਕਰੇ ਸੁ ਤੈਸਾ ਪਾਏ ॥ ਅਭਿਮਾਨੀ ਕੀ ਜੜ ਸਰਪਰ ਜਾਏ ॥੭॥ ਨੀਧਰਿਆ ਸਤਿਗੁਰ ਧਰ ਤੇਰੀ ॥ ਕਰਿ ਕਿਰਪਾ ਰਾਖਹੁ ਜਨ ਕੇਰੀ ॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ ਜਾ ਕੈ ਸਿਮਰਨਿ ਪੈਜ ਸਵਾਰੀ ॥੮॥੧॥੨੯॥ ਜਿਹੋ ਜਿਹਾ (ਕੋਈ ਮਨੁੱਖ ਕਰਮ) ਕਰਦਾ ਹੈ, ਉਹੋ ਜਿਹਾ ਉਹ ਫਲ ਪਾ ਲੈਂਦਾ ਹੈ। ਹੰਕਾਰੀ ਮਨੁੱਖ ਦੀ ਜੜ੍ਹ ਜਰੂਰ ਪੁੱਟੀ ਜਾਂਦੀ ਹੈ।੭। ਹੇ ਸਤਿਗੁਰੂ! ਨਿਆਸਰਿਆਂ ਨੂੰ ਤੇਰੀ ਹੀ ਓਟ ਹੈ। ਕ੍ਰਿਪਾ ਕਰਕੇ ਸੇਵਕਾਂ ਦੀ ਲਾਜ ਰੱਖੋ ਜੀ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਉਸ ਗੁਰੂ ਤੋਂ ਸਦਕੇ ਜਾਂਦਾ ਹਾਂ। ਜਿਸ ਦੇ (ਰਾਹੀਂ ਕੀਤੇ) ਸਿਮਰਨ ਨੇ ਮੇਰੀ ਪੈਜ ਸਵਾਰੀ ਹੈ।੮।੧।੨੯।

ਪਦਾਰਥ = ਜਨ ਕੀ-ਸੇਵਕਾਂ ਦੀ। ਕਰੈ-ਕਰਦਾ ਹੈ। ਸੋ-ਉਹ (ਮਨੁੱਖ)। ਏਕੁ-ਇਕ ਪ੍ਰਭੂ ਨੂੰ। ਧਿਆਏ-ਧਿਆਉਂਦਾ ਹੈ। ਜਮੂਆ-ਜਮ। ਤਾ ਕੈ-ਉਸ ਦੇ। ਨਿਕਟਿ-ਨੇੜੇ। ਨ ਜਾਏ-ਨਹੀਂ ਜਾਂਦਾ।੫। ਜਨ-(ਗੁਰੂ ਦੇ) ਸੇਵਕ। ਨਿਰਵੈਰ-ਵੈਰ ਰਹਿਤ। ਭਲ ਮਾਨਹਿ-ਭਲਾ ਮਨਾਉਂਦੇ ਹਨ। ਵੇਕਾਰੀ-(ਨਿੰਦਿਆ ਆਦਿ ਦੇ) ਵਿਕਾਰਾਂ ਵਿਚ ਫਸਿਆ ਮਨੁੱਖ। ਕੈ-ਦੇ। ਸਿਖਿ-ਸਿੱਖਾਂ ਨੇ। ਉਬਰੇ-ਬਚ ਗਏ; ਮੁਕਤ ਹੋ ਗਏ। ਨਰਕਿ-ਨਰਕ ਵਿਚ।੬। ਸਾਜਨ-ਹੇ ਸੱਜਣ!। ਮੀਤ ਪਿਆਰੇ-ਹੇ ਪਿਆਰੇ ਮਿਤ੍ਰ!। ਵਰਤਹਿ-ਵਰਤਦੇ ਹਨ। ਦੁਆਰੇ-ਦਰ ਤੇ। ਸੁ-ਉਹ। ਪਾਏ-ਪਾਉਂਦਾ ਹੈ। ਕੀ-ਦੀ। ਸਰਪਰ-ਜਰੂਰ; ਬਿਨਾ ਸ਼ੱਕ। ਜਾਏ-(ਪੱਟ ਹੋ) ਜਾਂਦੀ ਹੈ।੭। ਧਰ-ਓਟ। ਨਿਧਰਿਆ-ਨਿਆਸਰਿਆਂ ਨੂੰ। ਕੇਰੀ-ਦੀ। ਸਿਮਰਨਿ-ਸਿਮਰਨ ਨੇ। ਪੈਜ ਸਵਾਰੀ-ਇੱਜਤ ਰਖ ਲਈ ਹੈ।੮।੧।੨੯।

ਉਥਾਨਕਾ = ਕੋਈ ਚੁੰਚ ਗਿਆਨੀ ਕਬੀਰ ਜੀ ਕੋਲ ਚਰਚਾ ਕਰਨ ਆਇਆ, ਪਰ ਕਬੀਰ ਜੀ ਚੁੱਪ ਰਹੇ। ਕਬੀਰ ਜੀ ਦੇ ਸੰਗੀਆਂ ਨੇ ਪੁੱਛਿਆ ਕਿ ਤੁਸੀਂ ਚੁੱਪ ਕਿਉਂ ਰਹੇ? ਕੋਈ ਜਵਾਬ ਨਹੀਂ ਦਿਤਾ, ਤਾਂ ਕਬੀਰ ਜੀ ਸੰਗੀਆਂ ਨੂੰ ਉਪਦੇਸ਼ ਦੇਂਦੇ ਹਨ।

ਰਾਗੁ ਗੋਂਡ ਬਾਣੀ ਭਗਤਾ ਕੀ ॥ ਕਬੀਰ ਜੀ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥ ਮਿਲੈ ਅਸੰਤੁ ਮਸਟਿ ਕਰਿ ਰਹੀਐ ॥੧॥ ਬਾਬਾ ਬੋਲਨਾ ਕਿਆ ਕਹੀਐ ॥ ਜੈਸੇ ਰਾਮ ਨਾਮ ਰਵਿ ਰਹੀਐ ॥੧॥ਰਹਾਉ॥ ਸੰਤਨ ਸਿਉ ਬੋਲੇ ਉਪਕਾਰੀ ॥ ਮੂਰਖ ਸਿਉ ਬੋਲੇ, ਝਖ ਮਾਰੀ ॥੨॥ ਬੋਲਤ ਬੋਲਤ, ਬਢਹਿ ਬਿਕਾਰਾ ॥ ਬਿਨੁ ਬੋਲੇ, ਕਿਆ ਕਰਹਿ ਬੀਚਾਰਾ ॥੩॥ ਕਹੁ ਕਬੀਰ, ਛੂਛਾ ਘਟੁ ਬੋਲੈ ॥ ਭਰਿਆ ਹੋਇ, ਸੁ ਕਬਹੁ ਨ ਡੋਲੈ ॥੪॥੧॥ (ਹੇ ਭਾਈ! ਜੇ ਕੋਈ) ਸੰਤ ਮਿਲ ਪਵੇ, (ਤਾਂ ਉਸ ਪਾਸੋਂ ਗਿਆਨ ਦੀਆਂ) ਕੁਛ ਗੱਲਾਂ ਸੁਣ ਲਈਏ ਅਤੇ ਕੁਛ (ਅਪਣੇ ਦਿਲ ਦੇ ਸੁਆਲ ਉਸ ਅੱਗੇ) ਕਹਿਣੇ ਚਾਹੀਦੇ ਹਨ। (ਪਰ ਜੇ ਕੋਈ) ਬੇਮੁਖ ਬੰਦਾ ਮਿਲ ਜਾਵੇ, ਤਾਂ ਚੁੱਪ ਕਰ ਰਹਿਣਾ ਠੀਕ ਹੈ (ਕਿਉਂਕਿ ਉਸ ਨੇ ਸਮਝਣਾ ਤਾਂ ਹੈ

ਨਹੀਂ)।੧।ਹੇ ਭਾਈ! (ਸੰਤਾਂ ਨਾਲ ਜੇ) ਬੋਲਣਾ ਹੋਵੇ, ਤਾਂ ਕੀ ਬਚਨ ਕਹੀਏ? ਜਿਸ ਤਰ੍ਹਾਂ ਰਾਮ ਦਾ ਨਾਮ ਸਿਮਰਦੇ ਰਹੀਏ।੧। ਰਹਾਉ।(ਉਤਰ, ਹੇ ਭਾਈ!) ਸੰਤਾਂ ਨਾਲ ਬੋਲਿਆਂ (ਆਪ ਨੂੰ ਵੀ ਸਿੱਖਿਆ ਮਿਲਦੀ ਹੈ ਅਤੇ ਉਹ) ਦੂਜਿਆਂ ਦਾ ਵੀ ਭਲਾ ਕਰਨ ਵਾਲਾ ਮਨੁੱਖ ਬਣ ਜਾਂਦਾ ਹੈ।(ਪਰ) ਮੂਰਖ ਬੰਦਿਆਂ ਨਾਲ ਬੋਲਿਆਂ ਬਿਅਰਥ ਬਕਵਾਸ ਮਾਰਨਾ ਹੁੰਦਾ ਹੈ।੨।(ਹੇ ਭਾਈ! ਮੂਰਖ ਨਾਲ) ਬੋਲਦਿਆਂ ਬੋਲਦਿਆਂ ਦੁਖ ਹੀ (ਝਗੜੇ) ਵਧਦੇ ਹਨ।ਬਿਨਾ ਬੋਲੇ ਕੀ ਵਿਚਾਰ ਕਰ ਸਕਦੇ ਹਾਂ? (ਸੰਤਾਂ ਨਾਲ ਬਿਨਾ ਬੋਲੇ ਤੋਂ ਸੱਤ ਅਸੱਤ ਦੀ ਵਿਚਾਰ ਕਿਵੇਂ ਹੋ ਸਕਦੀ ਹੈ?); ਬਿਨਾਂ ਬੋਲੇ ਵਿਚਾਰਾ ਮੂਰਖ ਕਰੇਗਾ? (ਖਪ ਕੇ ਆਪੇ ਚੁੱਪ ਕਰ ਜਾਏਗਾ)। ੩।ਕਬੀਰ ਜੀ ਆਖਦੇ ਹਨ ਕਿ ਖਾਲੀ ਘੜਾ ਬੋਲਦਾ ਹੈ।(ਪਰ ਜੇ ਘੜਾ ਪਾਣੀ ਨਾਲ) ਭਰਿਆ ਹੋਵੇ, ਉਹ ਕਦੇ ਨਹੀਂ ਡੋਲਦਾ। (ਗੁਣਾਂ ਤੋਂ ਖਾਲੀ ਮੂਰਖ ਮਨੁੱਖ ਬਿਅਰਥ ਬੋਲਦਾ ਰਹਿੰਦਾ ਹੈ ਅਤੇ ਗੁਣਵਾਨ ਮਨੁੱਖ ਸੋਚ ਸਮਝ ਕੇ ਗੱਲ ਕਰਦਾ ਹੈ)।੪।੧।

ਪਦਾਰਥ = ਅਸੰਤੁ–ਭੈੜਾ ਮਨੁੱਖ।ਮਸਟਿ–ਚੁੱਪ।੧।ਬੋਲਨਾ–ਗੱਲ ਬਾਤ; ਵਾਰਤਾਲਾਪ।ਕਿਆ ਕਹੀਏ–ਕੀ ਬਚਨ ਬੋਲੀਏ।ਜੈਸੇ –ਜਿਸ ਤਰ੍ਹਾਂ; ਜਿਸ ਦਾ ਸਦਕਾ।ਰਵਿ ਰਹੀਐ–ਸਿਮਰਦੇ ਰਹੀਏ।੧।ਰਹਾਉ।ਸੰਤਨ ਸਿਉ–ਸੰਤਾਂ ਨਾਲ।ਬੋਲੇ–ਬੋਲਿਆਂ (ਗੱਲ ਬਾਤ ਕੀਤਿਆਂ)।ਉਪਕਾਰੀ–ਭਲਾ ਕਰਨ ਵਾਲਾ ਮਨੁੱਖ।ਝਖ ਮਾਰੀ–ਬਿਅਰਥ ਬਕਵਾਸ ਮਾਰਨਾ ਹੁੰਦਾ ਹੈ; ਸਿਰ ਖਪਾਈ ਹੁੰਦੀ ਹੈ ।੨।ਬੋਲਤ–ਬੋਲਦਿਆਂ।ਬਢਹਿ–ਵਧਦੇ ਹਨ।ਬਿਚਾਰਾ–ਜਤਨ ਹੀਣ ਮੂਰਖ; (ਚੰਗੇ ਮੰਦੇ ਦਾ) ਵਿਚਾਰ।੩।ਛੂਛਾ–ਖਾਲੀ।ਘਟੁ–ਘੜਾ।ਬੋਲੈ–(ਬਿਅਰਥ) ਬੋਲਦਾ ਹੈ।ਭਰਿਆ ਹੋਇ–ਜੇ ਭਰਿਆ ਹੋਵੇ।ਸੁ–ਉਹ।ਕਬਹੁ–ਕਦੇ।ਨ ਡੋਲੈ–ਨਹੀਂ ਡੋਲਦਾ।੪।੧।

ਸਾਰੰਸ਼ = ਸੰਤਾਂ ਨਾਲ ਗੱਲ ਕਰਦਿਆਂ ਕੁਛ ਭਲਾ ਹੁੰਦਾ ਹੈ, ਵਿਚਾਰ ਖੁਲ੍ਹਦੀ ਹੈ ਅਤੇ ਰੱਬ ਨਾਲ ਮੇਲ ਹੁੰਦਾ ਹੈ।ਪਰ ਖੋਟੇ ਮਨੁੱਖ ਨਾਲ ਗੱਲ ਕਰਦਿਆਂ ਔਗਣ ਹੀ ਵਧਦੇ ਹਨ, ਉਸ ਨਾਲ ਚੁੱਪ ਰਹਿਣਾ ਹੀ ਠੀਕ ਹੈ।(ਸ਼ਬਦਾਰਥ)

ਗੋਂਡ ॥ ਨਰੂ ਮਰੈ, ਨਰੁ ਕਾਮਿ ਨ ਆਵੈ ॥ ਪਸੂ ਮਰੈ, ਦਸ ਕਾਜ ਸਵਾਰੈ ॥੧॥ ਅਪਨੇ ਕਰਮ ਕੀ ਗਤਿ, ਮੈ ਕਿਆ ਜਾਨਉ ॥ ਮੈ ਕਿਆ ਜਾਨਉ ,ਬਾਬਾ ਰੇ ॥੧॥ਰਹਾਉ॥ ਹਾਡ ਜਲੇ, ਜੈਸੇ ਲਕਰੀ ਕਾ ਤੂਲਾ ॥ ਕੇਸ ਜਲੇ, ਜੈਸੇ ਘਾਸ ਕਾ ਪੂਲਾ ॥੨॥ ਕਹੁ ਕਬੀਰ, ਤਬ ਹੀ ਨਰੁ ਜਾਗੈ ॥ ਜਮ ਕਾ ਡੰਡੁ ,ਮੂੰਡ ਮਹਿ ਲਾਗੈ ॥੩॥੨॥ (ਹੇ ਭਾਈ! ਜਦ) ਮਨੁੱਖ ਮਰ ਜਾਂਦਾ ਹੈ, (ਤਾਂ ਉਹ ਮਰਿਆ) ਮਨੁੱਖ ਕਿਸੇ ਕੰਮ ਨਹੀਂ ਆਉਂਦਾ।(ਪਰ ਜਦ) ਪਸ਼ੂ ਮਰਦਾ ਹੈ, (ਤਾਂ ਪਸ਼ੂ ਦਾ ਸਰੀਰ ਮਨੁੱਖ ਦੇ) ਬਹੁਤ ਕੰਮ ਸਵਾਰ ਦੇਂਦਾ ਹੈ (ਪਸ਼ੂਆਂ ਦੇ ਚੰਮ ਦੀਆਂ ਜੁੱਤੀਆ ਤੇ ਹੋਰ ਬਹੁਤ ਸਮਾਨ ਬਣਦਾ ਹੈ)।੧।(ਹੇ ਭਾਈ)! ਮੈਂ ਅਪਣੇ ਕਰਮਾਂ ਦੀ ਹਾਲਤ ਕੀ ਜਾਣਦਾ ਹਾਂ? (ਕਿ ਮੇਰੇ ਕੀਤੇ ਕਰਮਾਂ ਦਾ ਮੈਨੂੰ ਕੀ ਫਲ ਮਿਲੇਗਾ?)।ਹੇ ਬਾਬਾ! ਮੈਂ ਕੀ ਜਾਣਦਾ ਹਾਂ? (ਮੈਨੂੰ ਕੁਛ ਪਤਾ ਨਹੀਂ)।੧।ਰਹਾਉ।(ਹੇ ਭਾਈ! ਮੌਤ ਆਇਆਂ ਮਨੁੱਖ ਦੇ ਸਰੀਰ ਦੀਆਂ) ਹੱਡੀਆਂ (ਅੱਗ ਵਿਚ ਇਸ ਤਰ੍ਹਾਂ) ਜਲ ਜਾਂਦੀਆ ਹਨ, ਜਿਵੇਂ ਲੱਕੜੀ ਦਾ ਭਾਰ ਜਲ ਜਾਂਦਾ ਹੈ।ਅਤੇ (ਮਨੁੱਖ ਦੇ) ਕੇਸ ਇਸ ਤਰ੍ਹਾਂ ਜਲ ਜਾਂਦੇ ਹਨ, ਜਿਵੇਂ ਘਾਹ ਦਾ ਪੂਲਾ ਜਲ ਜਾਂਦਾ ਹੈ ।੨।ਕਬੀਰ ਜੀ ਆਖਦੇ ਹਨ ਕਿ ਮਨੁੱਖ ਤਦੋਂ ਹੀ (ਅਗਿਆਨਤਾ ਦੀ ਨੀਂਦ ਵਿਚੋਂ) ਜਾਗਦਾ ਹੈ।(ਜਦੋਂ ਇਸ ਦੇ) ਸਿਰ ਵਿਚ ਜਮ ਦਾ ਡੰਡਾ ਲਗਦਾ (ਵੱਜਦਾ) ਹੈ।੩।੨।ਨਾਮ ਸਿਮਰਨ ਤੋਂ ਬਿਨਾ ਮਨੁੱਖ ਪਸ਼ੂਆਂ ਵਰਗਾ ਹੈ।

ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ ॥ ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ ॥੩੬॥ (੧੩੬੬)

ਪਦਾਰਥ = ਨਰੂ–ਮਨੁੱਖ।ਮਰੈ–ਮਰ ਜਾਂਦਾ ਹੈ।ਨਰੁ–ਮਨੁੱਖ।ਕਾਮਿ–ਕੰਮ।ਦਸ ਕਾਜ–ਬਹੁਤ ਕੰਮ।ਸਵਾਰੈ–ਸਵਾਰਦਾ ਹੈ।੧। ਕਰਮ ਕੀ ਗਤਿ– ਕਰਮਾਂ ਦੀ ਹਾਲਤ।ਕਿਆ ਜਾਨਉ–ਕੀ ਜਾਣਾਂ? ਬਾਬਾ ਰੇ–ਹੇ ਭਾਈ!।੧।ਰਹਾਉ।ਹਾਡ–ਹੱਡੀਆਂ।ਜਲੇ–ਸੜ ਜਾਂਦੇ ਹਨ।ਤੂਲਾ–ਭਾਰ (ਬੋਝ)।ਘਾਸ ਕਾ ਪੂਲਾ–ਘਾਹ ਦਾ ਬਨ੍ਹਿਆ ਭਾਰ (ਪੰਡ)।੨।ਤਬ ਹੀ–ਤਦੋਂ ਹੀ।ਜਾਗੈ–ਜਾਗਦਾ ਹੈ। ਡੰਡੁ–ਡੰਡਾ।ਮੂੰਡ ਮਹਿ–ਸਿਰ ਵਿਚ।ਲਾਗੈ–ਲਗਦਾ (ਵਜਦਾ) ਹੈ।੩।੨।

ਗੋਂਡ ॥ ਆਕਾਸਿ ਗਗਨੁ ਪਾਤਾਲਿ ਗਗਨੁ ਹੈ, ਚਹੁ ਦਿਸਿ ਗਗਨੁ ਰਹਾਇਲੇ ॥ ਆਨਦ ਮੂਲੁ ਸਦਾ ਪੁਰਖੋਤਮੁ ,ਘਟੁ ਬਿਨਸੈ ਗਗਨੁ ਨ ਜਾਇਲੇ ॥੧॥ ਮੋਹਿ ਬੈਰਾਗੁ ਭਇਓ ॥ ਇਹੁ ਜੀਉ ਆਇ ਕਹਾ ਗਇਓ ॥੧॥ਰਹਾਉ॥ ਪੰਚ ਤਤੁ ਮਿਲਿ ਕਾਇਆ ਕੀਨ੍ਹੀ, ਤਤੁ ਕਹਾ ਤੇ ਕੀਨੁ ਰੇ ॥ ਕਰਮ ਬਧ ਤੁਮ ਜੀਉ ਕਹਤ ਹੌ, ਕਰਮਹਿ ਕਿਨਿ ਜੀਉ ਦੀਨੁ ਰੇ ॥੨॥ ਹਰਿ ਮਹਿ ਤਨੁ ਹੈ, ਤਨ ਮਹਿ ਹਰਿ ਹੈ, ਸਰਬ ਨਿਰੰਤਰਿ ਸੋਇ ਰੇ ॥ ਕਹਿ ਕਬੀਰ ਰਾਮ ਨਾਮੁ ਨ ਛੋਡਉ ,ਸਹਜੇ ਹੋਇ ਸੁ ਹੋਇ ਰੇ ॥੩॥੩॥ ।(ਪਹਿਲਾਂ ਰਹਾਉ ਵਾਲੀ ਤੁਕ ਦਾ ਅਰਥ।ਪਿਛਲੇ ਜਨਮਾਂ ਦੇ ਕੀਤੇ ਕਰਮਾਂ ਨੂੰ ਪ੍ਰਧਾਨ ਮੰਨਣ ਵਾਲਾ ਪੰਡਤ ਪੁੱਛਦਾ ਹੈ ਕਿ ਹੇ ਕਬੀਰ ਜੀ! ਇਸ ਗੱਲ ਤੋਂ) ਮੈਨੂੰ ਬੜਾ ਬੈਰਾਗ ਹੋਇਆ ਹੈ।ਕਿ ਇਹ ਜੀਵਾਤਮਾ (ਜੋ ਸਰੀਰ ਦੇ ਨਾਲ) ਆਇਆ ਸੀ, (ਉਹ

ਸਰੀਰ ਨੂੰ ਛਡ ਕੇ) ਕਿਥੇ ਚਲਾ ਗਿਆ ਹੈ?।੧।ਰਹਾਉ।(ਕਬੀਰ ਜੀ ਦਾ ਉਤਰ।ਹੇ ਪੰਡਤ!) ਅਕਾਸ਼ ਵਿਚ ਵੀ ਪ੍ਰਭੂ ਦੀ ਹੋਂਦ ਹੈ, ਪਤਾਲ ਵਿਚ ਵੀ ਉਸ ਦੀ ਹੋਂਦ ਹੈ ਅਤੇ ਚਾਰੇ ਦਿਸ਼ਾਵਾਂ ਵਿਚ ਪ੍ਰਭੂ ਦੀ ਹੋਂਦ ਮੌਜੂਦ ਰਹਿੰਦੀ ਹੈ।ਉਹ ਉਤਮ ਪੁਰਖ ਸਦਾ ਅਨੰਦ ਦਾ ਸੋਮਾ ਹੈ, (ਜੀਵਾਂ ਦਾ) ਸਰੀਰ ਨਾਸ ਹੋ ਜਾਂਦਾ ਹੈ, (ਪਰ ਜੀਵਾਂ ਦੇ ਅੰਦਰ ਵਸਦਾ ਉਹ) ਗਗਨ ਰੂਪ ਪ੍ਰਭੂ ਕਿਧਰੇ ਨਹੀ ਜਾਂਦਾ (ਸਦਾ ਕਾਇਮ ਰਹਿੰਦਾ ਹੈ)।੧ (ਹੇ ਭਾਈ!) ਪੰਜ ਤੱਤ ਮਿਲ ਕੇ (ਜੀਵ ਦੀ) ਦੇਹ ਬਣਾਈ ਗਈ ਹੈ, (ਪਰ ਤੁਸੀਂ ਦੱਸੋ ਇਹ) ਤੱਤ ਕਿੱਥੋਂ ਪੈਦਾ ਹੋਇਆ ਹੈ? (ਪ੍ਰਭੂ ਦੀ ਸ਼ਕਤੀ ਤੋਂ ਬਿਨਾ ਤੱਤ ਆਪਸ ਵਿਚ ਨਹੀਂ ਮਿਲ ਸਕਦੇ।ਤੱਤ ਸੁਤੰਤਰ ਹਸਤੀ ਨਹੀਂ ਹਨ, ਇਹ ਵੀ ਪ੍ਰਭੂ ਦੀ ਚੇਤਨ ਸੱਤਾ ਤੋਂ ਹੀ ਬਣੇ ਹਨ)।ਤੁਸੀਂ ਜੀਵ ਨੂੰ ਕਰਮਾਂ ਦਾ ਬੱਧਾ ਹੋਇਆ ਕਹਿੰਦੇ ਹੋ, ਪਰ ਕਰਮਾਂ ਨੂੰ ਕਿਸ ਨੇ ਜੀਵਨ ਦਿਤਾ ਹੈ? (ਕਰਮ ਤਾਂ ਜੜ੍ਹ ਹਨ, ਇਨ੍ਹਾਂ ਨੂੰ ਬੰਧਨ ਦੀ ਸ਼ਕਤੀ ਕਿਸ ਨੇ ਦਿਤੀ? ਕਰਮ ਵੀ ਚੇਤਨ ਸੱਤਾ ਨਾਲ ਹੀ ਬੰਧਨ ਦੇ ਸਮਰੱਥ ਹੁੰਦੇ ਹਨ)।੨।(ਅਸਲ ਵਿਚ ਇਹ ਸਾਰੀ ਖੇਡ ਉਸ ਦੀ ਅਪਣੀ ਹੈ) ਹਰੀ ਵਿਚ ਸਰੀਰ ਹੈ ਅਤੇ ਸਰੀਰ ਵਿਚ ਹਰੀ ਹੈ, ਉਹ ਹੀ ਸਾਰੇ ਜੀਵਾਂ ਅੰਦਰ ਇਕ ਰਸ ਵਿਆਪਕ ਹੈ।ਕਬੀਰ ਜੀ ਆਖਦੇ ਹਨ ਕਿ ਮੈਂ (ਅਜੇਹੇ ਸਮਰੱਥ) ਪ੍ਰਭੂ ਦਾ ਨਾਮ ਨਹੀਂ ਛਡਦਾ, (ਜੋ ਕੁਝ) ਹੋ ਰਿਹਾ ਹੈ, ਉਹ ਸਹਜੇ ਹੀ (ਪ੍ਰਭੂ ਦੇ ਹੁਕਮ ਵਿਚ) ਹੋ ਰਿਹਾ ਹੈ।੩।੩।

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੁੋਗਵੈ ਸੋਈ।ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ।(੬੫੮)

ਪਦਾਰਥ = ਆਕਾਸਿ–ਅਕਾਸ਼ ਵਿਚ।ਗਗਨੁ–ਪ੍ਰਭੂ ਦੀ ਹੋਂਦ; ਚੇਤਨ ਸੱਤਾ; ਸਰਬ ਵਿਆਪਕ ਪ੍ਰਭੂ।ਪਾਤਾਲਿ–ਪਤਾਲ ਵਿਚ।ਚਹੁ ਦਿਸਿ–ਚਾਰੇ ਦਿਸ਼ਾਵਾਂ ਵਿਚ।ਰਹਾਇਲੇ–ਮੌਜੂਦ ਰਹਿੰਦਾ ਹੈ।ਆਨਦ ਮੂਲੁ–ਅਨੰਦ ਦਾ ਸੋਮਾ (ਮੁੱਢ; ਕਾਰਨ)।ਪੁਰਖੋਤਮੁ–ਉਤਮ ਪੁਰਖ।ਘਟੁ–ਸਰੀਰ।ਬਿਨਸੈ–ਨਾਸ਼ ਹੋ ਜਾਂਦਾ ਹੈ।ਨ ਜਾਇਲੇ–ਨਾਸ਼ ਨਹੀਂ ਹੁੰਦਾ।੧।ਮੋਹਿ–ਮੈਨੂੰ।ਬੈਰਾਗੁ–ਉਪਰਾਮਤਾ; ਉਦਾਸੀ ।ਭਇਓ–ਹੋਇਆ ਹੈ।ਜੀਉ–ਜੀਵਾਤਮਾ।ਆਇ–ਆਇਆ।ਕਹਾ ਗਇਓ–ਕਿੱਥੇ ਚਲਾ ਗਿਆ।੧।ਰਹਾਉ।ਪੰਚ ਤਤੁ–ਪੰਜ ਤੱਤ (ਹਵਾ ਪਾਣੀ ਮਿਟੀ ਅੱਗ ਤੇ ਅਕਾਸ਼)।ਮਿਲਿ–ਮਿਲ ਕੇ।ਕਾਇਆ ਕੀਨੀ–ਦੇਹ ਬਣਾਈ ਗਈ ਹੈ।ਕਹਾ ਤੇ–ਕਿਥੋਂ।ਕੀਨੁ–ਬਣੇ ਹਨ।ਰੇ–ਹੇ ਭਾਈ!।ਕਰਮ ਬਧ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਬੱਧਾ ਹੋਇਆ।ਜੀਉ–ਜੀਵ।ਕਰਮਹਿ–ਕਰਮਾਂ ਨੂੰ।ਕਿਨਿ–ਕਿਸ ਨੇ।ਜੀਉ ਦੀਨੁ–ਜੀਵਨ ਸ਼ਕਤੀ ਦਿਤੀ।੨।ਹਰਿ ਮਹਿ–ਹਰੀ ਵਿਚ।ਤਨੁ–ਸਰੀਰ।ਸਰਬ ਨਿਰੰਤਰਿ–ਸਾਰੇ ਜੀਵਾਂ ਦੇ ਅੰਦਰ ਇਕ ਰਸ ਵਿਆਪਕ ਹੈ।ਸੋਇ–ਉਹ ਹੀ।ਸਹਜੇ–ਸੁਤੇ ਸਿੱਧ ਹੀ।ਸੁ–ਉਹ।੩।੩।

ਉਥਾਨਕਾ = ਕਬੀਰ ਜੀ ਦੇ ਖਿਲਾਫ ਬ੍ਰਾਹਮਣਾਂ ਤੇ ਕਾਜੀਆਂ ਨੇ ਸਿਕੰਦਰ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਕਿ ਕਬੀਰ ਹਿੰਦੂਆਂ ਦੀ ਮਰਿਆਦਾ ਅਤੇ ਇਸਲਾਮ ਦੀ ਸ਼ਰ੍ਹਾ ਦੇ ਖਿਲਾਫ ਲੋਕਾਂ ਵਿਚ ਵਖਰੀ ਕਿਸਮ ਦਾ ਪ੍ਰਚਾਰ ਕਰਦਾ ਹੈ।ਸਿਕੰਦਰ ਨੇ ਕਬੀਰ ਜੀ ਨੂੰ ਗ੍ਰਿਫਤਾਰ ਕਰਕੇ ਬਹੁਤ ਕਸ਼ਟ ਦਿਤੇ, ਕਾਜੀਆਂ ਨੇ ਕਬੀਰ ਜੀ ਨੂੰ ਪੋਟਲੀ ਵਿਚ ਬੰਨ੍ਹ ਕੇ ਹਾਥੀ ਅੱਗੇ ਸੁੱਟਿਆ।ਪਰ ਹਾਥੀ ਕਬੀਰ ਜੀ ਨੂੰ ਨਮਸ਼ਕਾਰ ਕਰਦਾ ਹੈ, ਉਸ ਵਾਕਿਆ ਨੂੰ ਕਬੀਰ ਜੀ ਬਿਆਨ ਕਰਦੇ ਹਨ।

ਰਾਗੁ ਗੋਂਡ ਬਾਣੀ ਕਬੀਰ ਜੀਉ ਕੀ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥ ਭੁਜਾ ਬਾਂਧਿ, ਭਿਲਾ ਕਰਿ ਡਾਰਿਓ ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥ ਹਸਤਿ ਭਾਗਿ ਕੈ ਚੀਸਾ ਮਾਰੈ ॥ ਇਆ ਮੂਰਤਿ ਕੈ ਹਉ ਬਲਿਹਾਰੈ ॥੧॥ ਆਹਿ ਮੇਰੇ ਠਾਕੁਰ, ਤੁਮਰਾ ਜੋਰੁ ॥ ਕਾਜੀ ਬਕਿਬੋ, ਹਸਤੀ ਤੋਰੁ ॥੧॥ਰਹਾਉ॥ (ਕਬੀਰ ਜੀ ਕਹਿੰਦੇ ਹਨ ਕਿ ਮੇਰੀਆਂ) ਬਾਹਵਾਂ ਬੰਨ੍ਹ ਕੇ ਪੋਟਲੀ ਜਿਹੀ ਬਣਾ ਕਰਕੇ (ਮੈਨੂੰ ਹਾਥੀ ਅੱਗੇ) ਸੁੱਟ ਦਿਤਾ।(ਮਹਾਵਤ ਨੇ) ਕ੍ਰੋਧ ਨਾਲ ਹਾਥੀ ਦੇ ਸਿਰ ਵਿਚ ਕੁੰਡਾ ਮਾਰਿਆ।ਪਰ ਹਾਥੀ (ਹੋਰ ਪਾਸੇ) ਭੱਜ ਕੇ ਚੀਕਾਂ ਮਰਦਾ ਹੈ।(ਹਾਥੀ ਇਉਂ ਕਹਿੰਦਾ ਪ੍ਰਤੀਤ ਹੁੰਦਾ ਹੈ ਕਿ) ਮੈਂ ਇਸ ਮੂਰਤ (ਕਬੀਰ) ਦੇ ਬਲਿਹਾਰ ਜਾਂਦਾ ਹਾਂ।੧।(ਕਬੀਰ ਜੀ ਅਰਦਾਸ ਕਰਦੇ ਹਨ ਕਿ) ਹੇ ਮੇਰੇ ਮਾਲਕ ਪ੍ਰਭੂ! ਮੈਨੂੰ ਤੇਰਾ ਬਲ (ਆਸਰਾ) ਹੈ।(ਹਾਥੀ ਨੂੰ ਅੱਗੇ ਨਾ ਵਧਦਾ ਦੇਖ ਕੇ) ਕਾਜੀ ਬੋਲਿਆ ਕਿ (ਹੇ ਮਹਾਵਤ!) ਹਾਥੀ ਨੂੰ (ਅੱਗੇ) ਤੋਰ।੧।ਰਹਾਉ।

ਅੰਗ ੮੭੧ = ਰੇ ਮਹਾਵਤ, ਤੁਝੁ ਡਾਰਉ ਕਾਟਿ ॥ ਇਸਹਿ ਤੁਰਾਵਹੁ ,ਘਾਲਹੁ ਸਾਟਿ ॥ ਹਸਤਿ ਨ ਤੋਰੈ, ਧਰੈ ਧਿਆਨੁ ॥ ਵਾ ਕੈ ਰਿਦੈ, ਬਸੈ ਭਗਵਾਨੁ ॥੨॥ ਕਿਆ ਅਪਰਾਧੁ ,ਸੰਤ ਹੈ ਕੀਨ੍ਹਾ ॥ ਬਾਂਧਿ ਪੋਟ, ਕੁੰਚਰ ਕਉ ਦੀਨ੍ਹਾ ॥ ਕੁੰਚਰੁ ਪੋਟ ਲੈ ਲੈ ਨਮਸਕਾਰੈ ॥ ਬੂਝੀ ਨਹੀ, ਕਾਜੀ ਅੰਧਿਆਰੈ ॥੩॥ ਤੀਨਿ ਬਾਰ ਪਤੀਆ ਭਰਿ ਲੀਨਾ ॥ ਮਨੁ ਕਠੋਰੁ ,ਅਜਹੂ ਨ ਪਤੀਨਾ ॥ ਕਹਿ ਕਬੀਰ ਹਮਰਾ ਗੋਬਿੰਦੁ ॥ ਚਉਥੇ ਪਦ ਮਹਿ ਜਨ ਕੀ ਜਿੰਦੁ ॥੪॥੧॥੪॥ (ਕਾਜੀ ਕਹਿੰਦਾ ਹੈ ਕਿ) ਹੇ ਮਹਾਵਤ! ਮੈਂ ਤੈਨੂੰ ਕੱਟ ਸੁਟਾਂਗਾ।ਇਸ ਨੂੰ (ਅੱਗੇ ਕਬੀਰ ਵੱਲ) ਤੋਰ, (ਹਾਥੀ ਦੇ ਸਿਰ ਉਤੇ ਕੁੰਡੇ ਦੀ) ਸੱਟ ਮਾਰ।(ਕਬੀਰ ਜੀ ਕਹਿੰਦੇ ਹਨ ਕਿ) ਹਾਥੀ

ਤੁਰਦਾ ਨਹੀਂ, (ਲਗਦਾ ਹੈ ਕਿ ਉਹ ਮੇਰਾ) ਧਿਆਨ ਧਾਰਦਾ ਹੈ।(ਇਉਂ ਜਾਪਦਾ ਹੈ ਕਿ) ਉਸ ਦੇ ਹਿਰਦੇ ਵਿਚ ਭਗਵਾਨ ਵਸਦਾ ਹੈ।੨।(ਉਸ ਵੇਲੇ ਬਨਾਰਸ ਦੇ ਬਹੁਤ ਲੋਕ ਇਕੱਠੇ ਹੋਏ ਅਤੇ ਕਾਜੀ ਨੂੰ ਕਹਿੰਦੇ ਹਨ ਕਿ ਇਸ) ਸੰਤ ਨੇ ਕੀ ਅਪਰਾਧ ਕੀਤਾ ਹੈ? (ਜੋ ਤੁਸੀਂ ਇਸ ਸੰਤ ਨੂੰ) ਪੰਡ ਬੰਨ੍ਹ ਕੇ ਹਾਥੀ ਅੱਗੇ ਸੁੱਟ ਦਿਤਾ ਹੈ।(ਪਰ) ਹਾਥੀ ਪੰਡ ਨੂੰ ਲੈ ਲੈ (ਚੁੱਕ ਚੁੱਕ) ਕੇ ਨਮਸ਼ਕਾਰ ਕਰਦਾ ਹੈ।(ਪਰ ਇਹ ਗੱਲ ਸ਼ਰ੍ਹਾਂ ਵਿਚ) ਅੰਨ੍ਹੇ ਹੋਏ ਕਾਜੀ ਨੇ ਸਮਝੀ ਹੀ ਨਹੀਂ।੩।(ਹਾਥੀ ਅੱਗੇ ਬਾਰ ਬਾਰ ਸੁਟ ਕੇ ਕਾਜੀ ਨੇ) ਤਿੰਨ ਬਾਰ ਪਰਤਾਵਾ ਭਰ ਲਿਆ।(ਪਰ ਕਾਜੀ ਦਾ ਪੱਥਰ ਵਰਗਾ) ਕਠੋਰ ਮਨ ਅਜੇ ਵੀ ਨਹੀਂ ਪਤੀਜਿਆ (ਤਸੱਲੀ ਨਹੀਂ ਹੋਈ) ।ਕਬੀਰ ਜੀ ਕਹਿੰਦੇ ਹਨ ਕਿ ਮੇਰਾ ਰਾਖਾ ਗੋਬਿੰਦ ਹੈ।(ਕਾਜੀ ਸਮਝ ਨਹੀਂ ਸਕਿਆ ਕਿ ਪ੍ਰਭੂ ਦੇ) ਸੇਵਕ ਦੀ ਜਿੰਦ ਚੌਥੇ ਪਦ ਵਿਚ ਟਿਕੀ ਹੋਈ ਹੈ।(ਜਿਸ ਕਰਕੇ ਕੋਈ ਦੁਖ ਤੇ ਡਰ ਪ੍ਰਤੀਤ ਨਹੀਂ ਹੋਇਆ)।੪।੧।੪।

ਪਦਾਰਥ = ਭੁਜਾ–ਬਾਹਾਂ।ਬਾਂਧਿ–ਬੰਨ੍ਹ ਕੇ।ਭਿਲਾ–ਭੇਲਾ; ਪੋਟਲੀ; ਗਠੜੀ।ਕਰਿ–ਬਣਾ ਕਰਕੇ।ਡਾਰਿਓ–ਸੁੱਟ ਦਿਤਾ।ਹਸਤੀ–ਹਾਥੀ।ਕ੍ਰੋਪਿ–ਕ੍ਰੋਧ ਨਾਲ।ਮੂੰਡ ਮਹਿ–ਸਿਰ ਵਿਚ।ਭਾਗਿ ਕੈ–ਭੱਜ ਕੇ।ਚੀਸਾ ਮਾਰੈ–ਚੀਕਾਂ ਮਾਰਦਾ ਹੈ।ਇਆ ਮੂਰਤਿ–ਇਸ ਮੂਰਤ ਤੋਂ।ਹਉ–ਮੈਂ।ਬਲਿਹਾਰੈ–ਸਦਕੇ ਜਾਂਦਾ ਹਾਂ।੧।ਆਹਿ–ਹੈ।ਠਾਕੁਰ–ਹੇ ਮਾਲਕ ਪ੍ਰਭੂ!।ਜੋਰੁ–ਤਾਕਤ।੧।ਬਕਿਬੋ–ਬੋਲਿਆ।ਤੋਰੁ–(ਅੱਗੇ) ਤੋਰ।੧।ਰਹਾਉ।ਰੇ–ਹੇ।ਮਹਾਵਤ–ਹਾਥੀ ਨੂੰ ਤੋਰਨ ਵਾਲਾ ਮਨੁੱਖ।ਡਾਰਉ ਕਾਟਿ–ਕੱਟ ਸੁਟਾਂਗਾ।ਤੁਰਾਵਹੁ–ਅੱਗੇ ਨੂੰ ਤੋਰ ।ਇਸਹਿ–ਇਸ (ਹਾਥੀ) ਨੂੰ।ਘਾਲਹੁ ਸਾਟਿ–ਸੱਟ ਮਾਰ; ਛੈਂਟਾ ਮਾਰ।ਨ ਤੋਰੈ–ਤੁਰਦਾ ਨਹੀਂ।ਵਾ ਕੈ–ਉਸ (ਹਾਥੀ) ਦੇ।ਰਿਦੈ–ਹਿਰਦੇ ਵਿਚ।੨।ਅਪਰਾਧ–ਪਾਪ।ਕੀਨ੍ਹਾ–ਕੀਤਾ ਹੈ।ਕਉ–ਨੂੰ (ਅੱਗੇ)।ਦੀਨਾ–(ਸੁੱਟ) ਦਿਤਾ ਹੈ।ਨਾਮਸਕਾਰੈ–ਮੱਥਾ ਟੇਕਦਾ ਹੈ। ਲੈ ਲੈ–ਚੁੱਕ ਚੁਕ ਕੇ।ਬੂਝੀ ਨਹੀ–ਸਮਝੀ ਨਹੀਂ।ਅੰਧਿਆਰੈ–ਅੰਨ੍ਹੇ ਨੇ; ਤੁਅੱਸਬ ਦੇ ਹਨ੍ਹੇਰੇ ਵਿਚ।੩।ਪਤੀਆ–ਪਰਤਾਵਾ; ਅਜਮਾਇਸ਼।ਭਰਿ ਲੀਨਾ–ਲੈ ਲਿਆ।ਕਠੋਰੁ–ਸਖਤ।ਅਜਹੂ–ਅਜੇ ਵੀ।ਨ ਪਤੀਨਾ–ਨਹੀਂ ਪਤੀਜਿਆ; ਤਸੱਲੀ ਨਹੀਂ ਹੋਈ। ਚਉਥੇ ਪਦ ਮਹਿ–ਦੁਖ ਸੁਖ ਤੋਂ ਉਪਰ ਦੀ ਗਿਆਨ ਅਵਸਥਾ ਵਿਚ।ਜਨ ਕੀ–ਸੇਵਕ ਦੀ।ਜਿੰਦੁ–ਆਤਮਾ।੪।੧।੪।

ਗੋਂਡ ॥ ਨਾ ਇਹੁ ਮਾਨਸੁ ਨਾ ਇਹੁ ਦੇਉ ॥ ਨਾ ਇਹੁ ਜਤੀ ਕਹਾਵੈ ਸੇਉ ॥ ਨਾ ਇਹੁ ਜੋਗੀ ਨਾ ਅਵਧੂਤਾ ॥ ਨਾ ਇਸੁ ਮਾਇ ਨਾ ਕਾਹੂ ਪੂਤਾ ॥੧॥ ਇਆ ਮੰਦਰ ਮਹਿ ਕੌਨ ਬਸਾਈ ॥ ਤਾ ਕਾ ਅੰਤੁ ਨ ਕੋਊ ਪਾਈ ॥੧॥ਰਹਾਉ॥ ਨਾ ਇਹੁ ਗਿਰਹੀ ਨਾ ਓਦਾਸੀ ॥ ਨਾ ਇਹੁ ਰਾਜ ਨ ਭੀਖ ਮੰਗਾਸੀ ॥ ਨਾ ਇਸੁ ਪਿੰਡੁ ਨ ਰਕਤੂ ਰਾਤੀ ॥ ਨਾ ਇਹੁ ਬ੍ਰਹਮਨ ਨਾ ਇਹੁ ਖਾਤੀ ॥੨॥ ਨਾ ਇਹੁ ਤਪਾ ਕਹਾਵੈ ਸੇਖੁ ॥ ਨਾ ਇਹੁ ਜੀਵੈ ਨਾ ਮਰਤਾ ਦੇਖੁ ॥ ਇਸੁ ਮਰਤੇ ਕਉ ਜੇ ਕੋਊ ਰੋਵੈ ॥ ਜੋ ਰੋਵੈ ਸੋਈ ਪਤਿ ਖੋਵੈ ॥੩॥ ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥ ਜੀਵਨ ਮਰਨ ਦੋਊ ਮਿਟਵਾਇਆ ॥ ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥੨॥੫॥ (ਪਹਿਲਾਂ ਰਹਾਉ ਵਾਲੀ ਪੰਗਤੀ ਦਾ ਅਰਥ।ਜਗਿਆਸੂ ਪੁਛਦਾ ਹੈ ਕਿ ਹੇ ਕਬੀਰ ਜੀ!) ਇਸ ਸਰੀਰ ਰੂਪ ਮੰਦਰ ਵਿਚ ਕੌਣ ਵਸਦਾ ਹੈ।(ਉਤਰ, ਜੋ ਇਸ ਮੰਦਰ ਵਿਚ ਵਸਦਾ ਹੈ) ਉਸ ਦਾ ਕੋਈ ਅੰਤ ਨਹੀਂ ਪਾ ਸਕਦਾ?।੧।ਰਹਾਉ। (ਸਰੀਰ ਦੇ ਅੰਦਰ ਵਸਣ ਵਾਲਾ) ਇਹ ਨਾ ਮਨੁੱਖ ਹੈ ਤੇ ਨਾ ਇਹ ਦੇਵਤਾ ਹੈ।ਨਾ ਇਹ ਜਤੀ ਕਹਾਉਂਦਾ ਹੈ ਤੇ ਨਾ ਇਹ ਸ਼ਿਵ ਦਾ ਉਪਾਸ਼ਕ ਹੈ।ਨਾ ਇਹ ਜੋਗੀ ਹੈ ਅਤੇ ਨਾ ਹੀ ਤਿਆਗੀ ਸਾਧੂ ਹੈ।ਨਾ ਇਸ ਦੀ ਮਾਂ ਹੈ ਅਤੇ ਨਾ ਇਹ ਕਿਸੇ ਦਾ ਪੁੱਤ੍ਰ ਹੈ।੧। (ਸਰੀਰ ਮੰਦਰ ਵਿਚ ਵਸਣ ਵਾਲਾ) ਨਾ ਗ੍ਰਿਹਸਤੀ ਹੈ ਅਤੇ ਨਾ ਉਦਾਸੀ ਹੈ।ਨਾ ਇਹ ਰਾਜਾ ਹੈ ਅਤੇ ਨਾ ਇਹ ਭਿੱਖਿਆ ਮੰਗਣ ਵਾਲਾ ਮੰਗਤਾ ਹੈ।ਨਾ ਇਸ ਦਾ ਸਰੀਰ ਹੈ ਅਤੇ ਨਾ (ਇਸ ਦੇ ਅੰਦਰ) ਰੱਤੀ ਭਰ ਲਹੂ ਹੈ।ਨਾ ਇਹ ਬ੍ਰਹਮਣ ਹੈ ਅਤੇ ਨਾ ਇਹ ਖਤ੍ਰੀ ਹੈ (ਇਸ ਦੀ ਵਰਣ ਆਸ਼੍ਰਮ ਵਾਲੀ ਜਾਤ ਪਾਤ ਕੋਈ ਨਹੀਂ)।੨।ਨਾ ਇਹ ਤਪਾ ਕਹਾਉਂਦਾ ਹੈ ਅਤੇ ਨਾ ਹੀ (ਇਹ) ਸ਼ੇਖ ਹੈ।ਨਾ ਇਹ (ਪ੍ਰਾਣਧਾਰੀ ਜੀਵਾਂ ਵਾਂਗ) ਜਿਉਂਦਾ ਹੈ, ਦੇਖੋ ਇਹ ਮਰਦਾ ਵੀ ਨਹੀਂ ਹੈ (ਜੰਮਦਾ ਮਰਦਾ ਨਹੀ)।ਜਿਹੜਾ ਕੋਈ ਮਨੁੱਖ ਇਸ (ਅੰਦਰ ਵਸਦੇ) ਨੂੰ ਮਰਦਾ ਸਮਝ ਕੇ ਰੋਂਦਾ ਹੈ।ਜੋ ਰੋਂਦਾ ਹੈ, ਉਹ ਅਪਣੀ ਇੱਜਤ ਗੁਆਉਂਦਾ ਹੈ।੩।(ਹੇ ਭਾਈ!) ਗੁਰੂ ਦੀ ਕ੍ਰਿਪਾ ਨਾਲ ਮੈਂ (ਮੰਦਰ ਵਿਚ ਵਸਣ ਵਾਲੇ ਨੂੰ ਮਿਲਣ ਦਾ) ਖੁੱਲ੍ਹਾ ਰਸਤਾ ਪਾ ਲਿਆ ਹੈ।(ਜਿਸ ਦੀ ਬਰਕਤ ਨਾਲ) ਮੈਂ ਜਿਉਣਾ ਅਤੇ ਮਰਨਾ ਦੋਵੇਂ ਮਿਟਾ ਲਏ ਹਨ।ਕਬੀਰ ਜੀ ਆਖਦੇ ਹਨ ਕਿ ਜਿਵੇਂ ਕਾਗਜ ਉਤੇ ਉਕਰੀ ਹੋਈ ਸਿਆਹੀ ਮਿਟਦੀ ਨਹੀਂ।ਤਿਵੇਂ ਇਹ ਜੀਵ ਪ੍ਰਭੂ ਦੀ ਅੰਸ ਹੈ।੪।੨।੫।

ਸਾਰੰਸ਼ = ਸਾਰੀ ਸ੍ਰਿਸਟੀ ਪ੍ਰਭੂ ਤੋਂ ਬਣੀ ਹੈ, ਇਸ ਵਿਚ ਸਾਰੇ ਜੀਵ ਪ੍ਰਭੂ ਤੋਂ ਪੈਦਾ ਹੋਏ ਹਨ, ਇਸ ਕਰਕੇ ਜੀਵ ਉਸ ਦੀ ਸੰਤਾਨ ਹਨ ਅਤੇ ਸਭ ਦੀ ਆਤਮਾ, ਪ੍ਰਮਾਤਮਾ ਨਾਲ ਜੁੜੀ ਹੋਈ ਹੈ।ਜੀਵ ਦਾ ਚੰਗਾ ਜਾਂ ਮਾੜਾ ਹੋਣਾ ਜੀਵ ਦੇ ਕਰਮਾਂ ਕਰਕੇ ਹੈ, ਜਿਸ

ਕਰਕੇ ਕੋਈ ਪ੍ਰਭੂ ਤੋਂ ਵਿਛੜਿਆ ਹੋਇਆ ਤੇ ਕੋਈ ਜੁੜਿਆ ਹੋਇਆ ਹੈ। ਜਿਵੇਂ ਸੰਸਾਰ ਵਿਚ ਕੋਈ ਪੁਤ੍ਰ ਬਾਪ ਦਾ ਵਫਾਦਾਰ ਹੈ ਅਤੇ ਕੋਈ ਅਪਣੇ ਔਗਣਾਂ ਕਰਕੇ ਪਿਉ ਤੋਂ ਦੂਰ ਹੋਇਆ ਹੋਇਆ ਹੈ।

ਪਦਾਰਥ = ਇਹੁ–ਇਹ (ਜੋ ਸਰੀਰ ਰੂਪ ਮੰਦਰ ਵਿਚ ਵਸਦਾ ਹੈ)। ਮਾਨਸੁ–ਮਨੁੱਖ। ਦੇਉ–ਦੇਵਤਾ। ਜਤੀ–ਬ੍ਰਹਮਚਾਰੀ (ਇੰਦੀਆਂ ਨੂੰ ਕਾਬੂ ਕਰਨ ਵਾਲਾ ਮਨੁੱਖ)। ਸੇਉ–ਸ਼ਿਵ ਦਾ ਉਪਾਸ਼ਕ। ਜੋਗੀ–ਗੋਰਖ ਨਾਥ ਦੇ ਮੱਤ ਦਾ ਸਾਧੂ। ਅਵਧੂਤਾ–ਸੰਨਿਆਸੀ; ਤਿਆਗੀ। ਮਾਇ–ਮਾਂ। ਇਸੁ–ਇਸ ਦੀ। ਕਾਹੂ–ਕਿਸੇ ਦਾ। ਪੂਤਾ–ਪੁੱਤ੍ਰ।੧। ਇਆ ਮੰਦਰ ਮਹਿ–ਇਸ ਸਰੀਰ ਘਰ ਵਿਚ। ਬਸਾਈ –ਵਸਦਾ ਹੈ। ਤਾ ਕਾ–ਉਸ (ਅੰਦਰ ਵਸਣ ਵਾਲੇ) ਦਾ। ਨ ਪਾਈ–ਨਹੀਂ ਪਾ ਸਕਦਾ।੧। ਰਹਾਉ। ਗਿਰਹੀ–ਗ੍ਰਿਹਸਤੀ। ਓਦਾਸੀ–ਗ੍ਰਿਹਸਤ ਦਾ ਤਿਆਗੀ। ਰਾਜ–ਰਾਜਾ। ਮੰਗਾਸੀ–ਮੰਗਤਾ। ਪਿੰਡੁ–ਸਰੀਰ। ਰਕਤੁ–ਲਹੂ। ਰਾਤੀ–ਰੱਤੀ ਭਰ। ਖਾਤੀ–ਖਤ੍ਰੀ; ਤਖਾਣ।੨ ।ਤਪਾ–ਤਪੱਸਵੀ। ਸੇਖ–ਬਜੁਰਗ; ਮੁਸਲਮਾਨਾਂ ਦੀ ਇਕ ਜਾਤੀ। ਕਉ–ਨੂੰ। ਸੋਈ–ਉਹ। ਪਤਿ ਖੋਵੈ–ਇੱਜਤ ਗੁਆ ਲੈਂਦਾ ਹੈ।੩। ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਡਗਰੋ–ਖੁਲ੍ਹਾ ਰਸਤਾ (HIGHWAY)। ਰਾਮ ਕੀ–ਪ੍ਰਮਾਤਮਾ ਦੀ। ਅੰਸੁ–ਕਿਰਣ; ਭਾਗ (ਹਿੱਸਾ); ਸੰਤਾਨ। ਜਸ–ਜਿਵੇਂ। ਪਰ–ਉਪਰ। ਮੰਸੁ–ਸਿਆਹੀ।੪।੨।੫।

ਗੋਂਡ ॥ ਤੂਟੇ ਤਾਗੇ ਨਿਖੁਟੀ ਪਾਨਿ ॥ ਦੁਆਰ ਊਪਰਿ ਝਿਲਕਾਵਹਿ ਕਾਨ ॥ ਕੂਚ ਬਿਚਾਰੇ ਫੂਏ ਫਾਲ ॥ ਇਆ ਮੁੰਡੀਆ ਸਿਰਿ ਚਢਿਬੋ ਕਾਲ ॥੧॥ ਇਹੁ ਮੁੰਡੀਆ ਸਗਲੋ ਦ੍ਰਬੁ ਖੋਈ ॥ ਆਵਤ ਜਾਤ ਨਾਕਸਰ ਹੋਈ ॥੧॥ਰਹਾਉ॥ ਤੁਰੀ ਨਾਰਿ ਕੀ ਛੋਡੀ ਬਾਤਾ ॥ ਰਾਮ ਨਾਮ ਵਾ ਕਾ ਮਨੁ ਰਾਤਾ ॥ ਲਰਿਕੀ ਲਰਿਕਨ ਖੈਬੋ ਨਾਹਿ ॥ ਮੁੰਡੀਆ ਅਨਦਿਨੁ ਧਾਪੇ ਜਾਹਿ ॥੨॥ ਇਕ ਦੁਇ ਮੰਦਰਿ, ਇਕ ਦੁਇ ਬਾਟ ॥ ਹਮ ਕਉ ਸਾਥਰੁ ,ਉਨ ਕਉ ਖਾਟ ॥ ਮੂਡ ਪਲੋਸਿ, ਕਮਰ ਬਧਿ ਪੋਥੀ ॥ ਹਮ ਕਉ ਚਾਬਨੁ ,ਉਨ ਕਉ ਰੋਟੀ ॥੩॥ ਮੁੰਡੀਆ ਮੁਡੀਆ ਹੂਏ ਏਕ ॥ ਏ ਮੁੰਡੀਆ, ਬੂਡਤ ਕੀ ਟੇਕ ॥ ਸੁਨਿ ਅੰਧਲੀ ਲੋਈ ਬੇਪੀਰਿ ॥ ਇਨ੍ ਮੁੰਡੀਅਨ ਭਜਿ ਸਰਨਿ ਕਬੀਰ ॥੪॥੩॥੬॥(ਕਬੀਰ ਜੀ ਦੀ ਮਾਤਾ ਪੜੋਸਣਾਂ ਕੋਲ ਜੋ ਸ਼ਕਾਇਤਾਂ ਕਰਦੀ ਹੈ, ਉਹ ਕਬੀਰ ਜੀ ਇਸ ਸ਼ਬਦ ਦੁਆਰਾ ਵਰਨਣ ਕਰਦੇ ਹਨ) ਤਾਣੀ ਦੇ ਧਾਗੇ ਟੁੱਟੇ ਪਏ ਹਨ ਅਤੇ (ਸੂਤ ਨੂੰ ਲਾਉਣ ਵਾਲੀ) ਪਾਣ ਵੀ ਮੁੱਕ ਗਈ ਹੈ। ਦਰਵਾਜੇ ਉਤੇ (ਟੰਗੇ ਹੋਏ ਤਾਣੀ ਵਾਲੇ ਖਾਲੀ) ਕਾਨੇ ਲਿਸ਼ਕਦੇ ਪਏ ਹਨ। ਵਿਚਾਰੇ ਕੁੱਚ ਦੇ ਵਾਲ ਵੀ ਖਿਲਰੇ ਪਏ ਹਨ (ਕੁੱਚ ਨਾ ਵਰਤਣ ਕਰਕੇ ਖਰਾਬ ਹੋਏ ਪਏ ਹਨ)। ਇਸ ਮੁੰਡੇ (ਕਬੀਰ) ਦੇ ਸਿਰ ਉਤੇ ਕਾਲ ਆ ਚੜ੍ਹਿਆ ਹੈ (ਕੰਮ ਨਹੀਂ ਕਰਦਾ, ਭੁੱਖਾ ਮਰੇਗਾ)।੧ ।(ਕਬੀਰ ਜੀ ਦੀ ਮਾਂ ਆਖਦੀ ਹੈ ਕਿ ਮੇਰੇ ਪਤੀ ਦਾ ਕਮਾਇਆ) ਸਾਰਾ ਧਨ ਇਸ ਮੁੰਡੇ ਨੇ (ਸੰਤਾਂ ਨੂੰ ਖੁਆ ਕੇ) ਗਵਾ ਦਿਤਾ ਹੈ ।(ਸਾਧੂ ਹਰ ਵੇਲੇ) ਆਉਂਦੇ ਜਾਂਦੇ ਰਹਿੰਦੇ ਹਨ, ਨੱਕ ਵਿਚ (ਮੇਰੀ) ਜਾਨ ਆਈ ਹੋਈ ਹੈ ਭਾਵ ਨੱਕ ਦਮ (ਬਹੁਤ ਤੰਗ) ਕਰ ਦਿਤਾ ਹੈ।੧। ਰਹਾਉ। (ਇਸ ਮੁੰਡੇ ਨੇ) ਲੱਠ ਤੇ ਨਲਕੀਆਂ ਦੀ ਗੱਲ ਹੀ ਛਡ ਦਿਤੀ ਹੈ (ਕੱਪੜਾ ਬੁਣਨ ਵੱਲ ਧਿਆਨ ਨਹੀਂ ਦੇਂਦਾ ।ਗਵਾਢਣ ਪੁਛਦੀ ਹੈ ਕਿ ਕੰਮ ਕੀ ਕਰਦਾ ਹੈ? ਕਬੀਰ ਜੀ ਦੀ ਮਾਂ ਉਤਰ ਦੇਂਦੀ ਹੈ ਕਿ) ਉਸ ਦਾ ਮਨ ਰਾਮ ਦੇ ਨਾਮ ਨਾਲ ਰੰਗਿਆ ਰਹਿੰਦਾ ਹੈ। ਲੜਕੀ ਤੇ ਲੜਕਿਆਂ ਲਈ ਖਾਣ ਵਾਸਤੇ (ਘਰ ਵਿਚ) ਕੁਛ ਨਹੀਂ ਬਚਦਾ। (ਪਰ ਸਾਡੇ ਘਰੋਂ) ਸਾਧੂ ਹਰ ਰੋਜ ਰੱਜ ਕੇ ਜਾਂਦੇ ਹਨ।੨। ਇਕ ਦੋ ਸਾਧੂ ਘਰ ਵਿਚ ਬੈਠੇ ਹੁੰਦੇ ਹਨ ਅਤੇ ਇਕ ਦੋ ਸਾਧੂ ਰਸਤੇ ਵਿਚ (ਸਾਡੇ ਘਰ ਨੂੰ) ਆ ਰਹੇ ਹੁੰਦੇ ਹਨ। ਸਾਨੂੰ (ਕਬੀਰ ਕਹਿੰਦਾ ਹੈ ਕਿ) ਭੁੰਜੇ ਸੌਂ ਜਾਓ, (ਪਰ) ਉਨ੍ਹਾਂ ਸਾਧੂਆਂ ਨੂੰ (ਸੌਣ ਵਾਸਤੇ) ਮੰਜੇ ਦੇਂਦਾ ਹੈ। (ਉਹ ਸਾਧੂ) ਸਿਰ ਉਤੇ ਹੱਥ ਫੇਰਦੇ ਆਉਂਦੇ ਹਨ ਅਤੇ (ਉਨ੍ਹਾਂ ਦੇ) ਲੱਕ ਨਾਲ ਪੋਥੀ ਬੱਧੀ ਹੁੰਦੀ ਹੈ। (ਕਈ ਬਾਰ ਘਰ ਵਿਚ ਅੰਨ ਦੀ ਘਾਟ ਕਰਕੇ) ਸਾਨੂੰ ਚੱਬਣ ਵਾਸਤੇ ਭੁੰਨ੍ਹੇ ਹੋਏ ਦਾਣੇ ਮਿਲਦੇ ਹਨ, (ਪਰ ਕਬੀਰ) ਉਨ੍ਹਾਂ ਸਾਧੂਆਂ ਨੂੰ ਰੋਟੀਆਂ ਖੁਆਉਂਦਾ ਹੈ।੩। ਮੇਰਾ ਮੁੰਡਾ (ਕਬੀਰ ਤੇ) ਸਾਧੂ ਮਿਲ ਕੇ ਇਕੋ ਹੋਏ ਪਏ ਹਨ। ਇਹ ਮੁੰਡਾ ਡੁਬਡਿਆਂ ਦੀ ਟੇਕ ਹੈ; ਕਬੀਰ ਜੀ ਆਖਦੇ ਹਨ ਕਿ ਮੁੰਡੇ (ਸਾਧੂ), ਸਾਧੂਆਂ ਨਾਲ ਮਿਲ ਕੇ ਇਕ ਰੂਪ ਹੋਏ ਪਏ ਹਨ (ਮਨ ਆਪਸ ਵਿਚ ਮਿਲੇ ਹੋਏ ਹਨ)। ਇਹ ਸਾਧੂ (ਭਵਜਲ ਵਿਚ) ਬੁਡਦਿਆਂ ਦਾ ਸਹਾਰਾ ਹਨ। ਹੇ ਅੰਨ੍ਹੀ ਨਿਗੁਰੀ ਲੋਈ! (ਲੋਈ ਨੂੰ ਸੁਣਾ ਕੇ ਮਾਂ ਨੂੰ ਆਖਦੇ ਹਨ, ਤੂੰ ਮੇਰੀ ਸਿੱਖਿਆ) ਸੁਣ। ਤੂੰ ਭੱਜ ਕੇ ਇਨ੍ਹਾਂ ਸਾਧੂਆਂ ਦੀ ਸ਼ਰਨ ਵਿਚ ਪੈ ਜਾਹ (ਤਾਂ ਤੇਰਾ ਦੁੱਖਾਂ ਤੋਂ ਛੁਟਕਾਰਾ ਹੋਵੇਗਾ)।੪।੩।੬।

ਪਦਾਰਥ = ਤਾਗੇ–ਧਾਗੇ। ਨਿਖੁਟੀ–ਮੁੱਕ ਗਈ ਹੈ। ਪਾਨਿ–ਪਾਣ (ਮਾਵਾ, ਜੋ ਕਪੜਾ ਬੁਣਨ ਤੋਂ ਪਹਿਲਾਂ ਸੂਤ ਨੂੰ ਲਾਈਦਾ ਹੈ)। ਦੁਆਰ–ਦਰਵਾਜਾ। ਝਿਲਕਾਵਹਿ–ਚਮਕਦੇ ਹਨ (ਲਟਕਦੇ ਰਹਿੰਦੇ ਹਨ)। ਕੂਚ–ਕੁੱਚ (ਬੁਰਸ਼, ਜੋ ਤਾਣੇ ਉਤੇ ਫੇਰੀਦਾ ਹੈ)। ਫੂਏ ਫਾਲ–ਖਿਲਰੇ ਪਏ ਹਨ। ਇਆ ਮੁੰਡੀਆ–ਇਸ ਮੁੰਡੇ (ਕਬੀਰ) ਦੇ। ਸਿਰਿ–ਸਿਰ ਉਤੇ। ਚਢਿਬੋ ਕਾਲ–ਮੌਤ ਚੜ੍ਹੀ ਹੋਈ ਹੈ।੧।

ਇਆ–ਇਸ ਨੇ।ਸਗਲੋ ਦ੍ਰਬੁ–ਸਾਰਾ ਧਨ।ਖੋਈ–ਗਵਾ ਦਿਤਾ ਹੈ।ਆਵਤ ਜਾਤ–ਆਉਂਦੇ ਜਾਂਦੇ ਹਨ।ਨਾਕ ਸਰ–ਨੱਕ ਵਿਚ ਦਮ ਕਰ ਦਿਤਾ ਹੈ; ਬਹੁਤ ਤੰਗ ਹੋਈ ਪਈ ਹਾਂ।੧।ਰਹਾਉ।ਤੁਰੀ–ਖੱਡੀ ਦੀ ਲੱਠ, ਜਿਸ ਦੇ ਦੁਆਲੇ ਬੁਣਿਆ ਕਪੜਾ ਵਲ੍ਹੇਟਦੇ ਜਾਂਦੇ ਹਨ।ਨਾਰਿ–ਨਲਕੀਆਂ।ਬਾਤਾ–ਗੱਲ।ਵਾ ਕਾ–ਉਸ (ਕਬੀਰ ਦਾ) ਦਾ।ਰਾਤਾ–ਰੰਗਿਆ ਹੈ।ਲਰਕੀ–ਲੜਕੀ ਦੇ।ਲਰਿਕਨ–ਲੜਕਿਆਂ ਦੇ।ਖੈਬੋ ਨਾਹਿ–ਖਾਣ ਲਈ (ਕੁਛ) ਨਹੀਂ।ਮੁੰਡੀਆ–ਸਾਧੂ।ਅਨਦਿਨੁ–ਹਰ ਰੋਜ।ਧਾਪੇ ਜਾਹਿ–ਰੱਜ ਕੇ ਜਾਂਦੇ ਹਨ।੨। ਮੰਦਰਿ–ਘਰ ਵਿਚ।ਬਾਟ–ਰਸਤੇ ਵਿਚ।ਹਮ ਕਉ–ਸਾਨੂੰ।ਸਾਥਰੁ–ਭੁੰਜੇ (ਜਮੀਨ ਉਤੇ)।ਉਨ ਕਉ–ਉਨ੍ਹਾਂ ਨੂੰ।ਖਾਟ–ਮੰਜੇ।ਮੂਡ–ਸਿਰ।ਪਲੋਸਿ–ਹੱਥ ਫੇਰਦੇ ਹੋਏ; ਪਲੋਸ ਕੇ।ਕਮਰ–ਲੱਕ।ਬਧ–ਬੰਨ੍ਹੀ ਹੁੰਦੀ ਹੈ।ਚਾਬਨੁ–ਚੱਬਣ ਵਾਸਤੇ ਭੁੰਨ੍ਹੇ ਹੋਏ ਦਾਣੇ।੩।ਏ ਮੁੰਡੀਆ–ਇਹ ਸਾਧੂ ਜਨ।ਬੂਡਤ ਕੀ–(ਸੰਸਾਰ ਸਮੁੰਦਰ ਵਿਚ) ਡੁਬਦਿਆਂ ਦੀ।ਲੋਈ–ਕਬੀਰ ਜੀ ਦੀ ਪਤਨੀ; ਦੁਨੀਆਂ।ਅੰਧਲੀ –ਅੰਨ੍ਹੀ (ਗਿਆਨ ਹੀਣ)।ਬੇਪੀਰ–ਨਿਗੁਰੀ।ਇਨ ਮੁੰਡੀਅਨ–ਇਨ੍ਹਾਂ ਮੁੰਡਿਆਂ (ਸਾਧੂਆਂ) ਦੀ।ਭਜਿ–ਭੱਜ ਕੇ।੪।੩।੬।

ਵਿਆਖਿਆ = ਇਸ ਸ਼ਬਦ ਵਿਚ ਸਿਮਰਨ ਹੀਣ ਲੋਕਾਂ ਦਾ ਤੇ ਭਗਤਾਂ ਦੀ ਪ੍ਰਮਾਤਮਾ ਨਾਲ ਲੱਗੀ ਲਗਨ ਦਾ ਵਰਨਣ ਅਤੇ ਭਗਤਾਂ ਤੇ ਸੰਸਾਰੀਆਂ ਦਾ ਅੰਤਰ ਦਸਿਆ ਹੈ {ਭਗਤ ਤੈ ਸੈਸਾਰੀਆ ਜੋੜੁ ਕਦੇ ਨ ਆਇਆ ੧੪੫}।ਪ੍ਰਵਾਰ ਦੁਨੀਆਂਦਾਰਾਂ ਦੀ ਅਤੇ ਕਬੀਰ ਜੀ ਭਗਤਾਂ ਦੀ ਪ੍ਰਤੀਨਿਧਤਾ ਕਰਦੇ ਹਨ।ਕਬੀਰ ਜੀ ਨੇ ਅਪਣੇ ਪ੍ਰਵਾਰ ਨੂੰ ਸਤਸੰਗਤ ਨਾਲ ਪਿਆਰ ਅਤੇ ਸਾਧੂਆਂ ਦੀ ਸੇਵਾ ਕਰਕੇ ਲਾਭ ਖੱਟਣ ਦੀ ਸਿੱਖਿਆ ਦਿਤੀ ਹੈ।ਕਈ ਵਾਰ ਕਿਸੇ ਗੁਰਮੁਖ ਦਾ ਪ੍ਰਵਾਰ ਸਤਸੰਗਤ ਨਾਲ ਨਹੀਂ ਜੁੜਿਆ ਹੁੰਦਾ ,ਗੁਰਮੁਖ ਜਨ ਸਿੱਖਿਆ ਦੇ ਕੇ ਅਪਣੇ ਪ੍ਰਵਾਰ ਨੂੰ ਸਾਧ ਸੰਗਤ ਰਾਹੀਂ ਪ੍ਰਭੂ ਨਾਲ ਜੋੜਨ ਦਾ ਜਤਨ ਕਰਿਆ ਕਰਦੇ ਹਨ।

ਗੋਂਡ ॥ ਖਸਮੁ ਮਰੈ, ਤਉ ਨਾਰਿ ਨ ਰੋਵੈ ॥ ਉਸੁ ਰਖਵਾਰਾ ਅਉਰੋ ਹੋਵੈ ॥ ਰਖਵਾਰੇ ਕਾ ਹੋਇ ਬਿਨਾਸ ॥ ਆਗੈ ਨਰਕੁ ,ਈਹਾ ਭੋਗ ਬਿਲਾਸ ॥੧॥ ਏਕ ਸੁਹਾਗਨਿ, ਜਗਤ ਪਿਆਰੀ ॥ ਸਗਲੇ ਜੀਅ ਜੰਤ ਕੀ ਨਾਰੀ ॥੧॥ਰਹਾਉ॥ ਸੋਹਾਗਨਿ ਗਲਿ ਸੋਹੈ ਹਾਰੁ ॥ ਸੰਤ ਕਉ ਬਿਖੁ ,ਬਿਗਸੈ ਸੰਸਾਰੁ ॥ ਕਰਿ ਸੀਗਾਰੁ ਬਹੈ ਪਖਿਆਰੀ ॥ ਸੰਤ ਕੀ ਠਿਠਕੀ, ਫਿਰੈ ਬਿਚਾਰੀ ॥੨॥ (ਹੇ ਭਾਈ!) ਮਾਇਆ ਦਾ ਮਾਲਕ ਮਰ ਜਾਵੇ ਤਾਂ (ਉਸ ਦੇ ਵਿਛੜਨ ਤੇ) ਮਾਇਆ ਰੋਂਦੀ ਨਹੀਂ।(ਕਿਉਂਕਿ) ਉਸ ਨੂੰ ਰੱਖਣ (ਸਾਂਭਣ) ਵਾਲਾ ਹੋਰ (ਕੋਈ ਮਨੁੱਖ) ਹੋ ਜਾਂਦਾ ਹੈ (ਉਹ ਕਿਸੇ ਹੋਰ ਦੀ ਜਾ ਬਣਦੀ ਹੈ।ਫਿਰ ਜਦ ਉਸ) ਰਖਵਾਲੇ ਦਾ ਵੀ ਨਾਸ਼ ਹੋ ਜਾਂਦਾ ਹੈ (ਕਿਉਂਕਿ ਸੰਸਾਰ ਵਿਚ ਸਦਾ ਲਈ ਜਿਉਂਦਾ ਕੋਈ ਨਹੀਂ ਰਹਿੰਦਾ।ਮਨੁੱਖ ਹਰੀ ਨੂੰ ਭੁਲਾ ਕੇ ਮਾਇਆ ਨਾਲ) ਇਥੇ ਜਗਤ ਵਿਚ ਤਾਂ ਸੁਖ ਭੋਗਦਾ ਹੈ, (ਪਰ ਉਹ) ਅੱਗੇ ਪ੍ਰਲੋਕ ਵਿਚ ਨਰਕ ਭੋਗਦਾ ਹੈ।੧।ਇਕੋ ਸੁਹਾਗਣ (ਮਾਇਆ) ਸਾਰੇ ਜਗਤੀ ਦੀ ਪਿਆਰੀ ਬਣੀ ਹੋਈ ਹੈ।ਅਤੇ ਛੋਟੇ ਵੱਡੇ ਸਾਰੇ ਜੀਵਾਂ ਜੰਤਾਂ ਦੀ ਇਸਤ੍ਰੀ ਹੈ (ਇਸ ਕਰਕੇ ਮਾਇਆ ਵਿਧਵਾ ਨਹੀਂ ਹੁੰਦੀ)।੧। ਰਹਾਉ।ਮਾਇਆ ਦੇ ਗਲ ਵਿਚ (ਪਦਾਰਥ ਰੂਪ) ਹਾਰ ਸੋਭ ਰਿਹਾ ਹੈ (ਹਾਵ ਭਾਵ ਕਰਦੀ ਮੋਹ ਲੈਂਦੀ ਹੈ।ਮਾਇਆ ਨੂੰ ਦੇਖ ਕੇ ਸਾਰਾ) ਸੰਸਾਰ ਖੁਸ਼ ਹੁੰਦਾ ਹੈ, (ਪਰ) ਸੰਤਾਂ ਨੂੰ ਇਹ ਜਹਿਰ ਰੂਪ ਦਿਸਦੀ ਹੈ।(ਜੀਵਾਂ ਨੂੰ ਮੋਹਤ ਕਰਨ ਲਈ ਇਹ) ਵੇਸਵਾ ਵਾਂਗ ਸ਼ਿੰਗਾਰ ਕਰਕੇ ਬੈਠਦੀ ਹੈ।(ਪਰ ਇਹ) ਵਿਚਾਰੀ ਸੰਤਾਂ ਦੀ ਫਿਟਕਾਰੀ (ਸੰਤਾਂ ਤੋਂ ਦੂਰ) ਫਿਰਦੀ ਹੈ।੨।

ਅੰਗ ੮੭੨ = ਸੰਤ ਭਾਗਿ ਓਹ ਪਾਛੈ ਪਰੈ ॥ ਗੁਰ ਪਰਸਾਦੀ, ਮਾਰਹੁ ਡਰੈ ॥ ਸਾਕਤ ਕੀ, ਓਹ ਪਿੰਡ ਪਰਾਇਣਿ ॥ ਹਮ ਕਉ ਦ੍ਰਿਸਟਿ ਪਰੈ, ਤ੍ਰਖਿ ਡਾਇਣਿ ॥੩॥ ਹਮ ਤਿਸ ਕਾ ਬਹੁ ਜਾਨਿਆ ਭੇਉ ॥ ਜਬ ਹੂਏ ਕ੍ਰਿਪਾਲ, ਮਿਲੇ ਗੁਰਦੇਉ ॥ ਕਹੁ ਕਬੀਰ, ਅਬ ਬਾਹਰਿ ਪਰੀ ॥ ਸੰਸਾਰੈ ਕੈ ਅੰਚਲਿ ਲਰੀ ॥੪॥੪॥੭॥(ਮਾਇਆ ਦਾਸੀ ਬਣਨ ਲਈ) ਉਹ ਭੱਜ ਕੇ ਸੰਤਾਂ ਦੇ ਪਿੱਛੇ (ਸ਼ਰਨ ਵਿਚ) ਪੈਂਦੀ ਹੈ; ਸੰਤ ਮਾਇਆ ਤੋਂ ਭੱਜ ਕੇ ਦੂਰ ਜਾਂਦੇ ਹਨ, (ਪਰ ਸੇਵਾ ਕਰਨ ਵਾਸਤੇ ਸੰਤਾਂ ਦੇ) ਉਹ ਪਿੱਛੇ ਪੈਂਦੀ ਹੈ।(ਪਰ ਕਿਉਂਕਿ) ਸੰਤਾਂ ਉਤੇ ਗੁਰੂ ਦੀ ਕ੍ਰਿਪਾ ਹੋਣ ਕਰਕੇ (ਉਹ ਸੰਤਾਂ ਦੀ) ਮਾਰ ਤੋਂ ਡਰਦੀ ਹੈ (ਕਿ ਸੰਤ ਕਿਤੇ ਨੱਕ ਤੇ ਕੰਨ ਨਾ ਕੱਟ ਦੇਣ।ਪਰ) ਉਹ (ਮਾਇਆ) ਸਾਕਤ ਮਨੁੱਖਾਂ ਦੀ ਦੇਹ ਦਾ ਆਸਰਾ ਹੈ।(ਕਬੀਰ ਜੀ ਕਹਿੰਦੇ ਹਨ ਕਿ) ਸਾਨੂੰ ਤਾਂ ਉਹ ਲਹੂ ਦੀ ਤਿਹਾਈ ਡੈਣ ਦਿਖਾਈ ਪੈਂਦੀ ਹੈ।੩।ਕਬੀਰ ਜੀ ਕਹਿੰਦੇ ਹਨ ਕਿ ਜਦ (ਮੈਨੂੰ) ਗੁਰਦੇਵ ਮਿਲੇ ਅਤੇ (ਉਹ ਮੇਰੇ ਉਤੇ) ਮੇਹਰਵਾਨ ਹੋਏ।(ਤਦ) ਮੈਂ ਉਸ ਮਾਇਆ ਦਾ ਬਹੁਤ ਭੇਤ ਜਾਣ ਲਿਆ।ਹੁਣ (ਮਾਇਆ ਮੇਰੇ ਮਨ ਤੋਂ) ਬਾਹਰ ਜਾ ਪਈ ਹੈ।(ਪਰ) ਸੰਸਾਰੀ ਜੀਵਾਂ ਦੇ (ਹਿਰਦੇ ਰੂਪ) ਪੱਲੇ ਲਗੀ ਹੋਈ ਹੈ।੪।੪।੭।

ਪਦਾਰਥ = ਖਸਮੁ–(ਮਾਇਆ ਦਾ) ਮਾਲਕ।ਤਉ–ਤਾਂ; ਤਦ।ਨਾਰਿ–ਇਸਤ੍ਰੀ (ਮਾਇਆ)।ਨ ਰੋਵੈ–ਰੋਂਦੀ ਨਹੀਂ।ਉਸੁ–ਉਸ ਨੂੰ ।ਰਖਵਾਰਾ–ਰੱਖਣ (ਸਾਂਭਣ) ਵਾਲਾ।ਅਉਰੋ–ਹੋਰ ਕੋਈ।ਬਿਨਾਸ–ਮੌਤ ਹੋ ਜਾਂਦੀ ਹੈ।ਆਗੈ–ਅੱਗੇ ਪ੍ਰਲੋਕ ਵਿਚ।ਈਹਾ–ਇਥੇ

ਜਗਤ ਵਿਚ।ਭੋਗ ਬਿਲਾਸ–ਸੁੱਖ ਭੋਗਦਾ ਹੈ; ਮੌਜਾਂ ਮਣਦਾ ਹੈ।੧।ਏਕ ਸੁਹਾਗਨਿ–ਇਕੋ ਸੁਹਾਗਣ (ਮਾਇਆ)।ਸਗਲੇ–ਸਾਰੇ। ਜੀਅ ਜੰਤ ਕੀ–ਛੋਟੇ ਵੱਡੇ ਜੀਵ ਜੰਤਾਂ ਦੀ।ਨਾਰੀ–ਇਸਤ੍ਰੀ।੧।ਰਹਾਉ।ਗਲਿ–ਗਲ ਵਿਚ।ਸੋਹੈ–ਸੋਭਦਾ ਹੈ।ਕਉ–ਨੂੰ।ਬਿਖੁ–ਜਹਿਰ ਰੂਪ।ਬਿਗਸੈ–ਖੁਸ਼ ਹੁੰਦਾ ਹੈ।ਕਰਿ–ਕਰਕੇ।ਬਹੈ–ਬੈਠਦੀ ਹੈ।ਪਖਿਆਰੀ–ਸਿਰ ਉਤੇ ਵਾਲਾਂ ਦੀ ਪੱਟੀ ਸ਼ਿੰਗਾਰਨ ਵਾਲੀ ਇਸਤ੍ਰੀ (ਮ. ਕੋ); ਵੇਸਵਾ।ਠਿਠਕੀ–ਫਿਟਕਾਰੀ ਹੋਈ; ਅਪਮਾਨਤ।੨।ਭਾਗਿ–ਭੱਜ ਕੇ।ਓਹ–ਉਹ (ਮਾਇਆ) ਪਾਛੈ ਪਰੈ–ਪਿੱਛੇ ਪੈਂਦੀ ਹੈ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਹੋਣ ਕਰਕੇ।ਮਾਰਹੁ–ਮਾਰ ਤੋਂ।ਸਾਕਤ ਕੀ–ਮਨਮੁਖਾਂ ਦੀ।ਪਿੰਡ ਪਰਾਇਨਿ–ਸਰੀਰ ਦਾ ਆਸਰਾ; ਜਿੰਦ ਜਾਨ।ਹਮ ਕਉ–ਮੈਨੂੰ।ਦ੍ਰਿਸਟਿ ਪਰੈ–ਦਿਖਾਈ ਪੈਂਦੀ ਹੈ।ਤ੍ਰਖਿ–ਤਿਹਾਈ (ਪਿਆਸੀ); ਭੈਦਾਇਕ; ਤਿੱਖੀ। ਡਾਇਨਿ–ਚੜੇਲ।੩।ਹਮ–ਮੈਂ।ਤਿਸ ਕਾ–ਉਸ (ਮਾਇਆ) ਦਾ।ਭੇਉ–ਭੇਤ।ਜਬ–ਜਦੋਂ।ਹੂਏ ਕ੍ਰਿਪਾਲ–ਮੇਹਰਵਾਨ ਹੋਏ।ਅਬ–ਹੁਣ।ਬਾਹਰਿ ਪਰੀ–ਮਨੋਂ ਬਾਹਰ ਜਾ ਪਈ।ਸੰਸਾਰੈ ਕੈ–ਸੰਸਾਰੀ ਜੀਵਾਂ ਦੇ।ਅੰਚਲਿ ਲਰੀ–ਪੱਲੇ ਜਾ ਲੱਗੀ।੪।੪।੭।

ਗੋਂਡ ॥ ਗ੍ਰਿਹਿ ਸੋਭਾ ਜਾ ਕੈ ਰੇ ਨਾਹਿ ॥ ਆਵਤ ਪਹੀਆ ਖੂਧੇ ਜਾਹਿ ॥ ਵਾ ਕੈ ਅੰਤਰਿ ਨਹੀ ਸੰਤੋਖੁ ॥ ਬਿਨੁ ਸੋਹਾਗਨਿ ਲਾਗੈ ਦੋਖੁ ॥੧॥ ਧਨੁ ਸੋਹਾਗਨਿ ਮਹਾ ਪਵੀਤ ॥ ਤਪੇ ਤਪੀਸਰ ਡੋਲੈ ਚੀਤ ॥੧॥ਰਹਾਉ॥ ਸੋਹਾਗਨਿ ਕਿਰਪਨ ਕੀ ਪੂਤੀ ॥ ਸੇਵਕ ਤਜਿ ਜਗਤ ਸਿਉ ਸੂਤੀ ॥ ਸਾਧੂ ਕੈ ਠਾਢੀ ਦਰਬਾਰਿ ॥ ਸਰਨਿ ਤੇਰੀ ਮੋਕਉ ਨਿਸਤਾਰਿ ॥੨॥ ਸੋਹਾਗਨਿ ਹੈ ਅਤਿ ਸੁੰਦਰੀ ॥ ਪਗ ਨੇਵਰ ਛਨਕ ਛਨਹਰੀ ॥ ਜਉ ਲਗੁ ਪ੍ਰਾਨ ਤਉ ਲਗੁ ਸੰਗੇ ॥ ਨਾਹਿ ਤ ਚਲੀ ਬੇਗਿ ਉਠਿ ਨੰਗੇ ॥੩॥ ਸੋਹਾਗਨਿ ਭਵਨ ਤ੍ਰੈ ਲੀਆ ॥ ਦਸ ਅਠ ਪੁਰਾਣ ਤੀਰਥ ਰਸ ਕੀਆ ॥ ਬ੍ਰਹਮਾ ਬਿਸਨੁ ਮਹੇਸਰ ਬੇਧੇ ॥ ਬਡੇ ਭੂਪਤਿ ਰਾਜੇ ਹੈ ਛੇਧੇ ॥੪॥ ਸੋਹਾਗਨਿ ਉਰਵਾਰਿ ਨ ਪਾਰਿ ॥ ਪਾਂਚ ਨਾਰਦ ਕੈ ਸੰਗਿ ਬਿਧਵਾਰਿ ॥ ਪਾਂਚ ਨਾਰਦ ਕੇ ਮਿਟਵੇ ਫੂਟੇ ॥ ਕਹੁ ਕਬੀਰ ਗੁਰ ਕਿਰਪਾ ਛੂਟੇ ॥੫ ॥੫॥੮॥ ਹੇ ਭਾਈ! ਜਿਸ ਮਨੁੱਖ ਦੇ ਘਰ ਵਿਚ ਮਾਇਆ ਨਹੀਂ ਹੈ।(ਉਸ ਦੇ ਘਰ ਵਿਚ ਜੋ) ਰਾਹੀ ਆਉਂਦੇ ਹਨ, (ਉਹ) ਭੁੱਖੇ ਜਾਂਦੇ ਹਨ।ਉਨ੍ਹਾਂ (ਰਾਹੀਆਂ) ਦੇ ਅੰਦਰ (ਬਿਨਾ ਕੁਛ ਖਾਧੇ) ਸੰਤੋਖ ਨਹੀਂ ਆਉਂਦਾ; ਤ੍ਰਿਪਤੀ ਨਹੀਂ ਹੁੰਦੀ।ਮਾਇਆ ਤੋਂ ਬਿਨਾ (ਰਾਹੀਆਂ ਦੇ ਭੁੱਖੇ ਚਲੇ ਜਾਣ ਕਰਕੇ ਗ੍ਰਿਸਤੀ ਮਨੁੱਖ ਨੂੰ) ਦੋਸ਼ ਲਗਦਾ ਹੈ (ਕਿ ਇਹ ਸੰਤੋਖੀ ਨਹੀਂ, ਕਿਉਂਕਿ ਸੰਤੋਖੀ ਬੰਦਾ ਹੀ ਦਾਨ ਕਰ ਸਕਦਾ ਹੈ)।੧।(ਹੇ ਭਾਈ!) ਮਾਇਆ ਧੰਨਤਾ ਯੋਗ ਹੈ ਤੇ ਬਹੁਤ ਪਵਿਤ੍ਰ ਹੈ (ਪਵਿਤ੍ਰ ਇਸ ਕਰਕੇ ਹੈ, ਇਸ ਨਾਲ ਭੁੱਖੇ ਨੰਗੇ ਲੋਕਾਂ ਨੂੰ ਅਤੇ ਧਰਮ ਕਾਰਜਾਂ ਵਾਸਤੇ ਦਾਨ ਮਿਲਦਾ ਹੈ।ਇਸ ਦੇ ਬਿਨਾ) ਤਪ ਕਰਨ ਵਾਲੇ ਬੜੇ ਬੜੇ ਤਪੀਸਰਾਂ ਦੇ ਚਿਤ ਡੋਲ ਜਾਂਦੇ ਹਨ (ਖਾਣ ਪਹਿਨਣ ਵਾਸਤੇ ਤਪੀਸਰਾਂ ਨੂੰ ਵੀ ਮਾਇਆ ਚਾਹੀਦੀ ਹੈ)।੧।ਰਹਾਉ।ਮਾਇਆ ਕੰਜੂਸ ਮਨੁੱਖ ਦੀ ਪੁਤ੍ਰੀ ਹੈ (ਕੰਜੂਸ ਮਾਇਆ ਜਮ੍ਹਾ ਕਰੀ ਜਾਂਦਾ ਹੈ, ਕਿਧਰੇ ਚੰਗੀ ਜਗ੍ਹਾ ਇਸ ਨੂੰ ਵਰਤਦਾ ਨਹੀਂ।ਜੋ ਪ੍ਰਭੂ ਦੇ) ਸੇਵਕਾਂ ਨੂੰ ਛਡ ਕੇ ਜਗਤ ਦੇ ਲੋਕਾਂ ਨਾਲ ਸੁੱਤੀ ਪਈ (ਰਚੀ ਮਿਚੀ) ਹੈ।(ਪਰ) ਸਾਧੂ ਦੇ ਦਰ ਉਤੇ ਖੜੀ ਹੋਈ ਬੇਨਤੀ ਕਰਦੀ ਹੈ।ਕਿ ਮੈ ਤੇਰੀ ਸ਼ਰਨ ਵਿਚ ਆਈ ਹਾਂ, ਮੈਨੂੰ (ਅਪਣੇ ਚਰਨੀਂ ਲਾ ਕੇ ਸੰਸਾਰ ਸਮੁੰਦਰ ਤੋਂ) ਤਾਰ ਲੈ।੨।(ਹੇ ਭਾਈ!) ਮਾਇਆ ਬਹੁਤ ਸੁੰਦਰ ਹੈ (ਜੋ ਹਰੇਕ ਜੀਵ ਨੂੰ ਮੋਹ ਲੈਂਦੀ ਹੈ।ਇਸ ਦੇ) ਪੈਰਾਂ ਵਿਚ ਪਾਈਆਂ ਝਾਂਜਰਾਂ ਛਣ ਛਣ ਕਰਦੀਆਂ ਹਨ (ਮਾਇਆ ਬਹੁਤ ਸਜ ਧਜ ਵਾਲੀ ਹੈ।ਜੀਵ ਦੇ ਸਰੀਰ ਵਿਚ) ਜਦ ਤਕ ਸੁਆਸ ਹਨ, ਤਦ ਤਕ (ਇਹ ਜੀਵ ਦੇ) ਨਾਲ ਰਹਿੰਦੀ ਹੈ।ਨਹੀਂ ਤਾਂ (ਪ੍ਰਾਣ ਨਿਕਲਦਿਆਂ) ਛੇਤੀ ਹੀ ਨੰਗੇ ਪੈਰੀਂ ਉਠ ਕੇ ਚਲੀ ਜਾਂਦੀ ਹੈ (ਸਾਥ ਛਡ ਜਾਂਦੀ ਹੈ)।੩।ਮਾਇਆ ਨੇ ਤਿੰਨਾਂ ਲੋਕਾਂ ਦੇ ਜੀਵਾਂ ਨੂੰ ਅਪਣੇ ਵਸ ਵਿਚ ਕਰ ਲਿਆ ਹੈ।ਅਠਾਰਾਂ ਪੁਰਾਣ ਪੜ੍ਹਨ ਵਾਲੇ ਪੰਡਤਾਂ ਨੂੰ ਅਤੇ ਤੀਰਥਾਂ ਉਤੇ ਰਹਿਣ ਵਾਲਿਆਂ ਨੂੰ (ਮਾਇਆ ਨੇ ਅਪਣਾ) ਪ੍ਰੇਮੀ ਬਣਾਇਆ ਹੋਇਆ ਹੈ; ਅਠਾਰਾਂ ਪੁਰਾਣ ਤੇ (ਸਾਰੇ) ਤੀਰਥ ਵੀ (ਇਸ ਨੂੰ) ਪਿਆਰ ਕਰਦੇ ਹਨ (ਸ਼ਬਦਾਰਥ)। ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ (ਵੱਡੇ ਦੇਵਤੇ ਵੀ ਇਸ ਨੇ) ਬਿੰਨ੍ਹੇ ਹੋਏ ਹਨ {ਸਰਪਨੀ ਤੇ ਊਪਰਿ ਨਹੀ ਬਲੀਆ।ਜਿਨਿ ਬ੍ਰਹਮਾ ਬਿਸਨੁ ਮਹਾ ਦੇਉ ਛਲੀਆ ੪੮੦}।ਧਰਤੀ ਦੇ ਵੱਡੇ ਮਾਲਕ ਰਾਜੇ ਵੀ (ਇਸ ਮਾਇਆ ਨੇ) ਨਾਸ਼ ਕਰ ਦਿਤੇ ਹਨ।੪।ਮਾਇਆ ਦੇ ਉਰਲੇ ਤੇ ਪਰਲੇ ਕੰਢੇ ਦਾ ਪਤਾ ਨਹੀਂ ਲਗਦਾ (ਬਹੁਤ ਵੱਡੇ ਪਸਾਰੇ ਵਾਲੀ ਹੈ।ਇਹ) ਪੰਜ ਗਿਆਨ ਇੰਦ੍ਰੀਆਂ ਅਤੇ ਮਨ ਨਾਲ ਮਿਲੀ ਹੋਈ ਹੈ।(ਹੁਣ ਜਦ) ਇਨ੍ਹਾਂ ਪੰਜ ਗਿਆਨ ਇਦ੍ਰੀਆਂ ਦੇ ਭਾਂਡੇ ਫੁੱਟ ਗਏ ਹਨ (ਪੋਲ ਖੁਲ੍ਹ ਗਿਆ ਹੈ ਭਾਵ ਅਸਲੀਅਤ ਦਾ ਪਤਾ ਲਗ ਗਿਆ ਹੈ) ਕਬੀਰ ਜੀ ਆਖਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ (ਮਾਇਆ ਤੋਂ) ਛੁਟ ਗਏ ਹਾਂ।੫।੫।੮।

ਵਾ ਕੈ ਅੰਤਰਿ = ਉਸ ਗ੍ਰਿਹਸਤੀ ਦੇ ਅੰਦਰ (ਰਾਹੀਆਂ ਦੀ ਸੇਵਾ ਕੀਤੇ ਬਿਨਾ; ਮਾਇਆ ਨਾ ਹੋਣ ਕਰਕੇ) ਖੁਸ਼ੀ ਨਹੀਂ ਹੁੰਦੀ।

ਪਦਾਰਥ = ਗ੍ਰਿਹਿ–ਘਰ ਵਿਚ।ਸੋਭਾ–ਮਾਇਆ।ਜਾ ਕੈ–ਜਿਸ ਦੇ।ਰੇ–ਹੇ ਭਾਈ!।ਆਵਤ–ਆਉਂਦੇ ਹਨ।ਪਹੀਆ–ਅਭਿਆਗਤ

;ਰਾਹੀ।ਖੁਧੇ ਜਾਹਿ-ਭੁੱਖੇ ਜਾਂਦੇ ਹਨ।ਵਾ ਕੈ-ਉਨ੍ਹਾਂ (ਰਾਹੀਆਂ) ਦੇ।ਅੰਤਰਿ-ਅੰਦਰ।ਸੰਤੋਖੁ-ਸਬਰ; ਰੱਜ।ਸੋਹਾਗਨਿ-ਮਾਇਆ। ਦੋਖੁ-ਦੋਸ਼; ਪਾਪ; ਬਦਅਸੀਸ।੧।ਧਨੁ-ਧੰਨਤਾ ਯੋਗ।ਮਹਾ ਪਵੀਤ-ਬਹੁਤ ਪਵਿਤ੍ਰ।ਤਪੇ-ਤਪ ਕਰਨ ਵਾਲੇ ਮਨੁੱਖ।ਤਪੀਸਰ-ਵੱਡੇ ਤਪੀਏ।ਚੀਤ-ਚਿੱਤ; ਮਨ।੧।ਰਹਾਉ।ਕਿਰਪਨ ਕੀ-ਕੰਜੂਸ ਮਨੁੱਖ ਦੀ।ਪੂਤੀ-ਪੁਤ੍ਰੀ।ਤਜਿ-ਛਡ ਕੇ।ਜਗਤ ਸਿਉ-ਜਗਤ ਦੇ ਲੋਕਾਂ ਨਾਲ।ਸੂਤੀ-ਸੁੱਤੀ (ਰਚੀ ਮਿਚੀ ਜਾਂ ਪਿਆਰ ਕਰਦੀ) ਹੈ।ਕੈ-ਦੇ।ਠਾਢੀ-ਖੜੀ ਹੋਈ।ਦਰਬਾਰਿ-ਦਰ ਉਤੇ; ਦਰਬਾਰ ਵਿਚ।ਮੋਕਉ-ਮੈਨੂੰ।ਨਿਸਤਾਰਿ-ਤਾਰ ਲੈ।੨।ਸੋਹਾਗਨਿ-ਮਾਇਆ।ਅਤਿ-ਬਹੁਤ।ਪਗ-ਪੈਰਾਂ ਵਿਚ।ਨੇਵਰ ਛਨਕ ਛਨਹਰੀ-ਝਾਂਜਰਾਂ ਦੀ ਛਣਕਾਰ (ਛਣ ਛਣ ਕਰਦੀਆਂ ਹਨ)।ਜਉ ਲਗੁ-ਜਦ ਤਕ।ਤਉ ਲਗੁ-ਤਦ ਤਕ।ਸੰਗੇ-ਨਾਲ (ਅੰਗ ਸੰਗ)।ਨਾਹਿ ਤ-ਨਹੀਂ ਤਾਂ।ਬੇਗਿ-ਛੇਤੀ ਹੀ।ਉਠਿ ਨੰਗੇ-ਨੰਗੇ ਪੈਰੀਂ ਉਠ ਕੇ।੩।ਭਵਨ ਤ੍ਰੈ-ਤਿੰਨੇ ਭਵਨ (ਮਾਤ ਲੋਕ, ਪਤਾਲ ਅਤੇ ਅਕਾਸ਼ ਲੋਕ ਦੇ ਜੀਵ)।ਲੀਆ-ਵਸ ਵਿਚ ਕਰ ਲਿਆ ਹੈ।ਦਸ ਅਠ-ਅਠਾਰਾਂ।ਰਸ ਕੀਆ-ਪ੍ਰੇਮ ਕੀਤਾ; ਮੋਹ ਲਿਆ ਹੈ।ਮਹੇਸਰ-ਸ਼ਿਵ ਜੀ।ਬੇਧੇ-ਵਿੰਨ੍ਹ ਲਿਆ ਹੈ।ਭੂਪਤਿ ਰਾਜੇ-ਧਰਤੀ ਦੇ ਮਾਲਕ ਰਾਜੇ।ਛੇਧੇ-ਨਾਸ਼ ਕਰ ਦਿਤੇ ਹਨ।੪।ਉਰਵਾਰਿ-ਉਰਲਾ ਕੰਢਾ। ਪਾਰਿ-ਪਾਰਲਾ ਕੰਢਾ।ਪਾਂਚ-ਪੰਜ ਗਿਆਨ ਇੰਦ੍ਰੇ; ਪੰਜ ਵਿਸ਼ੇ।ਨਾਰਦ-ਨਾਰਦ ਵਰਗਾ ਚੰਚਲ ਮਨ।ਬਿਧਵਾਰਿ-ਆਪਸ ਵਿਚ ਮਿਲੀ ਵਿਧ; ਮਿਲਾਪ ਵਾਲੇ।ਮਿਟਵੇ-ਮਿੱਟੀ ਦੇ ਭਾਂਡੇ।ਫੁਟੇ-ਟੁੱਟ ਗਏ।ਛੁਟੇ-ਬਚ ਗਏ ਹਾਂ।੫।੫।੮।

ਗੋਂਡ ॥ ਜੈਸੇ ਮੰਦਰ ਮਹਿ ਬਲਹਰ, ਨ ਠਾਹਰੈ ॥ ਨਾਮ ਬਿਨਾ ਕੈਸੇ ਪਾਰਿ ਉਤਰੈ ॥ ਕੁੰਭ ਬਿਨਾ ਜਲੁ ਨ ਟਿਕਾਵੈ ॥ ਸਾਧੂ ਬਿਨੁ ਐਸੇ ਅਬਗਤੁ ਜਾਵੈ ॥੧॥ ਜਾਰਉ ਤਿਸੈ, ਜੁ ਰਾਮੁ ਨ ਚੇਤੈ ॥ ਤਨ ਮਨ ਰਮਤ ਰਹੈ ਮਹਿ ਖੇਤੈ ॥੧॥ਰਹਾਉ॥ ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ ॥ ਸੂਤ ਬਿਨਾ ਕੈਸੇ ਮਣੀ ਪਰੋਈਐ ॥ ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ ॥ ਸਾਧੂ ਬਿਨੁ ਤੈਸੇ ਅਬਗਤੁ ਜਾਈਐ ॥੨॥ ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥ ਬਿੰਬ ਬਿਨਾ ਕੈਸੇ ਕਪਰੇ ਧੋਈ ॥ ਘੋਰ ਬਿਨਾ ਕੈਸੇ ਅਸਵਾਰ ॥ ਸਾਧੂ ਬਿਨੁ ਨਾਹੀ ਦਰਵਾਰ ॥੩॥ ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ ॥ ਖਸਮਿ ਦੁਹਾਗਨਿ ਤਜਿ ਅਉਹੇਰੀ ॥ ਕਹੈ ਕਬੀਰੁ ਏਕੈ ਕਰਿ ਕਰਨਾ ॥ ਗੁਰਮੁਖਿ ਹੋਇ ਬਹੁਰਿ ਨਹੀ ਮਰਨਾ ॥੪॥੬॥੯॥ (ਹੇ ਭਾਈ!) ਜਿਵੇਂ ਘਰ ਵਿਚ ਸਤੀਰ ਡਿਗ ਪਵੇ, ਤਾਂ ਬਿਨਾ ਸਤੀਰ ਦੇ (ਘਰ ਦੀ ਛੱਤ) ਠਹਿਰ ਨਹੀਂ ਸਕਦੀ।(ਇਸੇ ਤਰ੍ਹਾਂ ਹਰੀ ਦੇ) ਨਾਮ ਸਿਮਰਨ ਤੋਂ ਬਿਨਾ (ਜੀਵ ਸੰਸਾਰ ਸਮੁੰਦਰ ਤੋਂ) ਕਿਵੇਂ ਪਾਰ ਉਤਰ ਸਕਦਾ ਹੈ? ਜਿਵੇਂ ਘੜੇ ਤੋਂ ਬਿਨਾ ਪਾਣੀ ਨਹੀਂ ਟਿਕਦਾ।ਇਸੇ ਤਰ੍ਹਾਂ ਸਾਧ ਗੁਰੂ ਤੋਂ ਬਿਨਾ ਮਨੁੱਖ ਅਬਗਤ ਹੀ ਜਾਂਦਾ ਹੈ (ਉਸ ਦੀ ਮੁਕਤੀ ਨਹੀਂ ਹੁੰਦੀ)।੧।(ਹੇ ਭਾਈ! ਜੋ ਮਨੁੱਖ) ਤਨ ਕਰਕੇ ਤੇ ਮਨ ਕਰਕੇ ਸਰੀਰ ਵਿਚ ਹੀ ਰਮਿਆ (ਖਚਿੱਤ) ਰਹਿੰਦਾ ਹੈ ਅਤੇ ਜੋ ਪ੍ਰਭੂ ਨੂੰ ਯਾਦ ਨਹੀਂ ਕਰਦਾ, ਉਸ ਮਨੁੱਖ ਨੂੰ ਜਲਾ ਦਿਓ।੧।ਰਹਾਉ।ਜਿਵੇਂ ਹਲ ਵਾਹੁਣ ਵਾਲੇ ਕਿਸਾਨ ਤੋਂ ਬਿਨਾ ਜਮੀਨ ਬੀਜੀ ਨਹੀਂ ਜਾ ਸਕਦੀ।ਸੂਤ ਤੋਂ ਬਿਨਾ ਮਾਲਾ ਦੇ ਮਣਕੇ ਕਿਵੇਂ ਪਰੋਏ ਜਾ ਸਕਦੇ ਹਨ? (ਜਿਵੇਂ ਧਾਗੇ ਨੂੰ) ਮਰੋੜੀ ਦਿਤੇ ਬਿਨਾ ਕਿਵੇਂ ਗੰਢ ਚੜ੍ਹਾਈ ਜਾ ਸਕਦੀ ਹੈ? ਤਿਵੇਂ ਸਾਧ ਗੁਰੂ ਤੋਂ ਬਿਨਾ ਮਨੁੱਖ ਅਬਗਤ ਹੀ ਜਾਂਦਾ ਹੈ (ਮੁਕਤ ਨਹੀਂ ਹੁੰਦਾ)।੨।ਜਿਵੇਂ ਮਾਤਾ ਪਿਤਾ ਦੇ ਸੰਜੋਗ ਬਿਨਾ ਬੱਚਾ ਪੈਦਾ ਨਹੀਂ ਹੋ ਸਕਦਾ।(ਕੋਈ ਮਨੁੱਖ) ਪਾਣੀ ਤੋਂ ਬਿਨਾ ਕੱਪੜੇ ਕਿਵੇਂ ਧੋ ਸਕਦਾ ਹੈ? ਘੋੜੇ ਤੋਂ ਬਿਨਾ (ਕਿਸੇ ਮਨੁੱਖ ਨੂੰ) ਕਿਵੇਂ ਅਸਵਾਰ ਕਿਹਾ ਜਾ ਸਕਦਾ ਹੈ? (ਤਿਵੇਂ) ਸਾਧ ਗੁਰੂ ਤੋਂ ਬਿਨਾ ਰੱਬ ਦੇ ਦਰ ਦੀ ਪ੍ਰਾਪਤੀ ਨਹੀਂ ਹੋ ਸਕਦੀ।੩।ਜਿਵੇਂ ਬਾਜੇ ਤੋਂ ਬਿਨਾ ਨਾਚ ਦਾ ਫੇਰਾ (ਗੇੜਾ) ਨਹੀਂ ਲਿਆ ਜਾ ਸਕਦਾ (ਨਚਾਰ ਦਾ ਚਿਤ ਬਾਜੇ ਦੀਆਂ ਸੁਰਾਂ ਵਿਚ ਇਕਾਗਰ ਹੁੰਦਾ ਹੈ, ਗੁਰੂ ਉਪਦੇਸ਼ ਤੋਂ ਬਿਨਾ ਮਨੁੱਖ ਮੁਕਤ ਨਹੀਂ ਹੋ ਸਕਦਾ।ਜੋ) ਇਸਤ੍ਰੀ ਖਸਮ ਨੂੰ ਛਡ ਕੇ ਹੋਰ ਮਰਦ ਵੱਲ (ਵਿਸ਼ੇ ਭਾਵ ਨਾਲ) ਦੇਖਦੀ ਹੈ; ਖਸਮ ਨੇ (ਜਿਸ ਇਸਤ੍ਰੀ ਨੂੰ) ਛਡ ਕੇ ਬੇਇੱਜਤ ਕੀਤਾ ਹੈ, (ਉਹ) ਦੁਹਾਗਣ ਹੈ (ਖਸਮ ਦੀ ਗੱਲ ਨਾ ਮੰਨਣ ਵਾਲੀ ਸੁਹਾਗਣ ਕਿਵੇਂ ਹੋ ਸਕਦੀ ਹੈ? ਰੱਬ ਨੂੰ ਛਡ ਕੇ ਦੇਵੀ ਦੇਵਤਿਆਂ ਨੂੰ ਪੂਜਣ ਵਾਲਾ, ਕਰਮ ਕਾਂਡ ਕਰਨ ਵਾਲਾ ਮਨੁੱਖ ਗੁਰਮੁਖ ਨਹੀਂ ਹੋ ਸਕਦਾ, ਉਹ ਮਨਮੁਖ ਹੈ)।ਕਬੀਰ ਜੀ ਕਹਿੰਦੇ ਹਨ (ਕਿ ਹੇ ਭਾਈ!) ਇਕੋ ਕਰਨ ਯੋਗ ਕੰਮ ਕਰ।ਗੁਰਮੁਖ ਹੋ ਕੇ (ਨਾਮ ਜਪ, ਫਿਰ ਤੇਰਾ) ਮੁੜ ਕੇ ਜਨਮ ਮਰਨ ਨਹੀਂ ਹੋਵੇਗਾ।੪।੬।੯।

ਏਕੈ ਕਰਿ ਕਰਨਾ = ਕਬੀਰ ਜੀ ਕਹਿੰਦੇ ਹਨ ਕਿ ਜੇ ਇਕ ਪ੍ਰਭੂ ਕ੍ਰਿਪਾ ਦ੍ਰਿਸਟੀ ਕਰ ਦੇਵੇ, (ਤਾਂ ਮਨੁੱਖ) ਗੁਰਮੁਖ ਹੋ ਜਾਂਦਾ ਹੈ, (ਫਿਰ ਉਸ ਦਾ ਜੰਮਣਾ) ਮਰਨਾ ਨਹੀਂ ਹੁੰਦਾ।(ਟਕਸਾਲ; ਫ.ਸ.; ਸੰ.ਸ.)।

ਪਦਾਰਥ = ਮੰਦਰ ਮਹਿ-ਘਰ ਵਿਚ।ਬਲਹਰ-ਸਤੀਰ।ਨ ਠਾਹਰੈ-ਠਹਿਰ ਨਹੀਂ ਸਕਦਾ।ਪਾਰਿ ਉਤਰੈ-ਪਾਰ ਉਤਰ ਸਕਦਾ ਹੈ। ਕੁੰਭ-ਘੜਾ।ਨ ਟਿਕਾਵੈ-ਨਹੀਂ ਟਿਕਦਾ।ਅਬਗਤੁ-ਦੁਰਗਤੀ (ਬਿਨਾ ਮੁਕਤੀ ਦੇ)।੧।ਜਾਰਉ-ਜਲਾ ਦਿਓ।ਤਿਸੈ-ਉਸ ਨੂੰ।ਰਾਮ

-ਸਰਬ ਵਿਆਪਕ ਪ੍ਰਮਾਤਮਾ।ਤਨ ਮਨ-ਤਨੋਂ ਮਨੋਂ।ਰਮਤ ਰਹੈ-ਮਾਣਦਾ ਰਹਿੰਦਾ ਹੈ; ਲੀਨ ਰਹਿੰਦਾ ਹੈ।ਖੇਤੈ-ਸਰੀਰ ਵਿਚ।੧।ਰਹਾਉ।ਹਲਹਰ-ਹਲ ਵਾਹੁਣ ਵਾਲਾ ਕਿਸਾਨ; ਹਲ ਹਰ-ਹਲ੍ ਤੇ ਪਾਣੀ (ਸੰ.ਸ.; ਫ.ਸ.; ਗੁ.ਗ੍ਰੰ.ਕੋਸ਼)।ਜਿਮੀ-ਜਮੀਨ।ਬੋਈਐ-ਬੀਜੀ ਜਾ ਸਕਦੀ।ਸੂਤ-ਧਾਗਾ।ਮਣੀ-ਮਣਕੇ।ਘੁੰਡੀ-ਮਰੋੜੀ।ਗੰਠਿ-ਗੱਠ; ਗੰਢ।੨।ਬਾਲ-ਬੱਚਾ।ਬਿੰਬ-ਪਾਣੀ।ਕਪਰੇ-ਕਪੜੇ।ਘੋਰ-ਘੋੜਾ।ਦਰਵਾਰ-ਰੱਬ ਦਾ ਦਰ।੩।ਬਾਜੇ-ਬਾਜਾ (ਸਾਜ)।ਨਹੀਂ ਲੀਜੈ ਫੇਰੀ-ਨਾਚ ਦਾ ਗੇੜਾ ਨਹੀਂ ਲਿਆ ਜਾ ਸਕਦਾ।ਖਸਮਿ-ਪਤੀ ਨੇ।ਤਜਿ-ਛਡ ਕੇ।ਅਉਹੇਰੀ-ਹੋਰ ਵੱਲ ਦੇਖੀ ਹੈ; ਬੇਇੱਜਤ ਕੀਤਾ ਹੈ।ਕਰਿ ਕਰਨਾ-ਕਰਨ ਯੋਗ ਕੰਮ ਕਰ; ਕ੍ਰਿਪਾ ਕਰ ਦੇਵੇ।ਬਹਰਿ-ਮੁੜ ਕੇ।ਗੁਰਮੁਖਿ-ਗੁਰੂ ਦੀ ਸਿੱਖਿਆ ਅਨੁਸਾਰ ਚੱਲਣ ਵਾਲਾ ਮਨੁੱਖ।੪।੬।੯।

ਗੋਂਡ ॥ ਕੂਟਨੁ ਸੋਇ, ਜੁ ਮਨ ਕਉ ਕੂਟੈ ॥ ਮਨ ਕੂਟੈ, ਤਉ ਜਮ ਤੇ ਛੂਟੈ ॥ ਕੁਟਿ ਕੁਟਿ ਮਨੁ ਕਸਵਟੀ ਲਾਵੈ ॥ ਸੋ ਕੂਟਨੁ , ਮੁਕਤਿ ਬਹੁ ਪਾਵੈ ॥੧॥ ਕੂਟਨੁ ਕਿਸੈ ਕਹਹੁ ਸੰਸਾਰ ॥ ਸਗਲ ਬੋਲਨ ਕੇ ਮਾਹਿ ਬੀਚਾਰ ॥੧॥ਰਹਾਉ॥ ਨਾਚਨੁ ਸੋਇ, ਜੁ ਮਨ ਸਿਉ ਨਾਚੈ ॥ ਝੂਠਿ ਨ ਪਤੀਐ, ਪਰਚੈ ਸਾਚੈ ॥ ਇਸੁ ਮਨ ਆਗੇ ਪੂਰੈ ਤਾਲ ॥ ਇਸੁ ਨਾਚਨ ਕੇ ਮਨ ਰਖਵਾਲ ॥੨॥ (ਰਹਾਉ ਵਾਲੀ ਤੁਕ ਦਾ ਅਰਥ ਪਹਿਲਾਂ ਲੱਗੇਗਾ) ਹੇ ਸੰਸਾਰ ਦੇ ਲੋਕੋ! ਤੁਸੀਂ ਫਫੇ ਕੁੱਟਣਾ ਕਿਸ ਨੂੰ ਕਹਿੰਦੇ ਹੋ।ਸਭ ਮਨੁੱਖਾਂ ਦੇ ਬੋਲਣ ਵਿਚ (ਆਪੋ ਅਪਣੇ) ਵਿਚਾਰ ਹੁੰਦੇ ਹਨ (ਸਭ ਦੇ ਬੋਲਣ ਵਿਚ ਅਤੇ ਉਸ ਦੇ ਵਿਚਾਰ ਦੇ ਮਤਲਬ ਨੂੰ ਸਮਝਣ ਵਿਚ ਫਰਕ ਹੈ। ਬੋਲਣ ਵਾਲੇ ਦੇ ਲਫਜਾਂ ਵਿਚ ਵੱਖ ਵੱਖ ਭਾਵ ਅਰਥ ਹੁੰਦਾ ਹੈ)।੧।ਰਹਾਉ।ਫਫੇ ਕੁੱਟਣਾ ਉਹ ਹੈ, ਜੋ ਅਪਣੇ ਮਨ ਨੂੰ ਕੁੱਟਦਾ (ਬੁਰੇ ਪਾਸਿਓਂ ਰੋਕ ਰਖਦਾ) ਹੈ।ਜੋ ਮਨ ਨੂੰ ਕੁੱਟਦਾ ਹੈ, ਤਾਂ ਉਹ ਜਮ ਤੋਂ ਛੁੱਟ ਜਾਂਦਾ ਹੈ।(ਜੋ ਮਨੁੱਖ ਵਿਕਾਰਾਂ ਵਿਚ ਫਸੇ) ਮਨ ਨੂੰ ਕੁਟ ਕੁਟ ਕੇ ਭਗਤੀ ਦੀ ਕਸਵੱਟੀ ਤੇ ਲਾਉਂਦਾ (ਪਰਖਦਾ) ਹੈ।ਉਹ ਫਫੇ ਕੁੱਟਣਾ ਬਹੁਤ ਤਰ੍ਹਾਂ ਦੀ ਮੁਕਤੀ ਪਾ ਲੈਂਦਾ ਹੈ।੧। ਨੱਚਣ ਵਾਲਾ ਮਨੁੱਖ ਉਹ ਹੈ, ਜੋ ਮਨ ਨਾਲ ਨੱਚਦਾ ਹੈ।ਜੋ ਮਨੁੱਖ ਝੂਠ ਵਿਚ ਨਹੀਂ ਪਰਚਦਾ, ਸੱਚ ਨਾਲ ਪਰਚਦਾ ਹੈ।ਉਹ ਇਸ ਮਨ ਅੱਗੇ ਪ੍ਰੇਮ ਮਸਤੀ ਅੰਦਰ ਤਾਲ ਪੂਰਦਾ ਹੈ।ਇਸ ਤਰ੍ਹਾਂ ਨਚਣ ਵਾਲੇ ਦੇ ਮਨ ਦਾ ਰਖਵਾਲਾ (ਪ੍ਰਭੂ ਆਪ ਬਣਦਾ) ਹੈ।੨।

ਅੰਗ ੮੭੩ = ਬਜਾਰੀ ਸੋ, ਜੁ ਬਜਾਰਹਿ ਸੋਧੈ ॥ ਪਾਂਚ ਪਲੀਤਹ ਕਉ ਪਰਬੋਧੈ ॥ ਨਉ ਨਾਇਕ ਕੀ ਭਗਤਿ ਪਛਾਨੈ ॥ ਸੋ ਬਾਜਾਰੀ ਹਮ ਗੁਰ ਮਾਨੇ ॥੩॥ ਤਸਕਰੁ ਸੋਇ, ਜਿ ਤਾਤਿ ਨ ਕਰੈ ॥ ਇੰਦ੍ਰੀ ਕੈ ਜਤਨਿ, ਨਾਮੁ ਉਚਰੈ ॥ ਕਹੁ ਕਬੀਰ, ਹਮ ਐਸੇ ਲਖਨ ॥ ਧੰਨੁ ਗੁਰਦੇਵ, ਅਤਿ ਰੂਪ ਬਿਚਖਨ ॥੪॥੭॥੧੦॥ ਮਸਖਰਾ ਉਹ ਹੈ, ਜੋ ਸਰੀਰ ਰੂਪ ਬਜਾਰ ਨੂੰ ਸੋਧੇ (ਇੰਦ੍ਰੀਆਂ ਨੂੰ ਵਿਸ਼ਿਆਂ ਤੋ ਬਚਾਵੇ)।ਪਲੀਤ ਹੋਏ ਪੰਜ ਗਿਆਨ ਇੰਦ੍ਰਿਆਂ ਨੂੰ ਉਪਦੇਸ਼ ਦੇ ਕੇ ਸਮਝਾਵੇ।ਨੌਂ ਖੰਡਾਂ ਦੇ ਮਾਲਕ ਪ੍ਰਭੂ ਦੀ ਭਗਤੀ ਨੂੰ ਪਛਾਣੇ।ਉਸ ਮਸਖਰੇ ਨੂੰ ਅਸੀਂ ਵੱਡਾ ਪੁਰਖ ਮੰਨਦੇ ਹਾਂ।੩।ਚੋਰ ਉਹ ਮਨੁੱਖ ਹੈ, ਜਿਹੜਾ ਈਰਖਾ ਨਾ ਕਰੇ।ਇੰਦ੍ਰੀਆਂ (ਨੂੰ ਵਿਸ਼ਿਆਂ ਵੱਲੋਂ ਰੋਕਣ) ਦੇ ਜਤਨ ਨਾਲ ਪ੍ਰਭੂ ਦਾ ਨਾਮ ਸਿਮਰੇ।ਕਬੀਰ ਜੀ ਕਹਿੰਦੇ ਹਨ ਕਿ (ਜਿਸ ਦੀ ਕ੍ਰਿਪਾ ਨਾਲ) ਅਸੀਂ ਐਸੇ ਲੱਖਣਾਂ ਵਾਲੇ ਬਣੇ ਹਾਂ, (ਉਹ ਸਾਡਾ) ਗੁਰੂ ਧੰਨਤਾ ਦੇ ਯੋਗ, ਬਹੁਤ ਸੋਹਣਾ ਤੇ ਸਿਆਣਾ ਹੈ।੪।੭।੧੦।

ਪਦਾਰਥ = ਕੂਟਨੁ-ਫਫੇ ਕੁੱਟਣਾ; ਦੱਲਾ (ਵੇਸਵਾ ਨਾਲ ਮਿਲਾਉਣ ਵਾਲਾ ਦਲਾਲ); ਕੁੱਟਣ (ਮਾਰਨ) ਵਾਲਾ।ਸੋਇ-ਉਹ ਹੈ।ਜੁ-ਜੋ।ਮਨ ਕਉ-ਮਨ ਨੂੰ।ਕੂਟੈ-ਕੁੱਟਦਾ ਹੈ; ਮਾਰਦਾ ਹੈ।ਤਉ-ਤਾਂ; ਤਦ ਹੀ।ਤੇ-ਤੋਂ।ਛੂਟੈ-ਛੁਟ (ਬਚ) ਜਾਂਦਾ ਹੈ।ਕੁਟਿ ਕੁਟਿ-ਕੁਟ ਕੁਟ ਕੇ।ਕਸਵਟੀ ਲਾਵੈ-(ਸੋਨੇ ਨੂੰ ਪਰਖਣ ਵਾਲਾ ਇਕ ਖਾਸ ਕਾਲਾ ਪੱਥਰ) ਪਰਖਦਾ ਹੈ।ਸੋ-ਉਹ; ਉਸ।ਪਾਵੈ-ਪਾਉਂਦਾ ਹੈ।੧।ਕਿਸੈ-ਕਿਸ ਨੂੰ।ਸੰਸਾਰ-ਹੇ ਸੰਸਾਰ ਦੇ ਲੋਕੋ!।ਸਗਲ ਕੇ-ਸਭ ਦੇ।ਬੋਲਨ ਮਾਹਿ-ਬੋਲਣ (ਵਾਲੇ ਬਚਨਾਂ) ਵਿਚ।ਬੀਚਾਰ-ਵੱਖੋ ਵੱਖਰਾ ਭਾਵ।੧।ਰਹਾਉ।ਨਾਚਨੁ-ਨੱਚਣ ਵਾਲਾ ਮਨੁੱਖ।ਮਨ ਸਿਉ-ਮਨ ਨਾਲ।ਝੂਠਿ-ਝੂਠ ਵਿਚ।ਪਤੀਐ-ਪਰਚਦਾ ਹੈ; ਪਤੀਜਦਾ ਹੈ।ਪਰਚੈ-ਪਰਚਦਾ ਹੈ।ਸਾਚੈ-ਸੱਚ ਨਾਲ।ਪੂਰੈ ਤਾਲ-(ਨੱਚਣ ਦੇ ਨਾਲ ਪ੍ਰੇਮ ਦੀ ਮਸਤੀ ਅੰਦਰ) ਤਾਲ ਪੂਰਦਾ ਹੈ।ਰਖਵਾਲ-ਰਖਵਾਲਾ।੨।ਬਾਜਾਰੀ-ਬਜਾਰ ਵਿਚ ਫਿਰ ਕੇ ਤਮਾਸ਼ਾ ਕਰਨ ਵਾਲਾ ਮਸ਼ਖਰਾ; ਭੰਡ।ਬਜਾਰਹਿ-ਸਰੀਰ ਰੂਪ ਬਜਾਰ ਨੂੰ।ਸੋਧੈ-ਸੋਧਦਾ ਹੈ; ਪੜਤਾਲਦਾ ਹੈ।ਪਾਂਚ ਪਲੀਤਹ-ਗੰਦੇ ਹੋਏ ਪੰਜ ਗਿਆਨ ਇੰਦ੍ਰਿਆਂ ਨੂੰ; ਵਿਕਾਰਾਂ ਨੂੰ ਮਚਾਉਣ (ਭੜਕਾਉਣ) ਵਾਲੇ ਪੰਜ ਵਿਸ਼ੇ (ਸ਼ਬਦ ਸਪਰਸ ਰਸ ਰੂਪ ਗੰਧ)।ਕਉ-ਨੂੰ।ਪਰਬੋਧੈ-ਸਮਝਾਉਂਦਾ ਹੈ।ਨਉ ਨਾਇਕ ਕੀ-ਨੌਂ ਖੰਡਾਂ ਦੇ ਮਾਲਕ ਪ੍ਰਭੂ ਦੀ।ਹਮ-ਅਸੀਂ; ਮੈਂ।ਗੁਰ ਮਾਨੇ-ਵੱਡਾ ਪੁਰਖ ਮੰਨਦੇ ਹਾਂ।੩।ਤਸਕਰੁ-ਚੋਰ।ਜਿ-ਜਿਹੜਾ (ਮਨੁੱਖ)।ਤਾਤਿ-ਈਰਖਾ; ਸਾੜਾ।ਇੰਦ੍ਰੀ ਕੈ ਜਤਨਿ-ਇੰਦ੍ਰੀਆਂ ਨੂੰ ਕਾਬੂ ਕਰਨ ਦੇ ਜਤਨ ਨਾਲ।ਉਚਰੈ-ਉਚਾਰਨ ਕਰੇ।ਲਖਨ-ਲੱਛਣ (ਚਿੰਨ੍ਹ)।ਅਤਿ-ਅਤੀ (ਬਹੁਤ)।ਰੂਪ-ਸੋਹਣਾ।ਬਿਚਖਣ (ਬਿਚੱਖਣ ਪੜ੍ਹੋ)-ਸਿਆਣਾ।੫।੭।੧੦।

ਸਾਰੰਸ਼ = ਇਸ ਸ਼ਬਦ ਵਿਚ ਮਾੜੇ ਪੁਰਸ਼ਾਂ ਲਈ ਵਰਤੇ ਜਾਂਦੇ ਸ਼ਬਦਾਂ ਦੇ ਚੰਗੇ ਅਰਥ ਲੈ ਕੇ ਉਪਦੇਸ਼ ਦ੍ਰਿੜ ਕਰਾਇਆ ਹੈ।ਮਾੜੇ ਮਨੁੱਖਾਂ ਨੂੰ ਕੀ ਕਰਨਾਂ ਉਚਿਤ ਹੈ, ਕੂਟਨ, ਨਚਾਰ, ਬਜਾਰੀ ਤੇ ਤਸਕਰ ਨੂੰ ਕਬੀਰ ਜੀ ਨੇ ਅਪਣੇ ਭਾਵ ਰਾਹੀਂ ਸਮਝਾਇਆ ਹੈ।

ਗੋਂਡ ॥ ਧੰਨੁ ਗੁਪਾਲ ਧੰਨੁ ਗੁਰਦੇਵ ॥ ਧੰਨੁ ਅਨਾਦਿ, ਭੂਖੇ ਕਵਲੁ ਟਹਕੇਵ ॥ ਧਨੁ ਓਇ ਸੰਤ, ਜਿਨ ਐਸੀ ਜਾਨੀ ॥ ਤਿਨ ਕਉ ਮਿਲਿਬੋ ਸਾਰਿੰਗਪਾਨੀ ॥੧॥ ਆਦਿ ਪੁਰਖ ਤੇ ਹੋਇ ਅਨਾਦਿ ॥ ਜਪੀਐ ਨਾਮੁ ,ਅੰਨ ਕੈ ਸਾਦਿ ॥੧॥ਰਹਾਉ॥ ਜਪੀਐ ਨਾਮੁ ਜਪੀਐ ਅੰਨੁ ॥ ਅੰਭੈ ਕੈ ਸੰਗਿ ਨੀਕਾ ਵੰਨੁ ॥ ਅੰਨੈ ਬਾਹਰਿ ਜੋ ਨਰ ਹੋਵਹਿ ॥ ਤੀਨਿ ਭਵਨ ਮਹਿ, ਅਪਨੀ ਖੋਵਹਿ ॥੨॥ ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥ ਜਗ ਮਹਿ ਬਕਤੇ ਦੂਧਾਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥੩॥ ਅੰਨੈ ਬਿਨਾ ਨ ਹੋਇ ਸੁਕਾਲੁ ॥ ਤਜਿਐ ਅੰਨਿ ਨ ਮਿਲੈ ਗੁਪਾਲੁ ॥ ਕਹੁ ਕਬੀਰ ਹਮ ਐਸੇ ਜਾਨਿਆ ॥ ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥੪॥੮॥੧੧॥ (ਹੇ ਭਾਈ!) ਧਰਤੀ ਦੀ ਪਾਲਣਾ ਕਰਨ ਵਾਲਾ ਪ੍ਰਭੂ ਧੰਨ ਹੈ ਅਤੇ ਗੁਰਦੇਵ ਵੀ ਧੰਨ ਹੈ (ਜੋ ਪਾਲਣਾ ਕਰਨ ਵਾਲੇ ਪ੍ਰਭੂ ਦਾ ਗਿਆਨ ਦੇਂਦਾ ਹੈ)।ਅੰਨ ਆਦਿ (ਖਾਣ ਪੀਣ ਦੇ ਪਦਾਰਥ) ਧੰਨ ਹਨ, (ਜਿਨ੍ਹਾਂ ਨੂੰ ਖਾ ਕੇ) ਭੁੱਖੇ ਜੀਵਾਂ ਦਾ ਹਿਰਦਾ ਖਿੜ ਜਾਂਦਾ ਹੈ (ਇਸ ਕਰਕੇ ਅੰਨ ਦਾ ਤਿਆਗ ਕਰਨਾ ਉਚਿਤ ਨਹੀਂ)।ਉਹ ਸੰਤ ਵੀ ਧੰਨ ਹਨ, ਜਿਨ੍ਹਾਂ ਨੇ ਅਜੇਹੀ (ਅੰਨ ਦੀ ਮਹੱਤਤਾ) ਜਾਣੀ ਹੈ।ਉਨ੍ਹਾਂ (ਸੰਤਾਂ ਨੂੰ) ਪ੍ਰਭੂ ਮਿਲ ਗਿਆ ਹੈ।੧।(ਹੇ ਭਾਈ!) ਆਦਿ ਪੁਰਖ ਪ੍ਰਭੂ ਤੋਂ (ਜੀਵਾਂ ਦੇ ਖਾਣ ਵਾਸਤੇ) ਅੰਨ ਆਦਿ ਪਦਾਰਥ ਪੈਦਾ ਹੁੰਦੇ ਹਨ।(ਇਸ ਲਈ) ਅੰਨ ਦੇ ਸੁਆਦ ਨਾਲ (ਸਰੀਰ ਦੀ ਚੰਗੀ ਤਰ੍ਹਾਂ ਪਾਲਣਾ ਕਰਕੇ) ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ।੧।ਰਹਾਉ।(ਹੇ ਭਾਈ! ਜਿਵੇਂ) ਪ੍ਰਭੂ ਦਾ ਨਾਮ ਜਪੀਦਾ ਹੈ, (ਤਿਵੇਂ) ਅੰਨ ਨੂੰ ਵੀ ਜਪਣਾ ਚਾਹੀਦਾ ਹੈ (ਅੰਨ ਦੀ ਸਿਫਤ ਕਰਨੀ ਚਾਹੀਦੀ ਹੈ)।ਪਾਣੀ ਦੇ ਨਾਲ ਮਿਲ ਕੇ ਅੰਨ ਦਾ ਸੋਹਣਾ ਸਵਾਦ ਬਣ ਜਾਂਦਾ ਹੈ।ਜਿਹੜਾ ਮਨੁੱਖ ਅੰਨ ਖਾਣ ਤੋਂ ਬਾਹਰ ਹੁੰਦੇ ਹਨ।(ਉਹ) ਤਿੰਨਾਂ ਭਵਨਾਂ ਵਿਚ ਅਪਣੀ ਇੱਜਤ ਗੁਆ ਲੈਂਦੇ ਹਨ (ਅੰਨ ਛਡਿਆਂ ਕੋਈ ਇੱਜਤ ਨਹੀਂ ਮਿਲਦੀ)।੨।(ਹੇ ਭਾਈ! ਜੋ ਮਨੁੱਖ) ਅੰਨ ਛਡ ਦੇਂਦੇ ਹਨ, (ਉਹ) ਪਖੰਡ ਕਰਦੇ ਹਨ।(ਉਹ ਮਨਮੁਖ ਇਸਤ੍ਰੀਆਂ ਵਾਂਗ) ਨਾ ਸੁਹਾਗਣਾਂ ਹਨ ਤੇ ਨਾ ਹੀ ਵਿਧਵਾ ਹਨ।ਜਗਤ ਵਿਚ ਜਿਹੜੇ ਮਨੁੱਖ ਕਹਿੰਦੇ ਹਨ ਕਿ ਅਸੀਂ ਦੂਧਾ ਧਾਰੀ ਹਾਂ।(ਪਰ ਉਹ) ਲੁਕ ਛਿਪ ਕੇ ਪੰਜ ਸੇਰ ਦੀ ਸਾਰੀ (ਪੂਰੀ) ਪਿੰਨੀ ਖਾ ਜਾਂਦੇ ਹਨ; ਕਸਾਰ ਦੇ ਲੱਡੂ ਵਟ ਕੇ ਖਾ ਜਾਂਦੇ ਹਨ।੩।(ਹੇ ਭਾਈ!) ਅੰਨ ਤੋਂ ਬਿਨਾ ਚੰਗਾ (ਖੁਸ਼ਹਾਲ) ਸਮਾਂ ਨਹੀਂ ਹੁੰਦਾ (ਕਾਲ ਪੈ ਜਾਂਦਾ ਹੈ)।ਅੰਨ ਦੇ ਛਡਣ ਨਾਲ ਪ੍ਰਮੇਸਰ ਨਹੀਂ ਮਿਲਦਾ।ਕਬੀਰ ਜੀ ਕਹਿੰਦੇ ਹਨ ਕਿ ਮੈਂ ਇਸ ਤਰ੍ਹਾਂ ਜਾਣਿਆ ਹੈ।ਕਿ ਅੰਨ ਆਦਿ ਪਦਾਰਥ ਧੰਨਤਾ ਦੇ ਯੋਗ ਹਨ (ਜਿਹੜਾ ਮਨੁੱਖ ਅੰਨ ਖਾ ਕੇ ਨਾਮ ਜਪਦਾ ਹੈ, ਉਸ ਉਤੇ) ਪ੍ਰਭੂ ਦਾ ਮਨ ਖੁਸ਼ ਹੋ ਜਾਂਦਾ ਹੈ।੪।੮।੧੧।

ਅੰਨੁ ਨ ਖਾਹਿ ਦੇਹੀ ਦੁਖੁ ਦੀਜੈ।ਬਿਨੁ ਗੁਰ ਗਿਆਨ ਤ੍ਰਿਪਤਿ ਨਹੀਂ ਥੀਜੈ।(੯੦੫)

ਪਦਾਰਥ = ਧੰਨ–ਸਲਾਹੁਣ ਯੋਗ।ਗੁਪਾਲ–ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਪ੍ਰਮੇਸ਼ਰ।ਗੁਰਦੇਵ–ਗੁਰੂ।ਅਨਾਦਿ–ਅਨਾਜ; ਅੰਨ ਆਦਿ ਪਦਾਰਥ।ਕਵਲ–ਹਿਰਦਾ।ਟਹਕੇਵ–ਖਿੜ ਜਾਂਦਾ ਹੈ।ਓਇ–ਉਹ।ਜਿਨ–ਜਿਨ੍ਹਾਂ ਨੇ।ਜਾਨੀ–ਜਾਣਿਆ।ਤਿਨ ਕਉ–ਉਨ੍ਹਾਂ ਨੂੰ।ਮਿਲਿਬੋ–ਮਿਲ ਗਿਆ ਹੈ।ਸਾਰਿੰਗਪਾਨੀ–ਪ੍ਰਭੂ (ਜਿਸ ਦੇ ਹੱਥ ਵਿਚ ਧਰਤੀ ਹੈ; ਸਾਰੇ ਵਿਸ਼ਵ ਦੀ ਪਾਲਣਾ ਕਰਨ ਵਾਲਾ ਹਰੀ)।੧।ਆਦਿ ਪੁਰਖ–ਪਾਰਬ੍ਰਹਮ।ਤੇ–ਤੋਂ।ਅੰਨ ਕੈ ਸਾਦਿ–ਅੰਨ ਦੇ ਸੁਆਦ ਨਾਲ।੧।ਰਹਾਉ।ਅੰਭੈ ਕੈ ਸੰਗਿ–ਪਾਣੀ ਦੇ ਨਾਲ ਮਿਲ ਕੇ।ਨੀਕਾ–ਸੋਹਣਾ।ਵੰਨੁ–ਸੁਆਦ; ਰਸ।ਅੰਨੈ ਬਾਹਰਿ–ਅੰਨ ਤੋਂ ਬਿਨਾ।ਨਰ–ਮਨੁੱਖ।ਤੀਨਿ ਭਵਨ ਮਹਿ–ਤਿੰਨਾਂ ਭਵਨਾਂ (ਮਾਤ ਲੋਕ, ਪਤਾਲ ਤੇ ਅਕਾਸ਼ ਲੋਕ) ਵਿਚ।ਖੋਵਹਿ–ਗੁਆ ਲੈਂਦੇ ਹਨ।੨।ਰੰਡ–ਵਿਧਵਾ ਇਸਤ੍ਰੀ।ਜਗ ਮਹਿ–ਜਗਤ ਵਿਚ।ਬਕਤੇ–ਕਹਿੰਦੇ ਹਨ।ਦੂਧਾਧਾਰੀ–ਦੁੱਧ ਦੇ ਆਸਰੇ ਰਹਿਣ ਵਾਲੇ ਮਨੁੱਖ।ਗੁਪਤੀ–ਲੁਕ ਛਿਪ ਕੇ।ਵਟਿਕਾ–ਪਿੰਨੀ; ਮਾਂਹ ਮੂੰਗੀ ਦੀ ਬਣੀ ਹੋਈ ਪਿੰਨੀ ਜਾਂ ਰੋਟੀ।ਵਟਿ ਕਾਸਾਰੀ–ਘਿਓ ਵਿਚ ਆਟਾ ਭੁੰਨ ਕੇ ਖੰਡ ਮਿਲ ਕੇ ਬਣਾਈ ਪੰਜੀਰੀ ਦੀ ਪਿੰਨੀ ਵੱਟ ਕੇ (ਗੁ.ਗ੍ਰੰ.ਕੋਸ਼; ਫ.ਸ.; ਸੰ.ਸ. ਨੇ ਦੋਵੇਂ ਅਰਥ ਕੀਤੇ ਹਨ।ਪਰ ਪਾਠ ਸਭ ਨੇ 'ਵਟਿਕਾ ਸਾਰੀ' ਹੀ ਕੀਤਾ ਹੈ)।੩।ਸੁਕਾਲੁ–ਚੰਗਾ (ਸੁਖਦਾਈ) ਸਮਾਂ।ਤਜਿਐ–ਛਡਣ ਨਾਲ।ਠਾਕੁਰ–ਪ੍ਰਭੂ ਦਾ।ਮਨੁ ਮਾਨਿਆ–ਮਨ ਖੁਸ਼ ਹੋ ਜਾਂਦਾ ਹੈ।੪।੮।੧੧।

ਰਾਗੁ ਗੋਂਡ ਬਾਣੀ ਨਾਮ ਦੇਉ ਜੀ ਕੀ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥੧॥ ਤਉ ਨ ਪੁਜਹਿ, ਹਰਿ ਕੀਰਤਿ ਨਾਮਾ ॥ ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥੧॥ਰਹਾਉ॥ ਗਇਆ ਪਿੰਡੁ ਭਰਤਾ ॥ ਬਨਾਰਸਿ ਅਸਿ ਬਸਤਾ ॥ ਮੁਖਿ ਬੇਦ ਚਤੁਰ ਪੜਤਾ ॥੨॥ ਸਗਲ ਧਰਮ ਅਛਿਤਾ ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥

ਖਟੁ ਕਰਮ ਸਹਿਤ ਰਹਤਾ ॥੩॥ ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥ ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵ ਸਿੰਧੰ ॥੪॥੧॥ (ਹੇ ਭਾਈ! ਭਾਵੇਂ ਕੋਈ ਮਨੁੱਖ) ਅਸਮੇਧ ਜਗ ਕਰ ਲਵੇ। ਮਨੁੱਖ (ਅਪਣੇ) ਬਰਾਬਰ ਦਾ ਤੋਲ ਕੇ (ਕੋਈ ਅੰਨ ਆਦਿ ਪਦਾਰਥ) ਦਾਨ ਪਿਆ ਕਰੇ। ਪ੍ਰਾਗ ਰਾਜ ਜਾ ਕੇ (ਮਾਘ ਦੇ ਮਹੀਨੇ ਵਿਚ ਤ੍ਰਿਬੇਣੀ ਦੇ ਪ੍ਰਵਾਹ ਵਿਚ ਸ਼ਨਾਨ ਕਰ ਲਵੇ।੧। ਤਾਂ ਵੀ (ਅਜੇਹੇ ਧਾਰਮਕ ਕਰਮ) ਹਰੀ ਦੇ ਨਾਮ ਅਤੇ ਹਰੀ ਦੇ ਕੀਰਤਨ ਦੇ ਬਰਾਬਰ ਨਹੀਂ ਪੁਜ ਸਕਦੇ। (ਇਸ ਲਈ) ਹੇ ਆਲਸੀ ਮਨ! ਤੂੰ ਅਪਣੇ ਪ੍ਰਮਾਤਮਾ ਨੂੰ ਸਿਮਰ।੧। ਰਹਾਉ। (ਹੇ ਭਾਈ! ਚਾਹੇ ਕੋਈ ਮਨੁੱਖ) ਗਇਆ ਦੇ ਤੀਰਥ ਤੇ ਜਾ ਕੇ (ਅਪਣੇ ਪਿਤਰਾਂ ਨਮਿਤ) ਪਿੰਡ ਭਰਾਉਂਦਾ ਹੋਵੇ। (ਚਾਹੇ) ਬਨਾਰਸ ਕਾਂਸ਼ੀ ਵਿਚ ਅਸੀ ਨਦੀ ਦੇ ਕਿਨਾਰੇ ਵਸਦਾ ਹੋਵੇ। (ਚਾਹੇ) ਮੂੰਹ ਨਾਲ ਚਾਰੇ ਬੇਦ ਪੜ੍ਹਦਾ ਹੋਵੇ।੨। (ਚਾਹੇ ਕੋਈ ਮਨੁੱਖ) ਸਾਰੇ ਧਰਮ ਕਰਮ ਸਹਿਤ ਹੋਵੇ (ਧਾਰਮਕ ਕਰਮਾਂ ਵਿਚ ਪੂਰਾ ਹੋਵੇ। ਚਾਹੇ) ਗੁਰੂ ਦੇ ਗਿਆਨ ਅਨੁਸਾਰ ਇੰਦ੍ਰੀਆਂ ਨੂੰ ਵਸ ਵਿਚ ਰਖਦਾ ਹੋਵੇ। ਅਤੇ (ਬ੍ਰਹਮਣਾਂ ਦੇ ਦੱਸੇ) ਛੇ ਕਰਮਾਂ ਸਹਿਤ ਰਹਿੰਦਾ ਹੋਵੇ।੩। ਸ਼ਿਵ ਜੀ ਤੇ ਪਾਰਬਤੀ ਦੀ ਆਪਸ ਵਿਚ ਜੋ ਕਥਾ ਵਾਰਤਾ ਹੈ (ਜੋ ਰਮਾਇਣ ਵਿਚ ਹੈ, ਉਹ ਪੜ੍ਹਦਾ ਹੋਵੇ)। ਹੇ ਮਨ! ਇਹ ਸਾਰੇ ਕਰਮ (ਪ੍ਰਭੂ ਨਾਲ ਨਹੀਂ ਮਿਲਾ ਸਕਦੇ, ਤੂੰ ਇਨ੍ਹਾਂ ਸਾਧਨਾਂ ਨੂੰ) ਛਡ ਦੇਹ, ਛਡ ਦੇਹ, ਇਹ ਸਭ ਪ੍ਰਭੂ ਨਾਲੋਂ ਵਿੱਥ ਪਾਉਣ ਵਾਲੇ ਹਨ। ਗੋਬਿੰਦ ਦਾ ਨਾਮ ਬਾਰ ਬਾਰ ਸਿਮਰ। ਨਾਮਦੇਵ ਜੀ ਆਖਦੇ ਹਨ (ਕਿ ਹੇ ਭਾਈ!) ਪ੍ਰਭੂ ਦਾ ਭਜਨ ਕਰ, (ਇਸ ਨਾਲ ਤੂੰ) ਸੰਸਾਰ ਸਮੁੰਦਰ ਤੋਂ ਤਰ ਜਾਵੇਂਗਾ।੪।੧।

ਪਦਾਰਥ = ਅਸਮੇਧ ਜਗਨੇ–ਉਹ ਜਗ, ਜਿਸ ਵਿਚ ਘੋੜਾ ਮਾਰ ਕੇ ਕੁਰਬਾਨੀ ਦਿਤੀ ਜਾਵੇ, ਹਿੰਦੂ ਨਿਸਚੇ ਅਨੁਸਾਰ ਸੌ ਅਸਮੇਧ ਜੱਗ ਕਰਨ ਨਾਲ ਇੰਦ੍ਰ ਦੀ ਪਦਵੀ ਮਿਲ ਜਾਂਦੀ ਹੈ, ਇਸ ਕਰਕੇ ਪੁਰਾਣਾਂ ਵਿਚ ਪੜ੍ਹੀਦਾ ਹੈ ਕਿ ਇੰਦ੍ਰ ਇਨ੍ਹਾਂ ਜੱਗਾਂ ਵਿਚ ਬਿਘਨ ਪਾਉਂਦਾ ਸੀ, ਤਾਂ ਕਿ ਸਫਲ ਨਾ ਹੋਣ। ਤੁਲਾ ਦਾਨੇ–ਅਪਣੇ ਬਰਾਬਰ ਤੋਲ ਕੇ ਦਾਨ ਦੇਣਾ। ਪ੍ਰਾਗ–ਹਿੰਦੂਆਂ ਦਾ ਪ੍ਰਸਿੱਧ ਤੀਰਥ ਸਥਾਨ (ਜਿੱਥੇ ਗੰਗਾ, ਜਮਨਾ ਦਾ ਸੰਗਮ ਹੈ ਅਤੇ ਸੁਰੱਸਤੀ ਗੁਪਤ ਆ ਕੇ ਮਿਲਦੀ ਹੈ)।੧। ਤਉ–ਤਾਂ ਭੀ। ਨ ਪੁਜਹਿ–ਨਹੀਂ ਪੁਜ ਸਕਦੇ। ਕੀਰਤਿ–ਕੀਰਤਨ। ਨਾਮਾ–(ਹਰੀ ਦਾ) ਨਾਮ। ਰਾਮਹਿ–ਪ੍ਰਮਾਤਮਾ ਨੂੰ। ਭਜੁ–ਸਿਮਰ। ਰੇ ਮਨ ਆਲਸੀਆ–ਹੇ ਆਲਸੀ ਮਨ !।੧। ਰਹਾਉ। ਗਇਆ–ਹਿੰਦੂ ਤੀਰਥ (ਜਿੱਥੇ ਲੋਕ ਅਪਣੇ ਪਿਤਰਾਂ ਦਾ ਕਿਰਿਆ ਕਰਮ ਕਰਦੇ ਹਨ)। ਪਿੰਡੁ–ਜੌਂ ਜਾਂ ਚੌਲਾਂ ਦੇ ਆਟੇ ਦੇ ਪਿੰਨੇ, ਜੋ ਪਿਤਰਾਂ ਨਮਿਤ ਭਰੇ ਜਾਂਦੇ ਹਨ। ਭਰਤਾ–ਭਰਦਾ ਹੋਵੇ। ਅਸਿ–ਕਾਂਸੀ ਵਿਚ ਅਸੀ ਨਾਮ ਦੀ ਨਦੀ ਹੈ। ਬਸਤਾ–ਵਸਦਾ ਹੋਵੇ। ਮੁਖਿ–ਮੂੰਹ ਨਾਲ। ਚਤੁਰ ਬੇਦ–ਚਾਰ ਵੇਦ। ਪੜਤਾ–ਪੜ੍ਹਦਾ ਹੋਵੇ।੨। ਸਗਲ–ਸਾਰੇ। ਅਛਿਤਾ–ਸੰਯੁਕਤ; ਨਿਬਾਹੁੰਦਾ ਹੋਵੇ। ਦ੍ਰਿੜਤਾ–ਕਾਬੂ ਰੱਖਦਾ ਹੋਵੇ। ਖਟੁ ਕਰਮ–ਛੇ ਕਰਮ (ਜਪ, ਹੋਮ, ਸੰਧਿਆ, ਇਸ਼ਨਾਨ, ਦੇਵ ਅਰਚਾ ਤੇ ਅਤਿਥ ਪੂਜਾ)। ਸਹਿਤ ਰਹਿਤਾ–ਸਮੇਤ ਰਹਿੰਦਾ ਹੋਵੇ।੩। ਸਿਵਾ–ਸ਼ਿਵ ਜੀ। ਸਕਤਿ–ਪਾਰਬਤੀ। ਸੰਬਾਦੰ–ਆਪਸੀ ਕਥਾ ਬਾਰਤਾ। ਭੇਦੰ–ਫਰਕ; ਵਿੱਥ। ਭਜੁ–ਭਜਨ ਕਰ। ਤਰਸਿ–ਤਰ ਜਾਵੇਂਗਾ। ਭਵ ਸਿੰਧੰ–ਸੰਸਾਰ ਸਮੁੰਦਰ ਤੋਂ।੪।੧।

ਗੋਂਡ ॥ ਨਾਦ ਭ੍ਰਮੇ, ਜੈਸੇ ਮਿਰਗਾਏ ॥ ਪ੍ਰਾਨ ਤਜੇ, ਵਾ ਕੋ ਧਿਆਨੁ ਨ ਜਾਏ ॥੧॥ ਐਸੇ ਰਾਮਾ ਐਸੇ ਹੇਰਉ ॥ ਰਾਮ ਛੋਡਿ, ਚਿਤੁ ਅਨਤ ਨ ਫੇਰਉ ॥੧॥ਰਹਾਉ॥ ਜਿਉ ਮੀਨਾ ਹੇਰੈ ਪਸੂਆਰਾ ॥ ਸੋਨਾ ਗਢਤੇ ਹਿਰੈ ਸੁਨਾਰਾ ॥੨॥ ਜਿਉ ਬਿਖਈ ਹੇਰੈ ਪਰ ਨਾਰੀ ॥ ਕਉਡਾ ਡਾਰਤ ਹਿਰੈ ਜੁਆਰੀ ॥੩॥ ਜਹ ਜਹ ਦੇਖਉ ,ਤਹ ਤਹ ਰਾਮਾ ॥ ਹਰਿ ਕੇ ਚਰਨ ਨਿਤ ਧਿਆਵੈ ਨਾਮਾ ॥੪॥੨॥ ਜਿਵੇਂ ਸ਼ਿਕਾਰੀ ਦੇ ਘੰਟੇ ਦੀ ਅਵਾਜ ਸੁਣ ਕੇ ਹਿਰਨ (ਘੰਟੇ ਦੀ ਅਵਾਜ ਪਿਛੇ) ਦੌੜਦਾ ਹੈ। (ਉਹ ਸ਼ਿਕਾਰੀ ਹੱਥੋਂ ਅਪਣੇ) ਪ੍ਰਾਨ ਛਡ ਦੇਂਦਾ ਹੈ, ਪਰ ਉਸ (ਘੰਟੇ ਦੀ ਅਵਾਜ) ਦਾ ਧਿਆਨ (ਹਿਰਨ ਦੇ ਮਨ ਤੋਂ ਪਰੇ) ਨਹੀਂ ਜਾਂਦਾ (ਮਰਦਾ ਹੋਇਆ ਵੀ ਘੰਟੇ ਦੀ ਅਵਾਜ ਵਿਚ ਧਿਆਨ ਰਖਦਾ ਹੈ)।੧। ਇਸ ਤਰ੍ਹਾਂ ਮੈਂ ਐਸੇ ਪ੍ਰਮਾਤਮਾ ਨੂੰ ਦੇਖਦਾ ਹਾਂ। ਪ੍ਰਮਾਤਮਾ ਨੂੰ ਛਡ ਕੇ ਮੈਂ ਅਪਣਾ ਚਿੱਤ ਕਿਸੇ ਹੋਰ ਪਾਸੇ ਨਹੀਂ ਮੋੜਦਾ।੧। ਰਹਾਉ। ਜਿਵੇਂ ਮਾਹੀਗੀਰ (ਪਾਣੀ ਵਿਚ) ਮੱਛੀਆਂ ਵੱਲ ਤੱਕਦਾ ਹੈ। ਜਿਵੇਂ ਸੁਨਿਆਰਾ ਸੋਨਾ ਘੜਦਿਆਂ (ਧਿਆਨ ਨਾਲ ਸੋਨੇ ਨੂੰ) ਦੇਖਦਾ ਹੈ।੨। ਜਿਵੇਂ ਵਿਸ਼ਈ ਮਨੁੱਖ ਪਰਾਈ ਇਸਤ੍ਰੀ ਵੱਲ (ਬੁਰੀ ਨਜਰ ਨਾਲ) ਦੇਖਦਾ ਹੈ। ਜੁਆਰੀ ਕੌਡੀਆਂ ਸੁੱਟਦਾ ਹੋਇਆ (ਨੀਝ ਲਾ ਕੇ ਅਪਣਾ ਦਾਉ) ਦੇਖਦਾ ਹੈ।੩। (ਇਸੇ ਤਰ੍ਹਾਂ) ਨਾਮ ਦੇਵ ਹਰ ਰੋਜ ਹਰੀ ਦੇ ਚਰਨਾਂ ਦਾ ਧਿਆਨ ਕਰਦਾ ਹੈ। ਮੈਂ ਜਿੱਥੇ ਜਿੱਥੇ ਦੇਖਦਾ ਹਾਂ, ਉਥੇ ਉਥੇ ਪੂਰਨ ਰਾਮ ਹੈ।੪।੨।

ਪਦਾਰਥ = ਨਾਦ–(ਸ਼ਿਕਾਰੀ ਦੇ ਘੰਟੇ ਦੀ) ਅਵਾਜ। ਭਰਮੇ–ਭਟਕਦਾ (ਦੌੜਦਾ) ਹੈ। ਮਿਰਗਾਏ–ਮਿਰਗ (ਹਿਰਨ)। ਤਜੇ–ਛਡ ਦੇਂਦਾ ਹੈ। ਵਾ ਕੋ–ਉਸ (ਨਾਦ) ਦਾ। ਨ ਜਾਏ–(ਪਰੇ) ਨਹੀਂ ਜਾਂਦਾ।੧। ਰਾਮਾ–ਪ੍ਰਮਾਤਮਾ। ਹੇਰਉ–ਮੈਂ ਦੇਖਦਾ ਹਾਂ। ਅਨਤ–ਹੋਰ

ਪਾਸੇ। ਨ ਫੇਰਉ–ਮੈਂ ਨਹੀਂ ਫੇਰਦਾ (ਮੋੜਦਾ)।੧। ਰਹਾਉ। ਮੀਨਾ–ਮੱਛੀਆਂ। ਹੇਰੈ–ਦੇਖਦਾ ਹੈ। ਪਸੂਆਰਾ–ਮਾਹੀਗੀਰ (ਮੱਛੀਆਂ ਫੜਨ ਵਾਲਾ); ਬਗਲਾ। ਗਢਤੇ–ਘੜਦਿਆਂ। ਹਿਰੈ–ਦੇਖਦਾ ਹੈ। ਸੁਨਾਰਾ–ਸੁਨਿਆਰਾ।੨। ਬਿਖਈ–ਵਿਸ਼ਈ ਮਨੁੱਖ। ਪਰ ਨਾਰੀ–ਪਰਾਈ ਇਸਤ੍ਰੀ। ਕਉਡਾ–ਕੌਡੀਆਂ। ਡਾਰਤ–ਸੁੱਟਦਿਆਂ। ਹਿਰੈ–ਦੇਖਦਾ ਹੈ।੩। ਜਹ ਜਹ–ਜਿੱਥੇ ਜਿੱਥੇ। ਦੇਖਉ–ਮੈਂ ਦੇਖਦਾ ਹਾਂ। ਤਹ ਤਹ–ਉਥੇ ਉਥੇ। ਨਿਤ–ਹਰ ਰੋਜ। ਧਿਆਵੈ–ਧਿਆਨ ਕਰਦਾ ਹਾਂ। ਨਾਮਾ–ਨਾਮਦੇਵ।੪।੨।

ਸਾਰੰਸ਼ = ਹਿਰਨ ਦੀ ਖਿੱਚ ਨਾਦ ਲਈ, ਮਾਹੀਗੀਰ ਦੀ ਖਿੱਚ ਮੱਛੀ ਲਈ, ਸੁਨਿਆਰੇ ਦੀ ਬਿਰਤੀ ਸੋਨਾ ਘੜਨ ਵਿਚ, ਵਿਸ਼ਈ ਦੀ ਖਿੱਚ ਇਸਤ੍ਰੀ ਭੋਗ ਲਈ ਅਤੇ ਜੁਆਰੀ ਦੀ ਖਿੱਚ ਕੌਡੀਆਂ ਲਈ ਹੈ। ਨਾਮ ਦੇਵ ਜੀ ਅਪਣੀ ਲਗਨ ਹਰੀ ਲਈ ਦਸਦੇ ਹਨ।

ਗੋਂਡ ॥ ਮੋਕਉ ਤਾਰਿ ਲੇ ਰਾਮਾ, ਤਾਰਿ ਲੇ ॥ ਮੈ ਅਜਾਨੁ ਜਨੁ ਤਰਿਬੇ ਨ ਜਾਨਉ ,ਬਾਪ ਬੀਠੁਲਾ ਬਾਹ ਦੇ ॥੧॥ਰਹਾਉ॥ (ਬੇਨਤੀ ਹੈ ਕਿ) ਹੇ ਰਾਮ! ਮੈਨੂੰ (ਸੰਸਾਰ ਸਮੁੰਦਰ ਤੋਂ) ਤਾਰ ਲੈ, (ਕ੍ਰਿਪਾ ਕਰਕੇ ਮੈਨੂੰ) ਤਾਰ ਲੈ। ਮੈਂ (ਤੇਰਾ) ਅਨਜਾਣ ਸੇਵਕ ਤਰਨਾ ਨਹੀਂ ਜਾਣਦਾ, (ਇਸ ਲਈ) ਹੇ ਪਿਤਾ ਪ੍ਰਭੂ! ਮੈਨੂੰ ਅਪਣੀ ਬਾਂਹ ਫੜਾ ਦੇਹ (ਭਵਜਲ ਵਿਚੋਂ ਬਾਹਰ ਕੱਢ ਲੈ)।੧। ਰਹਾਉ।

ਅੰਗ ੮੭੪ = ਨਰ ਤੇ ਸੁਰ ਹੋਇ ਜਾਤ ਨਿਮਖ ਮੈ, ਸਤਿਗੁਰ ਬੁਧਿ ਸਿਖਲਾਈ ॥ ਨਰ ਤੇ ਉਪਜਿ ਸੁਰਗ ਕਉ ਜੀਤਿਓ, ਸੋ ਅਵਖਧ ਮੈ ਪਾਈ ॥੧॥ ਜਹਾ ਜਹਾ ਧੂਅ ਨਾਰਦ ਟੇਕੇ, ਨੈਕੁ ਟਿਕਾਵਹੁ ਮੋਹਿ ॥ ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ, ਨਾਮੇ ਕੀ ਨਿਜ ਮਤਿ ਏਹ ॥੨॥੩॥ ਸਤਿਗੁਰੂ ਦੀ ਸਿਖਾਈ ਬੁੱਧੀ ਨਾਲ (ਗੁਰਮੁਖ) ਇਕ ਪਲ ਵਿਚ ਮਨੁੱਖ ਤੋਂ ਦੇਵਤਾ ਹੋ ਜਾਂਦਾ ਹੈ। ਸਤਿਗੁਰੂ ਤੋਂ ਮੈਂ ਉਹ (ਨਾਮ ਰੂਪ) ਦਵਾਈ ਪ੍ਰਾਪਤ ਕੀਤੀ ਹੈ, (ਜਿਸ ਦੇ ਆਸਰੇ ਨਾਲ ਗੁਰਮੁਖਾਂ ਨੇ) ਮਨੁੱਖਾਂ ਦੇ ਜਨਮ ਤੋਂ ਪੈਦਾ ਹੋ ਕੇ ਸੁਰਗ ਨੂੰ ਜਿੱਤਿਆ ਹੈ (ਇੱਛਾ ਰਹਿਤ ਹੋਣਾ ਸੁਰਗ ਨੂੰ ਜਿੱਤਣਾ ਹੈ)।੧।(ਹੇ ਪ੍ਰਭੂ!) ਤੈਂ ਜਿਥੇ ਜਿਥੇ (ਜਿਸ ਜਿਸ ਪਦਵੀ ਤੇ) ਧਰੂ ਤੇ ਨਾਰਦ ਆਦਿ ਭਗਤਾਂ ਨੂੰ ਟਿਕਾਇਆ ਹੈ, (ਕ੍ਰਿਪਾ ਕਰਕੇ) ਮੈਨੂੰ ਵੀ ਥੋੜਾ ਜਿਹਾ (ਉਸ ਪਦਵੀ ਤੇ) ਟਿਕਾ ਦੇਹ। ਨਾਮ ਦੇਵ ਦੀ ਅਪਣੀ ਰਾਇ ਇਹ ਹੈ ਕਿ ਤੇਰੇ ਨਾਮ ਦੇ ਆਸਰੇ ਨਾਲ ਬਹੁਤ ਮਨੁੱਖ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ।੨।੩।

ਪਦਾਰਥ = ਮੋਕਉ–ਮੈਨੂੰ। ਰਾਮਾ–ਹੇ ਰਾਮ!। ਅਜਾਨੁ–ਅਨਜਾਣ; ਬੇਸਮਝ। ਜਨੁ–ਸੇਵਕ। ਤਰਿਬੇ ਨ ਜਾਨਉ–ਤਰਨਾ ਨਹੀਂ ਜਾਣਦਾ। ਬਾਪ ਬੀਠੁਲਾ–ਹੇ (ਸਰਬ ਵਿਆਪਕ) ਪਿਤਾ ਪ੍ਰਭੂ!। ਬਾਹ ਦੇ–ਬਾਂਹ (ਫੜਾ) ਦੇਹ।੧। ਰਹਾਉ। ਨਰ ਤੇ–ਮਨੁੱਖ ਤੋਂ। ਸੁਰ–ਦੇਵਤਾ। ਹੋਇ ਜਾਤ–ਹੋ (ਬਣ) ਜਾਂਦੇ ਹਨ। ਨਿਮਖ ਮੈ–ਅੱਖ ਝਮਕਣ ਜਿੰਨੇ ਸਮੇਂ ਵਿਚ। ਬੁਧਿ ਸਿਖਲਾਈ–ਸਿਖਾਈ ਹੋਈ ਬੁੱਧੀ ਨਾਲ। ਉਪਜਿ–ਪੈਦਾ ਹੋ ਕੇ। ਕਉ–ਨੂੰ। ਸੋ ਅਵਖਧ–ਉਹ ਦਵਾਈ; ਸਾਧਨ। ਮੈ ਪਾਈ–ਮੈਂ ਪ੍ਰਾਪਤ ਕੀਤੀ ਹੈ।੧। ਜਹਾ–ਜਿੱਥੇ (ਜਿਸ ਪਦਵੀ ਤੇ)। ਟੇਕੇ–ਟਿਕਾਇਆ ਹੈ। ਨੈਕੁ–ਥੋੜਾ ਜਿਹਾ। ਟਿਕਾਵਹੁ–ਟਿਕਾ (ਠਹਿਰਾ) ਦਿਓ। ਮੋਹਿ–ਮੈਨੂੰ। ਅਵਿਲੰਬਿ–ਆਸਰੇ ਨਾਲ। ਜਨ ਉਧਰੇ–ਮਨੁੱਖ (ਭਵਜਲ ਤੋਂ) ਤਰ ਗਏ ਹਨ। ਨਾਮੇ ਕੀ–ਨਾਮ ਦੇਵ ਦੀ। ਨਿਜ ਮਤਿ–ਅਪਣੀ ਮੱਤ (ਰਾਇ)।੨।੩।

ਗੋਂਡ ॥ ਮੋਹਿ ਲਾਗਤੀ ਤਾਲਾਬੇਲੀ ॥ ਬਛਰੇ ਬਿਨੁ ਗਾਇ ਅਕੇਲੀ ॥੧॥ ਪਾਨੀਆ ਬਿਨੁ ਮੀਨੁ ਤਲਫੈ ॥ ਐਸੇ ਰਾਮ ਨਾਮਾ ਬਿਨੁ ,ਬਾਪਰੋ ਨਾਮਾ ॥੧॥ਰਹਾਉ॥ ਜੈਸੇ ਗਾਇ ਕਾ ਬਾਛਾ ਛੂਟਲਾ ॥ ਥਨ ਚੋਖਤਾ ਮਾਖਨੁ ਘੂਟਲਾ ॥੨॥ ਨਾਮ ਦੇਉ ਨਾਰਾਇਨੁ ਪਾਇਆ ॥ ਗੁਰੁ ਭੇਟਤ ਅਲਖੁ ਲਖਾਇਆ ॥੩॥ ਜੈਸੇ ਬਿਖੈ ਹੇਤ ਪਰ ਨਾਰੀ ॥ ਐਸੇ ਨਾਮੇ ਪ੍ਰੀਤਿ ਮੁਰਾਰੀ ॥੪॥ ਜੈਸੇ ਤਾਪਤੇ ਨਿਰਮਲ ਘਾਮਾ ॥ ਤੈਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ ॥੫॥੪॥ (ਹੇ ਭਾਈ!) ਮੈਨੂੰ ਬੇਚੈਨੀ ਲੱਗੀ ਹੋਈ ਹੈ। ਜਿਵੇਂ ਵੱਛੇ ਤੋਂ ਬਿਨਾ (ਵਿਛੋੜੇ ਵਿਚ) ਇਕੱਲੀ ਗਾਂ ਤੜਫਦੀ ਹੈ।੧। ਜਿਵੇਂ ਪਾਣੀ ਤੋਂ ਬਿਨਾ ਮੱਛੀ ਤੜਫਦੀ ਹੈ। ਇਸੇ ਤਰ੍ਹਾਂ ਬਿਚਾਰਾ ਨਾਮ ਦੇਵ ਰਾਮ ਦੇ ਨਾਮ ਤੋਂ ਬਿਨਾ ਤੜਫਦਾ ਹੈ।੧। ਰਹਾਉ। ਜਿਵੇਂ ਗਾਂ ਦਾ ਵੱਛਾ (ਕਿੱਲੇ ਤੋਂ) ਖੁਲ੍ਹਿਆ ਹੋਇਆ (ਅਪਣੀ ਮਾਂ ਦੇ) ਥਣਾਂ ਨੂੰ ਚੁੰਘਦਾ ਹੈ ਅਤੇ ਦੁੱਧ ਨੂੰ ਘੁੱਟ ਭਰਦਾ ਹੈ।੨।(ਤਿਵੇਂ ਮੈਂ) ਨਾਮ ਦੇਵ ਨੇ ਪ੍ਰਭੂ ਨੂੰ ਪਾਇਆ ਹੈ।(ਜਦੋਂ ਮੈਨੂੰ) ਗੁਰੂ ਮਿਲ ਪਿਆ, (ਗੁਰੂ ਨੇ ਮੈਨੂੰ) ਅਦ੍ਰਿਸਟ ਪ੍ਰਭੂ ਦਿਖਾ ਦਿਤਾ ਹੈ।੩। ਜਿਵੇਂ ਵਿਸ਼ੇ ਵਾਸਤੇ (ਕਾਮੀ ਮਨੁੱਖ ਨੂੰ) ਪਰਾਈ ਇਸਤ੍ਰੀ ਨਾਲ ਪਿਆਰ ਹੁੰਦਾ ਹੈ। ਇਸੇ ਤਰ੍ਹਾਂ ਨਾਮ ਦੇਵ ਦੀ ਪ੍ਰਭੂ ਨਾਲ ਪ੍ਰੀਤੀ ਹੈ।੪। ਜਿਵੇਂ ਸਾਫ ਧੁੱਪ ਵਿਚ ਜੀਵ ਤਪਦੇ ਹਨ। ਤਿਵੇਂ ਬਿਚਾਰਾ ਨਾਮ ਦੇਵ ਰਾਮ ਨਾਮ ਬਿਨਾ ਤਪਦਾ (ਦੁਖੀ ਹੋ ਰਿਹਾ) ਹੈ।੫।੪। (ਭਗਤ ਜੀ ਨੇ ਪ੍ਰਭੂ ਲਈ ਅਪਣੇ ਮਨ ਦੀ ਤਾਂਘ ਦੱਸੀ ਹੈ)।

ਪਦਾਰਥ = ਮੋਹਿ–ਮੈਨੂੰ। ਤਾਲਾਬੇਲੀ–ਤਲਮਲਾਹਟ (ਤਰਲੋਮੱਛੀ; ਬੇਚੈਨੀ; ਤੜਫਨੀ)। ਗਾਇ–ਗਾਂ।੧। ਪਾਨੀਆ–ਪਾਣੀ। ਮੀਨੁ–ਮੱਛੀ। ਤਲਫੈ–ਤੜਫਦੀ ਹੈ। ਬਾਪਰੋ–ਵਿਚਾਰਾ। ਨਾਮਾ–ਨਾਮ ਦੇਵ।੧। ਰਹਾਉ। ਬਾਛਾ–ਵੱਛਾ। ਛੂਟਲਾ–ਛੁੱਟਿਆ (ਖੁਲ੍ਹਿਆ) ਹੋਇਆ। ਚੋਖਤਾ–ਚੁੰਘਦਾ ਹੈ। ਮਾਖਨੁ–ਦੁੱਧ (ਮ.ਕੋ.)। ਘੂਟਲਾ–ਘੁੱਟ ਭਰਦਾ ਹੈ।੨। ਭੇਟਤ–ਮਿਲਿਆ। ਅਲਖੁ (ਅਲੱਖ ਪੜ੍ਹੋ)–ਅਦ੍ਰਿਸਟ

ਪ੍ਰਭੂ; ਅਸ਼ੁੱਧ ਮਨ ਕਰਕੇ ਨਾ ਸਮਝਿਆ ਜਾਣ ਵਾਲਾ ਪ੍ਰਭੂ।ਲਖਾਇਆ-ਦਿਖਾ ਦਿਤਾ; ਸਮਝਾ ਦਿਤਾ।੩।ਬਿਖੈ ਹੇਤ-ਵਿਸ਼ੇ (ਕਾਮ ਵਾਸ਼ਨਾ) ਵਾਸਤੇ।ਪਰ ਨਾਰੀ-ਪਰਾਈ ਇਸਤ੍ਰੀ।ਨਾਮੇ-ਨਾਮ ਦੇਵ ਦੀ।ਮੁਰਾਰੀ-ਪ੍ਰਭੂ।੪।ਤਾਪਤੇ-ਤਪਦੇ ਹਨ।ਨਿਰਮਲ ਘਾਮਾ-ਸਾਫ (ਬੱਦਲਾਂ ਤੋਂ ਰਹਿਤ) ਧੁੱਪ ਵਿਚ; ਅੱਤ ਦੀ ਗਰਮੀ ਵਿਚ।ਤੈਸੇ-ਤਿਵੇਂ।੫।੪।

ਤਾਲਾ ਬੇਲੀ = ਤਅਲਾ (ਅ.) ਉਚਾ ਪ੍ਰਮੇਸਰ+ਬੇਲੀ-ਇੱਛਾ।ਮੇਰੇ ਹਿਰਦੇ ਵਿਚ ਉਚੇ ਪ੍ਰਭੂ ਨੂੰ ਮਿਲਣ ਦੀ ਇੱਛਾ ਲੱਗ ਰਹੀ ਹੈ (ਇਸ ਵਿਚ ਬੇਲ ਨੂੰ ਇੱਛਾ ਦਾ ਰੂਪ ਦਿਤਾ ਹੈ, ਬੇਲ ਸਦਾ ਵਧਦੀ ਹੈ ਅਤੇ ਜਿਸ ਚੀਜ ਦੇ ਸਹਾਰੇ ਹੋਵੇ, ਉਸ ਤਕ ਪਹੁੰਚਦੀ ਹੈ। ਤਿਵੇਂ ਮੇਰਾ ਪ੍ਰੇਮ ਪ੍ਰਮੇਸਰ ਦੇ ਆਸਰੇ ਹੈ, ਉਹ ਉਥੇ ਤਕ ਵਧਣ ਦੀ ਇੱਛਾ ਵਿਚ ਹੈ।ਉਹ ਇਛਾ ਐਸੀ ਹੈ, ਜਿਵੇਂ ਵੱਛੇ ਨੂੰ ਮਾਂ ਦੀ ਤਾਂਘ ਲਗਦੀ ਹੈ।ਤਾਲਾ-ਤਲਬ।ਬੇਲੀ ਮਿਤ੍ਰ (ਸੰ.ਸ.; ਫ.ਸ.)।ਇਹ ਸਾਰੇ ਅਰਥ ਗੁ.ਗ੍ਰੰ. ਕੋਸ਼ ਵਿਚੋਂ ਲਏ ਹਨ।

ਰਾਗੁ ਗੋਂਡ ਬਾਣੀ ਨਾਮ ਦੇਉ ਜੀਉ ਕੀ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਹਰਿ ਹਰਿ ਕਰਤ, ਮਿਟੇ ਸਭਿ ਭਰਮਾ ॥ ਹਰਿ ਕੋ ਨਾਮੁ ਲੈ, ਊਤਮ ਧਰਮਾ ॥ ਹਰਿ ਹਰਿ ਕਰਤ, ਜਾਤਿ ਕੁਲ ਹਰੀ ॥ ਸੋ ਹਰਿ, ਅੰਧੁਲੇ ਕੀ ਲਾਕਰੀ ॥੧॥ ਹਰਏ ਨਮਸਤੇ, ਹਰਏ ਨਮਹ ॥ ਹਰਿ ਹਰਿ ਕਰਤ, ਨਹੀ ਦੁਖੁ ਜਮਹ ॥੧॥ਰਹਾਉ॥ ਹਰਿ ਹਰਨਾਖਸ ਹਰੇ ਪਰਾਨ ॥ ਅਜੈਮਲ ਕੀਓ ਬੈਕੁੰਠਹਿ ਥਾਨ ॥ ਸੂਆ ਪੜਾਵਤ ਗਨਿਕਾ ਤਰੀ ॥ ਸੋ ਹਰਿ ਨੈਨਹੁ ਕੀ ਪੂਤਰੀ ॥੨॥ ਹਰਿ ਹਰਿ ਕਰਤ, ਪੂਤਨਾ ਤਰੀ ॥ ਬਾਲ ਘਾਤਨੀ, ਕਪਟਹਿ ਭਰੀ ॥ ਸਿਮਰਨ ਦ੍ਰੋਪਦ ਸੁਤ ਉਧਰੀ ॥ ਗਊਤਮ ਸਤੀ, ਸਿਲਾ ਨਿਸਤਰੀ ॥੩॥ ਕੇਸੀ ਕੰਸ ਮਥਨੁ ਜਿਨਿ ਕੀਆ ॥ ਜੀਅ ਦਾਨੁ ਕਾਲੀ ਕਉ ਦੀਆ ॥ ਪ੍ਰਣਵੈ ਨਾਮਾ ਐਸੋ ਹਰੀ ॥ ਜਾਸੁ ਜਪਤ, ਭੈ ਅਪਦਾ ਟਰੀ ॥੪॥੧॥੫॥ (ਹੇ ਭਾਈ!) ਹਰਿ ਹਰਿ ਨਾਮ ਦਾ ਜਾਪ ਕਰਦਿਆਂ ਸਾਰੇ ਭਰਮ ਮਿਟ ਜਾਂਦੇ ਹਨ।(ਹੇ ਭਾਈ! ਤੂੰ ਵੀ) ਹਰੀ ਦਾ ਨਾਮ ਜਪ ਲੈ, (ਇਹੀ ਸਭ ਤੋਂ) ਉਤਮ ਧਰਮ ਹੈ।ਹਰਿ ਹਰਿ ਨਾਮ ਦਾ ਜਾਪ ਕਰਦਿਆਂ ਉਚੀ ਜਾਤ ਤੇ ਉਚੀ ਕੁਲ ਦਾ ਭੇਦ ਭਾਵ ਮਿਟ ਜਾਂਦਾ ਹੈ।ਉਹ ਹਰੀ ਸੋਟੀ ਵਾਂਗ ਮੈਂ ਅੰਨ੍ਹੇ (ਨਾਮ ਦੇਵ) ਦੀ ਟੇਕ ਹੈ।੧।(ਹੇ ਭਾਈ! ਮੇਰੀ ਤਨ ਕਰਕੇ) ਹਰੀ ਨੂੰ ਨਮਸ਼ਕਾਰ ਹੈ, ਹਰੀ ਨੂੰ (ਮਨ ਕਰਕੇ ਵੀ) ਨਮਸ਼ਕਾਰ ਹੈ।ਹਰਿ ਹਰਿ ਨਾਮ ਦਾ ਜਾਪ ਕਰਦਿਆਂ ਜਮਾਂ ਦਾ ਦੁਖ ਨਹੀਂ ਹੁੰਦਾ।੧।ਰਹਾਉ।ਹਰੀ ਨੇ (ਪ੍ਰਹਲਾਦ ਦੀ ਰੱਖਿਆ ਕਰਦਿਆਂ) ਹਰਨਾਖਸ਼ ਦੇ ਪ੍ਰਾਣ ਨਾਸ਼ ਕਰ ਦਿਤੇ।ਅਜਾਮਲ (ਪਾਪੀ ਨੇ ਨਾਮ ਜਪ ਕੇ) ਬੈਕੁੰਠ ਵਿਚ ਥਾਂ ਪ੍ਰਾਪਤ ਕਰ ਲਿਆ ਸੀ। ਤੋਤੇ ਨੂੰ (ਰਾਮ ਨਾਮ) ਪੜ੍ਹਾਉਂਦਿਆਂ ਗਨਿਕਾ (ਵੇਸਵਾ ਸੰਸਾਰ ਸਮੁੰਦਰ ਤੋਂ) ਤਰ ਗਈ ਸੀ।(ਨਾਮ ਦੇਵ ਜੀ ਕਹਿੰਦੇ ਹਨ ਕਿ) ਉਹ ਹਰੀ ਮੇਰੇ ਅੱਖਾਂ ਦੀ ਪੁਤਲੀ (ਅੱਖਾਂ ਵਿਚ ਵਸਦਾ) ਹੈ।੨।ਹਰਿ ਹਰਿ ਨਾਮ ਦਾ ਜਾਪ ਕਰਦਿਆਂ ਪੂਤਨਾ ਤਰ ਗਈ ਸੀ।ਜੋ ਬੱਚਿਆਂ ਨੂੰ ਮਾਰਨ ਵਾਲੀ ਤੇ ਕਪਟ ਨਾਲ ਭਰੀ ਹੋਈ ਸੀ।ਦ੍ਰੋਪਦ ਰਾਜੇ ਦੀ ਪੁਤ੍ਰੀ ਦ੍ਰੋਪਤੀ ਹਰੀ ਦੇ ਸਿਮਰਨ ਨਾਲ (ਦੁਰਜੋਧਨ ਦੀ ਸਭਾ ਵਿਚ ਨੰਗੀ ਹੋਣ ਤੋਂ) ਬਚ ਗਈ ਸੀ।ਗੌਤਮ ਦੀ ਇਸਤ੍ਰੀ ਅਹੱਲਿਆ (ਜੋ ਪਤੀ ਦੇ ਸਰਾਪ ਨਾਲ) ਪੱਥਰ ਹੋਈ ਪਈ ਸੀ, (ਰਾਮ ਚੰਦਰ ਜੀ ਦੇ ਚਰਨ ਛੋਂਹਦਿਆਂ) ਮੁਕਤ ਹੋ ਗਈ ਸੀ।੩।ਜਿਸ ਪ੍ਰਭੂ ਨੇ ਕੇਸੀ ਦੈਂਤ ਤੇ ਕੰਸ ਰਾਜੇ ਦਾ ਨਾਸ਼ ਕੀਤਾ।ਅਤੇ ਕਾਲੀ ਨਾਗ ਨੂੰ (ਜਮਨਾ ਨਦੀ ਵਿਚੋਂ ਭਜਾ ਕੇ) ਜੀਵਨ ਦਾਨ ਦਿਤਾ।ਨਾਮ ਦੇਵ ਜੀ ਬੇਨਤੀ ਕਰਦੇ ਹਨ ਕਿ (ਸਭ ਪਾਪੀਆਂ ਨੂੰ ਭਵਜਲ ਤੋਂ ਤਾਰਨ ਵਾਲਾ) ਹਰੀ ਐਸਾ ਬਖਸ਼ਿੰਦ ਹੈ।ਜਿਸ ਨੂੰ ਜਪਦਿਆਂ ਭੈ ਅਤੇ ਬਿਪਤਾ ਟਲ ਜਾਂਦੀਆਂ ਹਨ।੪।੧।੫।

ਪਦਾਰਥ = ਕਰਤ-ਜਾਪ ਕਰਦਿਆਂ।ਲੈ-ਜਪ ਲੈ।ਜਾਤਿ ਕੁਲ-ਜਾਤ ਤੇ ਖਾਨਦਾਨ ਦਾ।ਹਰੀ-ਮਿਟ ਜਾਂਦੇ ਹਨ।ਸੋ-ਉਹ।ਲਾਕਰੀ -ਲਕੁਟੀ (ਸੋਟੀ; ਆਸਰਾ)।੧।ਹਰਏ-ਹਰੀ ਨੂੰ।ਨਮਸਤੇ-ਨਮਸ਼ਕਾਰ ਹੈ।ਨਮਹ-ਨਮਸ਼ਕਾਰ ਹੈ।ਜਮਹ-ਜਮਾਂ ਦਾ।੧।ਰਹਾਉ। ਹਰਿ-ਹਰੀ ਨੇ।ਹਰੇ ਪਰਾਨ-ਪ੍ਰਾਣ ਨਾਸ ਕਰ ਦਿਤੇ।ਕੀਓ ਬੈਕੁੰਠਹਿ ਥਾਨ-ਬੈਕੁੰਠ ਵਿਚ ਥਾਂ ਪ੍ਰਾਪਤ ਕਰ ਲਿਆ।ਸੂਆ-ਤੋਤਾ। ਪੜਾਵਤ-ਪੜ੍ਹਾਉਂਦਿਆਂ।ਤਰੀ-ਤਰ ਗਈ।ਨੈਨਹੁ ਕੀ-ਅੱਖਾਂ ਦੀ।ਪੂਤਰੀ-ਪੁਤਲੀ।੨।ਬਾਲ ਘਾਤਨੀ-ਬੱਚਿਆਂ ਨੂੰ ਮਾਰਨ ਵਾਲੀ ;ਬਾਲ ਕ੍ਰਿਸ਼ਨ ਜੀ ਨੂੰ ਮਾਰਨ ਦਾ ਇਰਾਦਾ ਰੱਖਣ ਵਾਲੀ।ਕਪਟਹਿ-ਕਪਟ (ਛਲ) ਨਾਲ।ਦ੍ਰੋਪਦ ਸੁਤ-ਦ੍ਰੋਪਦ ਰਾਜੇ ਦੀ ਪੁਤ੍ਰੀ। ਉਧਰੀ-ਬਚ ਗਈ।ਗਊਤਮ ਸਤੀ-ਰਿਸ਼ੀ ਗੌਤਮ ਦੀ ਇਸਤ੍ਰੀ।ਸਿਲਾ-ਪੱਥਰ।ਨਿਸਤਰੀ-ਮੁਕਤ ਹੋ ਗਈ।੩।ਮਥਨੁ ਕੀਆ-ਨਾਸ਼ ਕੀਤਾ।ਜਿਨਿ-ਜਿਸ ਨੇ।ਜੀਅ ਦਾਨੁ-ਜੀਵਨ ਦਾਨ।ਪ੍ਰਣਵੈ-ਬੇਨਤੀ ਕਰਦਾ ਹੈ।ਜਾਸੁ-ਜਿਸ ਨੂੰ।ਜਪਤ-ਜਪਦਿਆਂ।ਭੈ-ਡਰ ।ਅਪਦਾ-ਬਿਪਤਾ।ਟਰੀ-ਟਲ (ਦੂਰ ਹੋ) ਜਾਂਦੀ ਹੈ।੪।੧।੫।

ਹਰਨਾਖਸ = ਮੁਲਤਾਨ ਦਾ ਜਾਲਮ ਰਾਜਾ, ਪ੍ਰਹਿਲਾਦ ਦਾ ਪਿਤਾ, ਇਸ ਨੇ ਪ੍ਰਹਿਲਾਦ ਨੂੰ ਬਹੁਤ ਕਸ਼ਟ ਦਿਤੇ।ਜਿਸ ਕਰਕੇ ਭਗਵਾਨ ਨੇ ਪ੍ਰਹਲਾਦ ਦੀ ਰੱਖਿਆ ਵਾਸਤੇ ਨਰਸਿੰਘ ਰੂਪ ਧਾਰ ਕੇ ਹਰਨਾਖਸ਼ ਨੂੰ ਮਾਰਿਆ ਸੀ।

ਅਜੈਮਲ = ਕਨੌਂਜ ਵਾਸੀ ਇਕ ਵਿਦਵਾਨ ਗ੍ਰਿਹਸਤੀ ਬ੍ਰਾਹਮਣ, ਇਸ ਨੇ ਵੇਸਵਾ ਨਾਲ ਵਿਆਹ ਕੀਤਾ। ਜਿਸ ਤੋਂ ਛੇ ਪੁਤ੍ਰ ਜੰਮੇ। ਇਕ ਦਿਨ ਇਸ ਦੇ ਘਰ ਸਾਧੂ ਆਏ, ਜਿਨ੍ਹਾਂ ਦੀ ਇਸ ਨੇ ਬੜੀ ਸੇਵਾ ਕੀਤੀ। ਸਾਧੂਆਂ ਨੇ ਇਸ ਦਾ ਉਧਾਰ ਕਰਨ ਵਾਸਤੇ ਕਿਹਾ ਕਿ ਤੇਰੀ ਪਤਨੀ ਦੇ ਜੋ ਸੱਤਵਾਂ ਪੁਤ੍ਰ ਜੰਮਣ ਵਾਲਾ ਹੈ, ਉਸ ਦਾ ਨਾਮ ਨਰਾਇਣ ਰੱਖੀਂ। ਮਰਨ ਸਮੇਂ ਪਿਆਰੇ ਪੁਤ੍ਰ ਨਰਾਇਣ ਦਾ ਨਾਮ ਲੈਂਦਿਆਂ ਲੈਂਦਿਆਂ ਬਿਰਤੀ ਸੱਚੇ ਨਰਾਇਣਿ ਨਾਲ ਜੁੜ ਗਈ, ਜਿਸ ਕਰਕੇ ਇਹ ਭਵਜਲ ਤੋਂ ਤਰ ਗਿਆ।

ਅਜਾਮਲ ਕਉ ਅੰਤ ਕਾਲ ਮੈ ਨਾਰਾਇਨ ਸੁਧਿ ਆਈ। ਜਾ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ। (੯੦੨)

ਗਨਿਕਾ = ਇਕ ਸੁੰਦਰ ਵੇਸਵਾ, ਇਕ ਸਮੇਂ ਬਹੁਤ ਬਾਰਸ਼ ਤੇ ਹਨ੍ਹੇਰੀ ਆਈ, ਇਕ ਪੂਰਨ ਸਾਧੂ ਨੇ ਬਾਰਸ਼ ਤੋਂ ਬਚਣ ਲਈ ਇਸ ਦੇ ਘਰ ਥੱਲੇ ਓਟ ਲੈ ਲਈ। ਗਨਿਕਾ ਨੇ ਆਦਰ ਸਹਿਤ ਸਾਧੂ ਨੂੰ ਅੰਦਰ ਬੁਲਾ ਕੇ ਬੜੀ ਸੇਵਾ ਕੀਤੀ ਅਤੇ ਅਪਣੇ ਪਾਪਾਂ ਤੋਂ ਛੁਟਕਾਰਾ ਪਾਉਣ ਲਈ ਬੇਨਤੀ ਕੀਤੀ। ਸਾਧੂ ਨੇ ਗਨਿਕਾ ਨੂੰ ਇਕ ਤੋਤਾ ਦਿਤਾ ਅਤੇ ਕਿਹਾ ਕਿ ਤੋਤੇ ਨੂੰ ਰੋਜ ਰਾਮ ਰਾਮ ਪੜ੍ਹਾਇਆ ਕਰੇ। ਗਨਿਕਾ ਤੋਤੇ ਨੂੰ ਰਾਮ ਰਾਮ ਪੜ੍ਹਾਉਂਦੀ ਰਾਮ ਦੇ ਨਾਮ ਵਿਚ ਰੰਗੀ ਗਈ, ਇਉਂ ਉਹ ਮੁਕਤ ਹੋ ਗਈ।

ਗਨਿਕਾ ਉਧਰੀ ਹਰਿ ਕਹੈ ਤੋਤ। (੧੧੯੨)

ਪੂਤਨਾ = ਬਲ ਦੀ ਪੁਤ੍ਰੀ ਇਕ ਦਾਈ, ਜੋ ਕੰਸ ਦੀ ਭੇਜੀ ਅਪਣੇ ਥਣਾਂ ਨੂੰ ਜਹਿਰ ਲਗਾ ਕੇ ਕ੍ਰਿਸ਼ਨ ਜੀ ਮਾਰਨ ਵਾਸਤੇ ਆਈ। ਮਾਤਾ ਜਸ਼ੋਧਾਂ ਤੋਂ ਕ੍ਰਿਸ਼ਨ ਜੀ ਨੂੰ ਲੈ ਕੇ ਜਦ ਇਹ ਦੁੱਧ ਪਿਆਉਣ ਲੱਗੀ, ਤਾਂ ਕਿਸ਼੍ਨ ਜੀ ਨੇ ਜੋਰ ਨਾਲ ਇਸ ਦੇ ਥਣਾਂ ਨੂੰ ਦਬਾਇਆ, ਤਦ ਇਹ ਬੇਹੋਸ਼ ਹੋ ਕੇ ਡਿਗ ਪਈ ਅਤੇ ਮਰ ਗਈ। ਕ੍ਰਿਸ਼ਨ ਜੀ ਨੇ ਇਸ ਨੂੰ ਮੁਕਤ ਕਰ ਦਿਤਾ।

ਆਈ ਪਾਪਣਿ ਪੂਤਨਾ ਦੁਹੀ ਥਣੀ ਵਿਹੁ ਲਾਇ ਵਹੇਲੀ (ਭਾ.ਗੁ. ਵਾਰ ੧੦–੨੨)

ਦ੍ਰੋਪਦ ਸੁਤ = ਪੰਚਾਲ ਦੇਸ਼ ਦੇ ਰਾਜਾ ਦ੍ਰੋਪਦ ਦੀ ਪੁਤ੍ਰੀ ਕਿਸ਼ਨਾ, ਜੋ ਪੰਜੇ ਪਾਂਡਵਾਂ ਨੂੰ ਵਿਆਹੀ ਸੀ। ਦੁਰਜੋਧਨ ਨੇ ਯੁਧਿਸਟਰ ਨੂੰ ਜੂਆ ਖੇਡਣ ਲਈ ਵੰਗਾਰਿਆ ਅਤੇ ਛਲ ਨਾਲ ਯੁਧਿਸਟਰ ਨੂੰ ਜੂਏ ਵਿਚ ਹਰਾ ਦਿਤਾ। ਸਾਰਾ ਰਾਜ ਹਾਰਨ ਤੋਂ ਬਾਦ ਦ੍ਰੋਪਤੀ ਵੀ ਜੂਏ ਵਿਚ ਹਾਰ ਦਿਤੀ। ਦੁਰਜੋਧਨ ਨੇ ਇਸ ਨੂੰ ਭਰੀ ਸਭਾ ਵਿਚ ਨੰਗਾ ਕਰਨਾ ਚਾਹਿਆ, ਇਸ ਨੇ ਭਗਵਾਨ ਨੂੰ ਸਿਮਰਿਆ ਅਤੇ ਨੰਗੀ ਹੋਣ ਤੋਂ ਬਚ ਗਈ। ਕਪੜ ਕੋਟ ਉਸਾਰਿਓਨ ਥਕੇ ਦੂਤ ਨ ਪਾਰ ਵਸਾਂਦੀ (ਭਾ.ਗੁ. ਵਾਰ ੧੦–੮)।

ਗਉਤਮ ਸਤੀ = ਗੌਤਮ ਰਿਸ਼ੀ ਦੀ ਬਹੁਤ ਸੁੰਦਰ ਇਸਤ੍ਰੀ, ਜਿਸ ਉਤੇ ਇੰਦ੍ਰ ਮੋਹਤ ਹੋ ਗਿਆ। ਇਸ ਨੇ ਚੰਦ੍ਰਮਾ ਦੀ ਸਹਾਇਤਾ ਨਾਲ ਅਹੱਲਿਆ ਦਾ ਸਤ ਭੰਗ ਕੀਤਾ। ਅਹੱਲਿਆ ਨਾਲ ਕੁਕਰਮ ਕਰਕੇ ਇੰਦ੍ਰ ਦੇ ਬਾਹਰ ਨਿਕਲਦਿਆਂ ਗੋਤਮ ਮਿਲ ਪਿਆ। ਗੌਤਮ ਨੇ ਅਹੱਲਿਆ ਨੂੰ ਸਿਲਾ ਬਣ ਕੇ ਪਈ ਰਹਿਣ ਦਾ ਸਰਾਪ ਦਿਤਾ ਅਤੇ ਇੰਦ੍ਰ ਨੂੰ ਸਹਸ ਭਗਾਂ ਹੋਣ ਦਾ ਸਰਾਪ ਦਿਤਾ। ਜਦ ਸਿਲਾ ਬਣੀ ਅਹੱਲਿਆ ਨੂੰ ਰਾਮ ਚੰਦ੍ਰ ਜੀ ਦੇ ਚਰਨ ਛੁਹੇ, ਤਾਂ ਇਹ ਮੁਕਤ ਹੋਈ।

ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ। ੯੮੮

ਕੇਸੀ = ਕੰਸ ਦਾ ਇਕ ਜੋਧਾ ਸੀ, ਕੰਸ ਨੇ ਕ੍ਰਿਸ਼ਨ ਜੀ ਨੂੰ ਮਾਰਨ ਵਾਸਤੇ ਕੇਸੀ ਨੂੰ ਗੋਕਲ ਭੇਜਿਆ ਸੀ। ਇਸ ਨੇ ਘੋੜੇ ਦਾ ਰੂਪ ਧਾਰ ਕੇ ਕ੍ਰਿਸ਼ਨ ਜੀ ਨੂੰ ਮਾਰਨਾ ਚਾਹਿਆ। ਜਦ ਇਹ ਕ੍ਰਿਸ਼ਨ ਜੀ ਪਾਸ ਪੁੱਜਾ, ਤਾਂ ਕ੍ਰਿਸ਼ਨ ਜੀ ਨੇ ਇਸ ਦੇ ਮੂੰਹ ਵਿਚ ਹੱਥ ਪਾ ਕੇ ਇਸ ਨੂੰ ਮਾਰ ਦਿਤਾ।

ਕੰਸ = ਮਥਰਾ ਦਾ ਰਾਜਾ, ਜੋ ਕ੍ਰਿਸ਼ਨ ਜੀ ਦਾ ਮਾਮਾ ਤੇ ਵੱਡਾ ਦੁਸ਼ਮਨ ਸੀ। ਕੰਸ ਮਗਧ ਦੇ ਰਾਜਾ ਜਰਾਸੰਧ ਦਾ ਜਵਾਈ ਸੀ। ਕੰਸ ਅਪਣੇ ਸਹੁਰੇ ਜਰਾਜੰਧ ਦੀ ਮੱਦਤ ਨਾਲ ਅਪਣੇ ਪਿਤਾ ਉਗ੍ਰਸੈਣ ਨੂੰ ਗੱਦੀ ਤੋਂ ਲਾਹ ਕੇ ਆਪ ਰਾਜਾ ਬਣ ਗਿਆ। ਕੰਸ ਦੀ ਭੈਣ ਦੇਵਕੀ, ਜੋ ਵਾਸਦੇਵ ਨੂੰ ਵਿਆਹੀ ਸੀ, ਅਕਾਸ਼ ਬਾਣੀ ਹੋਈ ਕਿ ਦੇਵਕੀ ਦਾ ਅੱਠਵਾਂ ਪੁਤ੍ਰ ਕੰਸ ਨੂੰ ਮਾਰੇਗਾ। ਇਸ ਨੇ ਵਾਸਦੇਵ ਤੇ ਦੇਵਕੀ ਨੂੰ ਕੈਦ ਕਰ ਲਿਆ। ਦੇਵਕੀ ਦੇ ਉਦਰ ਤੋਂ ਪੈਦਾ ਹੋਏ ਸਾਰੇ ਬੱਚੇ ਕੰਸ ਨੇ ਮਾਰ ਦਿਤੇ। ਕ੍ਰਿਸ਼ਨ ਜੀ ਨੂੰ ਪੈਦਾ ਹੁੰਦੇ ਹੀ ਗੋਕਲ ਵਿਚ ਨੰਦ ਗੁਆਲੇ ਦੇ ਘਰ ਪਹੁੰਚਾ ਦਿਤਾ। ਅਤੇ ਨੰਦ ਦੀ ਪਤਨੀ ਨੂੰ ਪੈਦਾ ਹੋਈ ਲੜਕੀ ਨੂੰ ਕੈਦ ਵਿਚ ਵਾਸਦੇਵ ਕੋਲ ਪੁਹੰਚਾ ਦਿਤਾ, ਜਿਸ ਨੂੰ ਕੰਸ ਨੇ ਮਾਰ ਦਿਤਾ। ਕੰਸ ਨੇ ਕ੍ਰਿਸ਼ਨ ਜੀ ਨੂੰ ਮਾਰਨ ਦੇ ਬੜੇ ਜਤਨ ਕੀਤੇ, ਜੋ ਨਿਸਫਲ ਰਹੇ। ਅੰਤ ਕ੍ਰਿਸ਼ਨ ਜੀ ਨੇ ਕੰਸ ਨੂੰ ਕੇਸਾਂ ਤੋਂ ਫੜ ਕੇ ਪਟਕਾ ਮਾਰਿਆ ਅਤੇ ਰਾਜ ਉਗ੍ਰਸੈਣ ਨੂੰ ਦੇ ਦਿਤਾ।

ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ। (ਦਸਮ ਗ੍ਰੰਥ ਅੰਗ ੧੧੯)।

ਕਾਲੀ = ਜਮਨਾ ਨਦੀ ਵਿਚ ਇਕ ਭਾਰੀ ਨਾਗ, ਜਿਸ ਨਾਲ ਕ੍ਰਿਸ਼ਨ ਜੀ ਨੇ ਜੁਧ ਕੀਤਾ ਅਤੇ ਜਮਨਾ ਤੋਂ ਭਜਾ ਕੇ ਦਿਤਾ।

ਗੋਂਡ ॥ ਭੈਰਉ ਭੂਤ, ਸੀਤਲਾ ਧਾਵੈ ॥ ਖਰ ਬਾਹਨੁ ,ਉਹੁ ਛਾਰੁ ਉਡਾਵੈ ॥੧॥ ਹਉ ਤਉ ,ਏਕੁ ਰਮਈਆ ਲੈਹਉ ॥ ਆਨ ਦੇਵ, ਬਦਲਾਵਨਿ ਦੈਹਉ ॥੧॥ਰਹਾਉ॥ ਸਿਵ ਸਿਵ ਕਰਤੇ, ਜੋ ਨਰੁ ਧਿਆਵੈ ॥ ਬਰਦ ਚਢੇ, ਡਉਰੂ ਢਮਕਾਵੈ ॥੨॥ ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ, ਹੋਇ ਅਉਤਰੈ ॥੩॥ ਤੂ ਕਹੀਅਤਿ ਹੀ, ਆਦਿ ਭਵਾਨੀ ॥ ਮੁਕਤਿ ਕੀ ਬਰੀਆ, ਕਹਾ ਛਪਾਨੀ ॥੪॥ ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ, ਇਉ ਕਹੈ ਗੀਤਾ ॥੫॥੨॥੬॥ (ਹੇ ਭਾਈ! ਜਿਹੜਾ ਮਨੁੱਖ) ਭੈਰੋਂ, ਭੂਤ ਅਤੇ ਸੀਤਲਾ ਦੇਵੀ ਵੱਲ ਦੌੜਦਾ ਹੈ (ਇਨ੍ਹਾਂ ਨੂੰ ਪੂਜਦਾ ਹੈ।ਉਸ ਨੂੰ) ਖੋਤੇ ਦੀ ਸਵਾਰੀ ਕਰਨ ਦਾ ਫਲ ਮਿਲਦਾ ਹੈ ਤੇ ਉਹ (ਖੋਤੇ ਵਾਂਗ) ਮਿੱਟੀ ਉਡਾਉਂਦਾ ਫਿਰਦਾ ਹੈ {ਜੈਸਾ ਸੇਵੈ ਤੈਸੋ ਹੋਇ ੨੨੩}।੧।(ਨਾਮ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ!) ਮੈਂ ਤਾਂ ਇਕ ਪਿਆਰੇ ਰਾਮ ਦਾ ਨਾਮ ਲੈਂਦਾ ਹਾਂ (ਜਪਦਾ ਹਾਂ।ਪ੍ਰਭੂ ਦੇ ਨਾਮ ਦੇ) ਬਦਲੇ ਵਿਚ ਹੋਰ ਸਾਰੇ ਦੇਵਤੇ ਮੈਂ ਦੇ ਦੇਵਾਂਗਾ (ਮੈਂ ਪ੍ਰਭੂ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਮੰਨਦਾ)।੧।ਰਹਾਉ।ਸ਼ਿਵ ਸ਼ਿਵ ਕਰਦਾ ਹੋਇਆ ਜੋ ਮਨੁੱਖ ਸ਼ਿਵ ਜੀ ਨੂੰ ਧਿਆਉਂਦਾ ਹੈ।(ਉਹ ਸ਼ਿਵ ਦਾ ਰੂਪ ਲੈ ਕੇ ਸ਼ਿਵ ਦੀ ਸਵਾਰੀ) ਬਲਦ ਉਤੇ ਚੜ੍ਹਦਾ ਹੈ ਅਤੇ (ਸ਼ਿਵ ਵਾਂਗ) ਡਉਰੂ ਵਜਾਉਂਦਾ ਹੈ।੨।(ਜੋ ਮਨੁੱਖ) ਦੁਰਗਾ ਦੀ ਪੂਜਾ ਕਰਦਾ ਹੈ।ਉਹ ਮਨੁੱਖ ਤੋਂ ਇਸਤ੍ਰੀ ਹੋ ਕੇ ਜੰਮਦਾ ਹੈ (ਕਿਉਂਕਿ ਪੂਜਾ ਕਰਨ ਵਾਲਾ ਮਨੁੱਖ ਅਪਣੇ ਇਸ਼ਟ ਦਾ ਰੂਪ ਹੀ ਬਣਦਾ ਹੈ)।੩।(ਹੇ ਦੇਵੀ!) ਤੂੰ ਆਦਿ ਸ਼ਕਤੀ (ਦੁਰਗਾ) ਕਹੀ ਜਾਂਦੀ ਹੈਂ।(ਪਰ ਅਪਣੇ ਭਗਤਾਂ ਨੂੰ ਤੂੰ) ਮੁਕਤੀ ਦੇਣ ਦੀ ਵਾਰੀ ਕਿੱਥੇ ਛਿਪ ਜਾਂਦੀ ਹੈਂ?।੪।ਨਾਮਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਮਿਤ੍ਰ! ਗੁਰੂ ਦੀ ਸਿੱਖਿਆ ਲੈ ਕੇ ਰਾਮ ਦਾ ਨਾਮ ਗ੍ਰਹਿਣ ਕਰ ,ਭਗਵਤ ਗੀਤਾ ਵੀ ਇਸੇ ਤਰ੍ਹਾਂ ਕਹਿੰਦੀ ਹੈ (ਉਪਦੇਸ਼ ਦੇਂਦੀ ਹੈ ਕਿ ਪ੍ਰਮਾਤਮਾ ਦਾ ਨਾਮ ਜਪੋ)।੫।੨।੬।

ਪਦਾਰਥ ਭੈਰਉ–ਛੇ ਜਤੀਆਂ ਵਿਚੋਂ ਇਕ ਜਤੀ ਦਾ ਨਾਮ, ਜੋ ਡਰਾਉਣੀ ਸ਼ਕਲ ਦਾ ਹੈ, ਕਈ ਲੋਕ ਇਸ ਦੀ ਪੂਜਾ ਕਰਦੇ ਹਨ, ਇਸ ਦੀ ਸਵਾਰੀ ਕਾਲਾ ਕੁੱਤਾ ਦੱਸੀਦਾ ਹੈ।ਸੀਤਲਾ–ਚੇਚਕ ਦੀ ਦੇਵੀ, ਇਸ ਦੀ ਸਵਾਰੀ ਖੋਤਾ ਹੈ (ਚੇਚਕ ਦੇ ਰੋਗ ਤੋਂ ਬਚਣ ਲਈ ਲੋਕ ਇਸ ਦੀ ਪੂਜਾ ਕਰਦੇ ਹਨ, ਇਸ ਨੂੰ ਮਾਤਾ ਵੀ ਕਹਿੰਦੇ ਹਨ)।ਧਾਵੈ–ਦੌੜਦਾ ਹੈ; ਜਾਂਦਾ ਹੈ; ਧਿਆਉਂਦਾ ਹੈ (ਸੰ.ਸ.; ਮ.ਕੋ.)।ਖਰ–ਖੋਤਾ।ਬਾਹਨੁ–ਸਵਾਰੀ।ਛਾਰੁ–ਮਿੱਟੀ।੧।ਹਉ ਤਉ–ਮੈਂ ਤਾਂ।ਰਮਈਆ–ਪਿਆਰਾ ਰਾਮ।ਲੈਹਉ–ਲੈਦਾ ਹਾਂ।ਆਨ ਦੇਵ–ਹੋਰ ਦੇਵਤੇ।ਬਦਲਾਵਨਿ–ਵੱਟੇ (ਬਦਲੇ) ਵਿਚ।ਦੈਹਉ–ਦੇ ਦੇਵਾਂਗਾ।੧।ਰਹਾਉ।ਕਰਤੇ–ਕਰਦਾ ਹੋਇਆ।ਨਰੁ–ਮਨੁੱਖ। ਬਰਦ–ਬਲਦ (ਸ਼ਿਵ ਜੀ ਦੀ ਸਵਾਰੀ)।ਡਉਰੂ–ਢੱਢ ਦੀ ਸ਼ਕਲ ਦਾ ਵਾਜਾ, ਜੋ ਸ਼ਿਵ ਜੀ ਪਿਆਰਾ ਸਾਜ ਹੈ।ਢਮਕਾਵੈ–ਵਜਾਉਂਦਾ ਹੈ।੨।ਮਹਾ ਮਾਈ–ਦੁਰਗਾ; ਪਾਰਬਤੀ।ਨਰ ਸੈ–ਮਨੁਖ ਤੋਂ।ਨਾਰਿ–ਇਸਤ੍ਰੀ।ਅਉਤਰੈ–ਜੰਮਦਾ ਹੈ।੩।ਕਹੀਅਤ–ਕਹੀ ਜਾਂਦੀ ਹੈਂ।ਆਦਿ ਭਵਾਨੀ–ਮੂਲ ਸ਼ਕਤੀ (ਦੁਰਗਾ)।ਬਰੀਆ–ਵਾਰੀ; ਵੇਲੇ।ਕਹਾ–ਕਿੱਥੇ।ਛਪਾਨੀ–ਛੁਪ ਜਾਂਦੀ ਹੈਂ।੪।ਗੁਰਮਤਿ–ਗੁਰੂ ਦੀ ਸਿੱਖਿਆ ਲੈ ਕੇ।ਗਹੁ–ਗ੍ਰਹਿਣ ਕਰ; ਪਕੜ।ਮੀਤਾ–ਹੇ ਮਿਤ੍ਰ!।ਪ੍ਰਣਵੈ–ਬੇਨਤੀ ਕਰਦਾ ਹੈ।ਨਾਮਾ–ਨਾਮ ਦੇਵ।ਗੀਤਾ–ਕੁਰੂਛੇਤਰ ਦੇ ਜੰਗ ਵਿਚ ਉਦਾਸ ਹੋਏ ਅਰਜਨ ਨੂੰ ਕ੍ਰਿਸ਼ਨ ਜੀ ਨੇ ਜੋ ਉਪਦੇਸ਼ ਦਿਤਾ, ਉਸ ਦਾ ਨਾਮ ਗੀਤਾ ਹੈ।੨।੬।

ਵਿਆਖਿਆ = ਨਾਮ ਦੇਵ ਜੀ ਕੋਲ ਕੁਝ ਲੋਕ ਆਏ, ਉਨ੍ਹਾਂ ਵਿਚੋਂ ਕੋਈ ਮਨੁੱਖ, ਭੈਰੋਂ ਦਾ ਉਪਾਸ਼ਕ ਸੀ, ਕੋਈ ਭੂਤਾਂ ਦਾ ਅਤੇ ਕੋਈ ਸੀਤਲਾ ਦੇਵੀ ਨੂੰ ਪੂਜਣ ਵਾਲਾ ਸੀ।ਕੁਛ ਲੋਕ ਸ਼ਿਵ ਦੇ ਉਪਾਸ਼ਕ ਤੇ ਕੁਛ ਲੋਕ ਦੁਰਗਾ ਪਾਰਬਤੀ ਆਦਿ ਦੇਵੀਆਂ ਨੂੰ ਮੰਨਣ ਵਾਲੇ ਸਨ।ਉਨ੍ਹਾਂ ਸਾਰੇ ਲੋਕਾਂ ਨੇ ਅਪਣੇ ਅਪਣੇ ਇਸ਼ਟ ਦੇਵ ਦੀ ਬੜੀ ਸਿਫਤ ਕੀਤੀ ਅਤੇ ਭਗਤ ਨਾਮ ਦੇਵ ਜੀ ਨੂੰ ਪ੍ਰੇਰਿਆ ਕਿ ਤੁਸੀਂ ਸਾਡੇ ਇਸ਼ਟ ਨੂੰ ਪੂਜੋ।ਭਗਤ ਜੀ ਨੇ ਸਭ ਨੂੰ ਕਿਹਾ ਕਿ ਮੈਂ ਤਾਂ ਇਕ ਪ੍ਰਮਾਤਮਾ ਨੂੰ ਸਿਮਰਨ ਵਾਲਾ ਭਗਤ ਹਾਂ।ਮੈ ਹੋਰ ਕਿਸੇ ਦੇਵੀ ਦੇਵਤੇ ਦੀ ਪੂਜਾ ਨਹੀਂ ਕਰਦਾ।

ਭਗਤ ਪੀਪਾ ਜੀ ਦੁਰਗਾ ਦੇ ਉਪਾਸ਼ਕ ਸਨ, ਇਕ ਦਿਨ ਪੀਪਾ ਜੀ ਕੋਲ ਕੁਛ ਪੂਰਨ ਸਾਧੂ ਆਏ, ਪੀਪਾ ਜੀ ਨੇ ਸਾਧੂਆਂ ਦੀ ਬੜੀ ਸੇਵਾ ਕੀਤੀ।ਸਾਧੂਆਂ ਨੇ ਸਿਖਿਆ ਦਿਤੀ ਕਿ ਹੇ ਪੀਪਾ ਜੀ! ਤੁਸੀਂ ਭਗਵਾਨ ਦਾ ਨਾਮ ਸਿਮਰਿਆ ਕਰੋ।ਪੀਪਾ ਜੀ ਨੇ ਉਤਰ ਦਿਤਾ ਕਿ ਮੈਂ ਤਾਂ ਦੁਰਗਾ ਦੀ ਪੂਜਾ ਕਰਦਾ ਹਾਂ, ਦੁਰਗਾ ਹਰ ਰੋਜ ਮੈਨੂੰ ਦਰਸ਼ਨ ਦੇਂਦੀ ਹੈ।ਉਹ ਹੀ ਮੈਨੂੰ ਮੁਕਤੀ ਦੇਵੇਗੀ।ਸੰਤਾਂ ਨੇ ਕਿਹਾ ਜਦ ਹੁਣ ਦੁਰਗਾ ਦਰਸ਼ਨ ਦੇਵੇਗੀ, ਉਸ ਨੂੰ ਪੁਛਣਾ ਕਿ ਹੇ ਦੁਰਗਾ! ਮੈਨੂੰ ਮੁਕਤ ਕਰ ਦੇਹ।ਜਦ ਦੁਰਗਾ ਨੇ ਪੀਪਾ ਜੀ ਨੂੰ ਦੂਜੇ ਦਿਨ ਦਰਸ਼ਨ ਦਿਤੇ, ਤਾਂ ਪੀਪਾ ਜੀ ਨੇ ਦੁਰਗਾ ਤੋਂ ਮੁਕਤੀ ਦੀ ਮੰਗ ਕੀਤੀ।ਪਰ ਦੁਰਗਾ ਚੁੱਪ ਕਰ ਕੇ ਚਲੇ ਗਈ।ਇਹ ਗਲ ਪੀਪੇ ਨੇ ਸੰਤਾਂ ਨੂੰ ਦੱਸੀ, ਸੰਤਾਂ ਨੇ ਫਿਰ ਕਿਹਾ ਕਿ ਹੇ ਪੀਪਾ ਜੀ! ਦੇਵੀ ਧਨ ਪਦਾਰਥ ਤਾਂ ਦੇ ਸਕਦੀ ਹੈ, ਪਰ ਮੁਕਤੀ ਨਹੀਂ, ਮੁਕਤੀ ਤਾਂ ਭਗਵਾਨ ਦਾ ਨਾਮ ਸਿਮਰਿਆਂ ਹੀ ਮਿਲਦੀ ਹੈ।

ਬਿਲਾਵਲੁ ਗੋਂਡ ॥ ਆਜੁ ਨਾਮੇ ਬੀਠਲੁ ਦੇਖਿਆ, ਮੂਰਖ ਕਉ ਸਮਝਾਉ ਰੇ ॥ ਰਹਾਉ॥ ਪਾਂਡੇ, ਤੁਮਰੀ ਗਾਇਤ੍ਰੀ, ਲੋਧੇ ਕਾ ਖੇਤੁ ਖਾਤੀ ਥੀ ॥ ਲੈ ਕਰਿ ਠੇਗਾ ਟਗਰੀ ਤੋਰੀ, ਲਾਂਗਤ ਲਾਂਗਤ ਜਾਤੀ ਥੀ ॥੧॥ ਨਾਮ ਦੇਵ ਜੀ ਕਹਿੰਦੇ ਹਨ ਕਿ ਹੇ ਪੰਡਤ! ਅੱਜ (ਇਸ ਮਨੁੱਖਾ ਜਨਮ ਵਿਚ) ਮੈਂ ਪ੍ਰਭੂ ਨੂੰ ਦੇਖਿਆ (ਦਰਸ਼ਨ ਕੀਤਾ) ਹੈ, (ਤੈਨੂੰ) ਮੂਰਖ ਨੂੰ ਸਮਝਾਉਂਦਾ ਹਾਂ (ਕਿ ਤੈਨੂੰ ਪ੍ਰਭੂ ਦੇ ਦਰਸ਼ਨ ਕਿਉਂ ਨਹੀਂ ਹੁੰਦੇ)।ਰਹਾਉ।ਹੇ ਪੰਡਤ! (ਜਿਸ ਗਾਇਤ੍ਰੀ ਮੰਤ੍ਰ ਦਾ ਤੂੰ ਜਾਪ ਕਰਦਾ ਹੈਂ, ਉਹ) ਤੇਰੀ ਗਾਇਤ੍ਰੀ (ਜੋ ਬ੍ਰਹਮਾ ਦੇ ਸਰਾਪ ਦੇ ਕਾਰਨ, ਗਊ ਹੋ ਗਈ ਸੀ, ਉਹ ਕਿਸਾਨ) ਲੋਧੇ ਦਾ ਖੇਤ ਖਾਂਦੀ ਸੀ।(ਲੋਧੇ ਨੇ) ਸੋਟਾ ਲੈ ਕੇ (ਗਾਇਤ੍ਰੀ ਦੀ) ਟੰਗ ਤੋੜ ਦਿਤੀ, (ਜਿਸ ਕਰਕੇ ਉਹ) ਲੰਗੜੀ ਹੋਈ ਤੁਰੀ ਜਾਂਦੀ ਸੀ (ਇਸ ਕਰਕੇ ਗਾਇਤ੍ਰੀ ਦਾ ਜਾਪ ਸਫਲ ਨਹੀਂ ਹੋ ਸਕਦਾ)।੧।

ਅੰਗ ੮੭੫ = ਪਾਂਡੇ, ਤੁਮਰਾ ਮਹਾਦੇਉ ,ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥ ਮੋਦੀ ਕੇ ਘਰ ਖਾਣਾ ਪਾਕਾ, ਵਾ ਕਾ ਲੜਕਾ ਮਾਰਿਆ ਥਾ ॥੨॥ ਪਾਂਡੇ, ਤੁਮਰਾ ਰਾਮਚੰਦੁ ,ਸੋ ਭੀ ਆਵਤੁ ਦੇਖਿਆ ਥਾ ॥ ਰਾਵਨ ਸੇਤੀ ਸਰਬਰ ਹੋਈ, ਘਰ ਕੀ ਜੋਇ ਗਵਾਈ ਥੀ ॥੩॥ ਹਿੰਦੂ ਅੰਨ੍ਹਾ, ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥ ਹਿੰਦੂ ਪੂਜੈ ਦੇਹੁਰਾ, ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ, ਜਹ ਦੇਹੁਰਾ ਨ ਮਸੀਤਿ ॥੪॥੩॥੭॥ (ਜੇ ਤੂੰ ਕਹੇਂ ਕਿ ਮੈਂ ਸ਼ਿਵ ਜੀ ਦੀ ਅਰਾਧਨਾ ਕਰਦਾ ਹਾਂ, ਤਾਂ ਸੁਣ) ਹੇ ਪਾਂਡੇ! (ਜਿਨ੍ਹਾਂ ਮਨੁੱਖਾਂ ਨੇ) ਤੇਰਾ ਮਹਾਂਦੇਵ ਚਿੱਟੇ ਬਲਦ ਉਤੇ ਚੜ੍ਹਿਆ ਆਉਂਦਾ ਦੇਖਿਆ ਸੀ।(ਉਹ ਦਸਦੇ ਹਨ ਕਿ ਇਕ ਵਾਰੀ ਮਹਾਂਦੇਵ ਵਾਸਤੇ ਇਕ) ਭੰਡਾਰੀ ਦੇ ਘਰ ਖਾਣਾ ਪੱਕਿਆ, (ਜੋ ਮਹਾਂਦੇਵ ਨੂੰ ਪਸੰਦ ਨਾ ਆਇਆ, ਸਰਾਪ ਦੇ ਕੇ) ਉਸ ਦਾ ਲੜਕਾ ਮਾਰ ਦਿਤਾ ਸੀ।੨।(ਜੇ ਤੂੰ ਰਾਮ ਚੰਦਰ ਜੀ ਦਾ ਪੁਜਾਰੀ ਹੈਂ, ਤਾਂ ਵੀ ਮੈਂ ਤੈਨੂੰ ਸਮਝਾਉਂਦਾ ਹਾਂ, ਸੁਣ) ਹੇ ਪਾਂਡੇ! ਤੇਰਾ ਰਾਮ ਚੰਦਰ ਜੀ, ਉਹ ਭੀ (ਜਿਨ੍ਹਾਂ ਲੋਕਾਂ ਨੇ) ਆਉਂਦਾ ਦੇਖਿਆ ਸੀ।(ਉਹ ਦਸਦੇ ਹਨ ਕਿ ਉਸ ਦੀ) ਰਾਵਣ ਨਾਲ ਲੜਾਈ ਹੋਈ ਸੀ, (ਕਿਉਂਕਿ ਰਾਮ ਚੰਦਰ ਜੀ ਨੇ ਅਪਣੀ) ਘਰ ਦੀ ਇਸਤ੍ਰੀ ਗੁਆ ਲਈ ਸੀ।੩।ਹਿੰਦੂ (ਬਹੁਤੇ ਦੇਵੀ ਦੇਵਤਿਆਂ ਨੂੰ ਪੂਜਦਾ ਹੋਣ ਕਰਕੇ (ਗਿਆਨ ਤੇ ਸ਼ਰਧਾ ਰੂਪ ਅੱਖਾਂ ਤੋਂ ਹੀਣਾ) ਅੰਨ੍ਹਾ (ਅਗਿਆਨੀ) ਹੈ ਅਤੇ ਮੁਸਲਮਾਨ ਕਾਣਾ ਹੈ (ਮੁਸਲਮਾਨ ਇਕ ਖੁਦਾ ਨੂੰ ਮੰਨਦਾ ਹੈ, ਪਰ ਉਹ ਖੁਦਾ ਨੂੰ ਪੱਛਮ ਵਿਚ ਕਾਬੇ ਵਿਚ ਵਸਦਾ ਮੰਨਦਾ ਹੈ, ਜਿਸ ਕਰਕੇ ਉਸ ਦੀ ਇਕ ਅੱਖ ਸਾਬਤ ਹੈ ਅਤੇ ਦੂਜੀ ਅੱਖੋਂ ਉਹ ਕਾਣਾ ਹੈ, ਉਹ ਗਿਆਨ ਹੀਣ ਅਤੇ ਮੁਤੱਸਬੀ ਹੋਣ ਕਰਕੇ ਵੀ ਕਾਣਾ ਹੈ।(ਇਨ੍ਹਾਂ) ਦੋਹਾਂ ਤੋਂ ਗਿਆਨਵਾਨ ਮਨੁੱਖ ਸਿਆਣਾ ਹੈ।ਹਿੰਦੂ ,ਮੰਦਰਾਂ ਵਿਚ ਬੁੱਤਾਂ ਨੂੰ ਪੂਜਦਾ ਹੈ ਅਤੇ ਮੁਸਲਮਾਨ ਮਸੀਤ ਵਿਚ ਸਿਜਦਾ ਕਰਦਾ ਹੈ।(ਹੇ ਪਾਂਡੇ!) ਮੈਂ ਨਾਮ ਦੇਵ ਨੇ ਉਸ ਪ੍ਰਭੂ ਨੂੰ ਸੇਵਿਆ ਹੈ, ਜਿਸ ਦੀ ਨਜਰ ਵਿਚ ਦੇਹੁਰੇ ਤੇ ਮਸੀਤ ਦਾ ਕੋਈ ਭੇਦ ਨਹੀਂ ਹੈ; ਜਿਸ ਦਾ ਨਾ ਕੋਈ ਮੰਦਰ ਹੈ ਅਤੇ ਨਾ ਮਸੀਤ ਹੈ (ਉਹ ਸਾਰੇ ਬ੍ਰਹਮੰਡ ਵਿਚ ਹਰੇਕ ਜੀਵ ਦੇ ਹਿਰਦੇ ਵਿਚ ਵਸਦਾ ਹੈ)।੪।੩।੭।

ਪਦਾਰਥ = ਆਜੁ–ਅੱਜ (ਇਸ ਮਨੁੱਖਾ ਜਨਮ ਵਿਚ)।ਬੀਠਲੁ–ਵਿਆਪਕ ਪ੍ਰਭੂ।ਕਉ–ਨੂੰ।ਰੇ–ਹੇ ਪਾਂਡੇ!।ਸਮਝਾਉ–ਸਮਝਉਂਦਾ ਹਾਂ।ਰਹਾਉ।ਪਾਂਡੇ–ਹੇ ਪੰਡਤ!।ਗਾਇਤ੍ਰੀ–ਹਿੰਦੂਆਂ ਦਾ ਪਵਿਤ੍ਰ ਮੰਤ੍ਰ ,ਜਿਸ ਦਾ ਜਾਪ ਸਵੇਰੇ ਸ਼ਾਮ ਬ੍ਰਾਹਣ ਲਈ ਕਰਨਾ ਜਰੂਰੀ ਹੈ ।ਲੋਧੇ ਕਾ–ਕਿਸਾਨ ਦਾ (ਜੱਟਾਂ ਦੀ ਇਕ ਜਾਤ, ਜੋ ਪੰਜਾਬ ਅਤੇ ਜਮਨਾ ਦੇ ਕਿਨਾਰੇ ਖੇਤੀ ਬਾੜੀ ਦਾ ਕੰਮ ਕਰਨ ਵਿਚ ਨਿਪੁੰਨ ਹੈ); ਪਾਪਾਂ ਦਾ।ਖਾਤੀ ਥੀ–ਖਾਂਦੀ ਸੀ (ਪਾਪ ਦੂਰ ਕਰਦੀ ਸੀ)।ਠੇਗਾ–ਸੋਟਾ (ਸ੍ਰਾਪ ਰੂਪ ਸੋਟਾ)।ਟਗਰੀ ਤੋਰੀ–ਟੰਗ ਤੋੜ ਦਿਤੀ (ਸ਼ਕਤੀ ਘਟਾ ਦਿਤੀ)।ਲਾਂਗਤ–ਲਗੜਾਉਂਦੀ ਹੋਈ।ਜਾਤੀ ਥੀ–ਜਾਂਦੀ ਸੀ।੧।ਮਹਾਦੇਉ–ਸ਼ਿਵ ਜੀ।ਧਉਲੇ ਬਲਦ–ਚਿੱਟੇ ਬਲਦ ਉਤੇ।ਮੋਦੀ–ਭੰਡਾਰੀ; ਅਨੰਦ ਦੇਣ ਵਾਲੀ ਪਾਰਬਤੀ।ਪਾਕਾ–ਪੱਕਿਆ।ਵਾ ਕਾ–ਉਸ ਦਾ।੨।ਸੋ ਭੀ–ਉਹ ਭੀ।ਰਾਵਨ ਸੇਤੀ–ਰਾਵਣ ਨਾਲ।ਸਰਬਰ–ਮੁਕਾਬਲਾ; ਬਰਾਬਰੀ।ਜੋਇ–ਇਸਤ੍ਰੀ।੩।ਅੰਨ੍ਹਾ–ਦੋਵੇਂ ਅੱਖਾਂ ਤੋਂ ਹੀਣਾ।ਤੁਰਕੂ–ਮੁਸਲਮਾਨ।ਕਾਣਾ–ਇਕ ਅੱਖ ਤੋਂ ਹੀਣਾ।ਦੁਹਾਂ ਤੇ–ਦੋਹਾਂ ਤੋਂ।ਦੇਹੁਰਾ–ਮੰਦਰ।ਸੋਈ–ਉਸ ਨੂੰ।ਸੇਵਿਆ–ਸਿਮਰਿਆ ਹੈ।ਜਹ–ਜਿਸ ਦਾ।੪।੩।੭।

ਗਾਇਤ੍ਰੀ = ਬ੍ਰਹਮਾ ਇਕ ਵਾਰੀ ਯੱਗ ਕਰਨ ਲੱਗਾ, ਬ੍ਰਹਮਾ ਦੀ ਇਸਤ੍ਰੀ ਸਾਵਿਤ੍ਰੀ ਰੁੱਸ ਕੇ ਚਲੇ ਗਈ।ਇਸਤ੍ਰੀ ਤੋਂ ਬਿਨਾ ਯੱਗ ਸੰਪੂਰਨ ਨਹੀਂ ਹੁੰਦਾ, ਇਸ ਲਈ ਬ੍ਰਹਮਾ ਨੇ ਸਾਵਿਤ੍ਰੀ ਨੂੰ ਬੁਲਾਉਣ ਲਈ ਇੰਦ੍ਰ ਨੂੰ ਭੇਜਿਆ।ਸਾਵਿਤ੍ਰੀ ਫਿਰ ਵੀ ਨਾ ਆਈ, ਇੰਦ੍ਰ ਨੂੰ ਖਾਲੀ ਹੱਥ ਆਉਂਦਾ ਦੇਖ ਕੇ ਬ੍ਰਹਮਾ ਨੇ ਕਿਹਾ ਕਿ ਤੂੰ ਮੇਰੇ ਲਈ ਕੋਈ ਹੋਰ ਇਸਤ੍ਰੀ ਲੈ ਆ।ਇੰਦ੍ਰ ਨੇ ਮਾਤ ਲੋਕ ਤੋਂ ਇਕ ਗਾਇਤ੍ਰੀ ਨਾਂ ਦੀ ਸੁੰਦਰ ਗਵਾਲਣ ਲੈ ਆਂਦੀ।ਉਸ ਨਾਲ ਬ੍ਰਹਮਾ ਨੇ ਵਿਆਹ ਕਰਾ ਕੇ ਯੱਗ ਸੰਪੂਰਨ ਕੀਤਾ।ਫਿਰ ਦੋਹਾਂ ਸੌਕਣਾਂ ਦਾ ਆਪਸ ਵਿਚ ਝਗੜਾ ਹੋ ਗਿਆ, ਬ੍ਰਹਮਾ ਨੇ ਦੋਹਾਂ ਦੀ ਗੱਲ ਸੁਣ ਕੇ ਗਾਇਤ੍ਰੀ ਵਿਚ ਦੋਸ਼ ਕੱਢਿਆ, ਜਿਸ ਤੇ ਬ੍ਰਹਮਾ ਨੇ ਸਰਾਪ ਦੇ ਕੇ ਗਾਇਤ੍ਰੀ ਨੂੰ ਗਊ ਬਣਾ ਕੇ ਮਾਤ ਲੋਕ ਵਿਚ ਭੇਜ ਦਿਤਾ।ਇਕ ਦਿਨ ਇਹ ਲੋਧੇ ਜਿਮੀਂਦਾਰ ਦਾ ਖੇਤ ਖਾਂਦੀ ਸੀ, ਜਿਸ ਤੇ

ਜਿਮੀਦਾਰ ਨੇ ਗੁੱਸੇ ਵਿਚ ਆਕੇ ਇਸ ਦੇ ਸੋਟਾ ਮਾਰਿਅ, ਜਿਸ ਨਾਲ ਇਸ ਦੀ ਇਕ ਲੱਤ ਟੁੱਟ ਗਈ।

ਲੋਧੇ ਕਾ ਖੇਤੁ = ਹੇ ਪਾਂਡੇ! ਤੇਰੀ ਗਾਇਤ੍ਰੀ ਪਾਪਾਂ ਦਾ ਖੇਤ ਖਾਂਦੀ ਸੀ, (ਜਿਸ ਪਾਸੋਂ ਬ੍ਰਹਮ ਹੱਤਿਆ ਹੋ ਜਾਂਦੀ ਸੀ, ਉਸ ਦੇ ਪਾਪ ਦੂਰ ਕਰਦੀ ਸੀ।ਵਸਿਸ਼ਟ ਜੀ ਨੇ) ਸ੍ਰਾਪ ਰੂਪ ਸੋਟਾ ਲੈ ਕੇ ਗਾਇਤ੍ਰੀ ਦੀ ਲੱਤ ਤੋੜ ਦਿਤੀ (ਉਸ ਦੀ ਸ਼ਕਤੀ ਘਟਾ ਦਿਤੀ, ਫਿਰ) ਲੰਗੜੀ ਹੋਈ ਜਾਂਦੀ ਸੀ (ਪਾਪ ਦੂਰ ਕਰਨ ਦੇ ਸਮਰੱਥ ਨਹੀਂ ਰਹੀ)।

ਮੋਦੀ ਕੇ ਘਰ ਖਾਣਾ ਪਾਕਾ = ਅਨੰਦ ਦੇਵ ਵਾਲੀ ਇਸਤ੍ਰੀ ਪਾਰਬਤੀ ਦੇ ਘਰ ਖਾਣਾ ਪੱਕਿਆ, (ਸ਼ਿਵ ਜੀ ਨੇ) ਉਸ ਦਾ ਲੜਕਾ ਮਾਰ ਦਿਤਾ ਸੀ (ਪਾਰਬਤੀ ਖਾਣਾ ਪਕਾ ਰਹੀ ਸੀ ਅਤੇ ਉਸ ਦਾ ਲੜਕਾ ਗਣੇਸ਼ ਦਰਵਾਜੇ ਤੇ ਪਹਿਰਾ ਦੇ ਰਿਹਾ ਸੀ, ਸ਼ਿਵ ਜੀ ਅੰਦਰ ਲੰਘਣ ਲੱਗੇ, ਤਾਂ ਗਣੇਸ਼ ਨੇ ਰੋਕਿਆ, ਜਿਸ ਤੇ ਸ਼ਿਵ ਜੀ ਨੇ ਗੁੱਸੇ ਵਿਚ ਤ੍ਰਿਸ਼ੂਲ ਨਾਲ ਅਪਣੇ ਹੀ ਪੁਤ੍ਰ ਗਣੇਸ਼ ਦਾ ਸਿਰ ਕੱਟ ਦਿਤਾ ਸੀ।ਅਜੇਹੇ ਤਮੋ ਗੁਣੀ ਦੇਵਤੇ ਦੀ ਪੂਜਾ ਨਾਲ ਮਨ ਵਿਚ ਸ਼ਾਂਤੀ ਨਹੀਂ ਆ ਸਕਦੀ।

ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਮੁਕੰਦ ਮੁਕੰਦ ਜਪਹੁ ਸੰਸਾਰ ॥ ਬਿਨੁ ਮੁਕੰਦ, ਤਨੁ ਹੋਇ ਅਉਹਾਰ ॥ ਸੋਈ ਮੁਕੰਦੁ ,ਮੁਕਤਿ ਕਾ ਦਾਤਾ ॥ ਸੋਈ ਮੁਕੰਦੁ ,ਹਮਰਾ ਪਿਤ ਮਾਤਾ ॥੧॥ ਜੀਵਤ ਮੁਕੰਦੇ, ਮਰਤ ਮੁਕੰਦੇ ॥ ਤਾ ਕੇ ਸੇਵਕ ਕਉ ਸਦਾ ਅਨੰਦੇ ॥੧॥ਰਹਾਉ॥ ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥ ਜਪਿ ਮੁਕੰਦ, ਮਸਤਕਿ ਨੀਸਾਨੰ ॥ ਸੇਵ ਮੁਕੰਦ ਕਰੈ ਬੈਰਾਗੀ ॥ ਸੋਈ ਮੁਕੰਦੁ ,ਦੁਰਬਲ ਧਨੁ ਲਾਧੀ ॥੨॥ ਏਕੁ ਮੁਕੰਦੁ ,ਕਰੈ ਉਪਕਾਰੁ ॥ ਹਮਰਾ ਕਹਾ ਕਰੈ ਸੰਸਾਰੁ ॥ ਮੇਟੀ ਜਾਤਿ, ਹੂਏ ਦਰਬਾਰਿ ॥ ਤੁਹੀ ਮੁਕੰਦ, ਜੋਗ ਜੁਗ ਤਾਰਿ ॥੩॥ ਉਪਜਿਓ ਗਿਆਨੁ ,ਹੂਆ ਪਰਗਾਸ ॥ ਕਰਿ ਕਿਰਪਾ ਲੀਨੇ ਕੀਟ ਦਾਸ ॥ ਕਹੁ ਰਵਿਦਾਸ, ਅਬ ਤ੍ਰਿਸਨਾ ਚੂਕੀ ॥ ਜਪਿ ਮੁਕੰਦ, ਸੇਵਾ ਤਾਹੂ ਕੀ ॥੪॥੧॥ ਹੇ ਸੰਸਾਰ ਦੇ ਲੋਕੋ! ਮੁਕਤੀ ਦੇਣ ਵਾਲੇ ਮੁਕੰਦ ਦਾ ਨਾਮ ਜਪੋ।ਮੁਕੰਦ ਦਾ ਨਾਮ ਜਪੇ ਬਿਨਾ ਸਰੀਰ ਮੂਲੋਂ ਹੀ ਨਾਸ਼ ਹੋ ਜਾਵੇਗਾ।ਉਹ ਮੁਕੰਦ ਹੀ ਮੁਕਤੀ ਦਾ ਦਾਤਾ ਹੈ।ਉਹ ਮੁਕੰਦ ਹੀ ਸਾਡਾ (ਸਾਰੇ ਜੀਵਾਂ ਦਾ) ਮਾਂ ਬਾਪ ਹੈ।੧।(ਹੇ ਸੰਸਾਰ ਦੇ ਲੋਕੋ! ਪ੍ਰਭੂ ਦਾ ਨਾਮ ਜਪਣ ਵਾਲੇ ਮਨੁੱਖ) ਜਿਉਂਦੇ ਹੋਇਆਂ ਵੀ ਪ੍ਰਭੂ ਨੂੰ ਜਪਦੇ ਹਨ ਅਤੇ ਮਰਨ ਵੇਲੇ ਵੀ ਪ੍ਰਭੂ ਨੂੰ ਜਪਦੇ ਹਨ।(ਇਸ ਕਰਕੇ) ਉਸ ਪ੍ਰਭੂ ਦੇ ਸੇਵਕ ਨੂੰ ਸਦਾ ਅਨੰਦ ਬਣਿਆ ਰਹਿੰਦਾ ਹੈ।੧।ਰਹਾਉ।ਮੁਕਤੀ ਦੇ ਦਾਤੇ ਮੁਕੰਦ ਦਾ ਨਾਮ ਸਾਡੇ ਪ੍ਰਾਣਾਂ ਦਾ ਆਸਰਾ ਹੈ।ਮੁਕੰਦ ਦਾ ਨਾਮ ਜਪ ਕੇ ਮੇਰੇ ਮੱਥੇ ਉਤੇ (ਪ੍ਰਵਾਨਗੀ ਦਾ) ਨਿਸ਼ਾਨ ਪੈ ਗਿਆ ਹੈ; ਮੁਕੰਦ ਦਾ ਨਾਮ (ਉਹ ਮਨੁੱਖ) ਜਪਦਾ ਹੈ, (ਜਿਸ ਦੇ) ਮੱਥੇ ਉਤੇ (ਨਾਮ ਜਪਣ ਦਾ) ਲੇਖ ਲਿਖਿਆ ਹੋਇਆ ਹੈ।ਤਿਆਗ ਵਾਲਾ ਮਨੁੱਖ ਹੀ ਮੁਕੰਦ ਦੀ ਸੇਵਾ ਭਗਤੀ ਕਰਦਾ ਹੈ; ਮੁਕੰਦ ਦੀ ਸੇਵਾ ਭਗਤੀ (ਮਨੁੱਖ ਨੂੰ) ਬੈਰਾਗਵਾਨ ਕਰ (ਬਣਾ) ਦੇਂਦੀ ਹੈ (ਉਸ ਦਾ ਕਿਸੇ ਵਿਚ ਮੋਹ ਨਹੀਂ ਰਹਿੰਦਾ)।ਮੈਨੂੰ ਕੰਗਾਲ ਨੂੰ ਵੀ ਉਹ ਮੁਕੰਦ ਰੂਪ ਧਨ ਲੱਭਾ ਹੈ।੨।ਜੇ ਇਕ ਮੁਕੰਦ ਮੇਰੀ ਸਹਾਇਤਾ ਕਰੇ।(ਤਾਂ ਮੈਨੂੰ ਚਮਾਰ ਕਹਿ ਕੇ ਨਿੰਦਣ ਵਾਲਾ) ਸੰਸਾਰ ਮੇਰਾ ਕੀ ਵਿਗਾੜ ਕਰ ਸਕਦਾ ਹੈ? ਮੈਂ ਜਾਤੀ ਅਭਿਮਾਨ ਮਿਟਾ ਦਿਤਾ ਹੈ, (ਜਿਸ ਕਰਕੇ ਮੈਂ ਪ੍ਰਭੂ ਦਾ) ਦਰਬਾਰੀ ਸੇਵਕ ਹੋ ਗਿਆ ਹਾਂ।ਹੇ ਮੁਕੰਦ! ਤੂੰ ਹੀ ਜੁਗਾਂ ਜੁਗਾਂ ਵਿਚ (ਜੀਵਾਂ ਨੂੰ) ਤਾਰਨ ਵਾਲਾ ਹੈਂ।੩।(ਮੁਕੰਦ ਦਾ ਨਾਮ ਜਪਣ ਨਾਲ ਮੇਰੇ ਹਿਰਦੇ ਅੰਦਰ ਉਸਦਾ) ਗਿਆਨ ਪੈਦਾ ਹੋ ਗਿਆ ਹੈ ਅਤੇ (ਹਿਰਦੇ ਅੰਦਰ ਉਸ ਦਾ) ਪ੍ਰਕਾਸ਼ ਹੋ ਗਿਆ ਹੈ।(ਪ੍ਰਭੂ ਨੇ) ਕ੍ਰਿਪਾ ਕਰਕੇ ਮੈਨੂੰ ਕੀੜੇ ਵਰਗੇ ਤੁੱਛ ਜਿਹੇ ਦਾਸ ਨੂੰ ਅਪਣਾ ਬਣਾ ਲਿਆ ਹੈ।ਭਗਤ ਰਵਿਦਾਸ ਜੀ ਕਹਿੰਦੇ ਹਨ ਕਿ (ਮਨ ਕਰਕੇ) ਮੁਕੰਦ ਦਾ ਨਾਮ ਜਪ ਕੇ ਅਤੇ (ਤਨ ਕਰਕੇ) ਉਸ ਦੀ ਸੇਵਾ ਭਗਤੀ ਕਰਕੇ ਹੁਣ ਮੇਰੀ ਤ੍ਰਿਸ਼ਨਾ ਮੁੱਕ ਗਈ ਹੈ।੪।੧।

ਪਦਾਰਥ = ਮੁਕੰਦ–ਮੁਕਤੀ ਦੇਣ ਵਾਲਾ ਪ੍ਰਭੂ।ਸੰਸਾਰ–ਹੇ ਸੰਸਾਰ ਦੇ ਲੋਕੋ!।ਤਨੁ–ਸਰੀਰ।ਅਉਹਾਰ–ਨਾਸ਼; ਨਿਸਫਲ।ਸੋਈ–ਉਹ ਹੀ।ਪਿਤ–ਪਿਤਾ।੧।ਜੀਵਤ–ਜਿਉਂਦਿਆਂ।ਮਰਤ–ਮਰਨ ਵੇਲੇ ਵੀ।ਤਾ ਕੇ–ਉਸ ਦੇ।ਕਉ–ਨੂੰ।੧।ਰਹਾਉ।ਪ੍ਰਾਨੰ–ਪ੍ਰਾਣਾਂ ਦਾ।ਮਸਤਕਿ–ਮੱਥੇ ਉਤੇ।ਨੀਸਾਨੰ–ਪ੍ਰਵਾਨਗੀ ਦਾ ਚਿੰਨ੍ਹ; ਲੇਖ।ਸੇਵ–ਸੇਵਾ ਭਗਤੀ।ਬੈਰਾਗੀ–ਤਿਆਗੀ।ਦੁਰਬਲ–ਕਮਜੋਰ ਨੂੰ; ਕੰਗਾਲ।ਲਾਧੀ–ਲੱਭਾ ਹੈ।੨।ਉਪਕਾਰ–ਸਹਾਇਤਾ; ਭਲਾਈ।ਕਹਾ ਕਰੈ–ਕੀ ਵਿਗਾੜ ਕਰ ਸਕਦਾ ਹੈ? ਜਾਤਿ–ਜਾਤੀ ਅਭਿਮਾਨ।ਹੂਏ ਦਰਬਾਰਿ–ਦਰਬਾਰੀ (ਪ੍ਰਭੂ ਦੀ ਹਜੂਰੀ ਵਿਚ ਵਸਣ ਵਾਲਾ ਸੇਵਕ) ਹੋ ਗਿਆ ਹਾਂ।ਤੁਹੀ–ਤੂੰ ਹੀ।ਜੋਗ ਜੁਗ–ਜੁਗਾਂ ਜੁਗਾਂ ਵਿਚ।ਤਾਰਿ–ਤਾਰਨ ਵਾਲਾ।੩।ਉਪਜਿਓ–ਪੈਦਾ ਹੋਇਆ ਹੈ।ਲੀਨੇ–ਬਣਾ ਲਿਆ ਹੈ।ਕੀਟ ਦਾਸ–ਕੀੜੇ ਵਰਗੇ ਤੁੱਛ ਦਾਸ ਨੂੰ।ਅਬ–ਹੁਣ।ਚੂਕੀ–ਮੁੱਕ ਗਈ।ਤਾਹੂ ਕੀ–ਉਸ (ਮੁਕੰਦ) ਦੀ।੪।੧।

ਸਾਰੰਸ਼ = ਵਾਹਿਗੁਰੂ ਦਾ ਨਾਮ ਨੀਚਾਂ ਨੂੰ ਉਚਾ ਬਣਾ ਦੇਂਦਾ ਹੈ ਅਤੇ ਸਾਰੇ ਪਦਾਰਥ ਬਖਸ਼ਦਾ ਹੈ।

ਗੋਂਡ ॥ ਜੇ ਓਹੁ ,ਅਠਸਠਿ ਤੀਰਥ ਨੑਾਵੈ ॥ ਜੇ ਓਹੁ ,ਦੁਆਦਸ ਸਿਲਾ ਪੂਜਾਵੈ ॥ ਜੇ ਓਹੁ ,ਕੂਪ ਤਟਾ ਦੇਵਾਵੈ ॥ ਕਰੈ ਨਿੰਦ, ਸਭ ਬਿਰਥਾ ਜਾਵੈ ॥੧॥ ਸਾਧ ਕਾ ਨਿੰਦਕੁ, ਕੈਸੇ ਤਰੈ ॥ ਸਰਪਰ ਜਾਨਹੁ ,ਨਰਕ ਹੀ ਪਰੈ ॥੧॥ਰਹਾਉ॥ ਜੇ ਓਹੁ ,ਗ੍ਰਹਨ ਕਰੈ ਕੁਲਖੇਤਿ ॥ ਅਰਪੈ ਨਾਰਿ, ਸੀਗਾਰ ਸਮੇਤਿ ॥ ਸਗਲੀ ਸਿਮ੍ਰਿਤਿ, ਸ੍ਰਵਨੀ ਸੁਨੈ ॥ ਕਰੈ ਨਿੰਦ, ਕਵਨੈ ਨਹੀ ਗੁਨੈ ॥੨॥ ਜੇ ਓਹੁ ,ਅਨਿਕ ਪ੍ਰਸਾਦ ਕਰਾਵੈ ॥ ਭੂਮਿ ਦਾਨ, ਸੋਭਾ ਮੰਡਪਿ ਪਾਵੈ ॥ ਅਪਨਾ ਬਿਗਾਰਿ, ਬਿਰਾਂਨਾ ਸਾਂਢੈ ॥ ਕਰੈ ਨਿੰਦ, ਬਹੁ ਜੋਨੀ ਹਾਂਢੈ ॥੩॥ ਨਿੰਦਾ ਕਹਾ ਕਰਹੁ ਸੰਸਾਰਾ ॥ ਨਿੰਦਕ ਕਾ, ਪਰਗਟਿ ਪਾਹਾਰਾ ॥ ਨਿੰਦਕੁ ਸੋਧਿ ਸਾਧਿ ਬੀਚਾਰਿਆ ॥ ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥੪॥੨॥੨੦॥ ਜੋੜੁ ॥(ਹੇ ਭਾਈ!) ਜੇ ਉਹ ਨਿੰਦਕ ਅਠਾਹਠ ਤੀਰਥਾਂ ਤੇ ਨਹਾ ਲਵੇ।ਜੇ ਉਹ ਨਿੰਦਕ ਬਾਰਾਂ ਸਿਲਾਂ ਨੂੰ ਪੂਜ ਲਵੇ।ਜੇ ਉਹ ਨਿੰਦਕ (ਲੋਕਾਂ ਦੇ ਪਾਣੀ ਪੀਣ ਤੇ ਨਹਾਉਣ ਵਾਸਤੇ) ਖੂਹ ਅਤੇ ਤਲਾਬ ਲਗਵਾ ਦੇਵੇ।(ਪਰ ਜੇ ਉਹ ਸਾਧੂਆਂ) ਦੀ ਨਿੰਦਾ ਕਰਦਾ ਹੈ, (ਤਾਂ ਉਸ ਦਾ ਕੀਤਾ ਕਰਾਇਆ) ਸਭ ਬਿਰਥਾ ਜਾਂਦਾ ਹੈ।੧।(ਹੇ ਭਾਈ! ਦੱਸੋ) ਸਾਧੂਆਂ ਦਾ ਨਿੰਦਕ (ਸੰਸਾਰ ਸਮੁੰਦਰ ਤੋਂ) ਕਿਸ ਤਰ੍ਹਾਂ ਤਰ ਸਕਦਾ ਹੈ? (ਕਦੇ ਨਹੀਂ ਤਰ ਸਕਦਾ।ਤੁਸੀਂ ਨਿਸ਼ਚੇ ਕਰਕੇ) ਜਾਣ ਲਵੋ (ਕਿ ਉਹ ਨਿੰਦਕ) ਜਰੂਰ ਨਰਕ ਵਿਚ ਹੀ ਪਵੇਗਾ।੧।ਰਹਾਉ।ਜੇ ਉਹ ਨਿੰਦਕ ਸੂਰਜ ਗ੍ਰਹਿਣ ਸਮੇਂ ਕੁਰਛੇਤ੍ਰ ਤੀਰਥ ਉਤੇ ਇਸ਼ਨਾਨ ਕਰ ਲਵੇ।ਅਤੇ ਅਪਣੀ ਇਸਤ੍ਰੀ (ਸੁੰਦਰ ਕਪੜਿਆਂ ਤੇ) ਗ੍ਰਹਿਣਿਆਂ ਸਮੇਤ ਦਾਨ ਕਰ ਦੇਵੇ।ਸਾਰੀਆਂ ਸਿਮ੍ਰਤੀਆਂ ਅਪਣੇ ਕੰਨਾਂ ਨਾਲ ਸੁਣ ਲਵੇ।(ਪਰ ਜੇ ਉਹ ਸੰਤਾਂ ਦੀ) ਨਿੰਦਿਆ ਕਰਦਾ ਹੈ, (ਤਾਂ ਸਾਰੇ ਕੀਤੇ ਸਾਧਨਾਂ ਦਾ) ਕੋਈ ਲਾਭ ਨਹੀਂ (ਸਭ ਬਿਆਰਥ ਹਨ)।੨।ਜੇ ਉਹ ਨਿੰਦਕ ਅਨੇਕਾਂ ਤਰ੍ਹਾਂ ਦੇ ਭੋਜਨ (ਲੋੜਵੰਦ ਲੋਕਾਂ ਨੂੰ) ਕਰਾਵੇ (ਖੁਆਵੇ); ਮੰਦਰਾਂ ਵਿਚ ਜਾ ਕੇ ਬਹੁਤ ਪ੍ਰਸ਼ਾਦ ਕਰਾਵੇ (ਚੜ੍ਹਾਵੇ)।ਜਮੀਨ ਦਾਨ ਕਰੇ ਅਤੇ ਸਰਾਵਾਂ ਜਾਂ ਮੰਦਰ ਬਣਵਾ ਕੇ (ਲੋਕਾਂ ਤੋਂ) ਸੋਭਾ ਪ੍ਰਾਪਤ ਕਰ ਲਵੇ।(ਅਜੇਹਾ ਪਰਉਪਕਾਰੀ ਹੋਵੇ ਕਿ) ਅਪਣਾ ਕੰਮ ਬਿਗਾੜ ਕੇ ਬਿਗਾਨਾ (ਕਿਸੇ ਦੂਜੇ ਦਾ) ਕੰਮ ਸਵਾਰ ਦੇਵੇ।(ਪਰ ਜੇ ਸੰਤਾਂ ਦੀ) ਨਿੰਦਿਆ ਕਰਦਾ ਹੈ ਤਾਂ ਉਹ ਬਹੁਤ ਜੂਨੀਆਂ ਵਿਚ ਭਟਕਦਾ ਫਿਰੇਗਾ।੩।ਹੇ ਸੰਸਾਰ ਦੇ ਲੋਕੋ! ਤੁਸੀਂ ਨਿੰਦਿਆ ਕਿਉਂ ਕਰਦੇ ਹੋ? ਨਿੰਦਕ ਦਾ ਜੋ ਹਸ਼ਰ ਹੁੰਦਾ ਹੈ, ਉਹ ਸੰਸਾਰ ਪਸਾਰੇ ਵਿਚ ਪ੍ਰਗਟ ਹੈ।ਰਵਿਦਾਸ ਜੀ ਕਹਿੰਦੇ ਹਨ ਕਿ (ਮਹਾਂ ਪੁਰਖਾਂ ਨੇ) ਨਿੰਦਕ ਬਾਰੇ ਚੰਗੀ ਤਰ੍ਹਾਂ ਨਿਰਣਾ ਕਰਕੇ ਬਿਚਾਰਿਆ ਹੈ ਕਿ ਨਿੰਦਕ ਪਾਪੀ ਨਰਕ ਵਿਚ ਹੀ ਜਾਂਦਾ ਹੈ।੪।੨।੨੦।

ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥ ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰੇ ॥ (੬੪੯)

ਪਦਾਰਥ = ਅਠਸਠਿ–ਅਠਾਹਠ।ਨੑਾਵੈ–ਨਹਾ ਲਵੇ।ਪੂਜਾਵੈ–ਪੂਜ ਲਵੇ।ਕੂਪ–ਖੂਹ।ਤਟਾ–ਤਲਾਬ।ਦੇਵਾਵੈ–ਲਗਵਾ ਦੇਵੇ।੧। ਕੈਸੇ ਤਰੈ–ਕਿਸ ਤਰ੍ਹਾਂ ਤਰੇਗਾ? ਸਰਪਰ–ਜਰੂਰ।ਪਰੈ–ਪਵੇਗਾ।੧।ਰਹਾਉ।ਗ੍ਰਹਨ ਕਰੈ–ਗ੍ਰਹਣ ਸਮੇ ਇਸ਼ਨਾਨ ਕਰੇ।ਕੁਲਖੇਤਿ–ਕੁਲਖੇਤ੍ਰ ਤੀਰਥ ਉਤੇ।ਅਰਪੈ–ਭੇਟਾ (ਦਾਨ) ਕਰ ਦੇਵੇ।ਨਾਰਿ–ਇਸਤ੍ਰੀ।ਸੀਗਾਰ ਸਮੇਤਿ–ਗਹਿਣਿਆਂ ਸਮੇਤ।ਸਗਲੀ ਸਿਮ੍ਰਿਤਿ–ਸਾਰੀਆਂ ਸਿਮ੍ਰਤੀਆਂ।ਸ੍ਰਵਨੀ–ਕੰਨਾਂ ਨਾਲ।ਕਵਨੈ–ਕੋਈ।ਗੁਨੈ–ਲਾਭ।੨।ਪ੍ਰਸਾਦ–ਦੇਵਤੇ ਨੂੰ ਅਰਪਿਆ ਖਾਣ ਯੋਗ ਪਦਾਰਥ; ਭੋਜਨ।ਭੂਮਿ–ਜਮੀਨ।ਮੰਡਪਿ–ਦੇਵ ਮੰਦਰ।ਪਾਵੈ–ਪ੍ਰਾਪਤ ਕਰ ਲਵੇ।ਬਿਗਾਰਿ–ਵਿਗਾੜ ਕੇ।ਬਿਰਾਂਨਾ–ਬਿਗਾਨਾ (ਦੂਜੇ ਲੋਕਾਂ ਦਾ)।ਸਾਂਢੈ–ਸਵਾਰ ਲਵੇ।ਹਾਂਢੈ–(ਭਟਕਦਾ) ਫਿਰੇਗਾ।੩।ਕਹਾ ਕਰਹੁ–ਕਿਉਂ ਕਰਦੇ ਹੋ? ਪਾਹਾਰਾ–ਸੰਸਾਰ ਪਸਾਰੇ ਵਿਚ।ਸੋਧਿ–ਨਿਰਣਾ ਕਰਕੇ।ਸਾਧਿ–ਭਲੀ ਪ੍ਰਕਾਰ।ਨਰਕਿ ਸਿਧਾਰਿਆ–ਨਰਕ ਵਿਚ ਜਾਂਦਾ ਹੈ।ਜੋੜੁ–ਅੰਕਾਂ ਦਾ ਕੁਲ ਜੋੜ।੪।੨।੨੦।

ਦੁਆਦਸਿ ਸਿਲਾ = ੧. ਬਾਰਾਂ ਸ਼ਿਵਲਿੰਗ, ਜਿਨ੍ਹਾਂ ਨੂੰ ਜੋਤੀ ਲਿੰਗ ਕਹਿੰਦੇ ਹਨ, (ਸੋਮਨਾਥ, ਕਿਸ਼ਕਿੰਧਾ {ਮੈਸੂਰ ਵਿਚ ਕ੍ਰਿਸ਼ਨਾ ਨਦੀ ਦੇ ਕਿਨੇਾਰੇ}, ਉਜੈਨ ਵਿਚ ਮਹਾਕਾਲ, ਨਰਮਦਾ ਦੇ ਕਿਨਾਰੇ ਓਅੰਕਾਰ ਮੰਦਰ ਵਿਚ, ਗਯਾ ਪਾਸ ਦੇਵ ਗੜ੍ਹ ਵਿਚ ਵੈਦਯਨਾਥ ,ਪੂਨੇ ਪਾਸ ਭੀਮ ਸ਼ੰਕਰ, ਰਾਮੇਸ਼੍ਵਰ, ਨਾਗੇਸ਼੍ਵਰ (ਦੁਆਰਕਾ ਲਾਗੇ), ਨਾਸਕ ਲਾਗੇ ਪੰਚਵੱਟੀ, ਹਿਮਾਲਿਆ ਵਿਚ ਕੇਦਾਰ ਨਾਥ ਅਤੇ ਦੱਖਣ ਵਿਚ ਔਰੰਗਾਬਾਦ ਪਾਸ ਧ੍ਰਿਸ਼ਣੇਸ੍ਵਰ)।੨. ਬਾਰਾਂ ਪੱਥਰ ਦੀਆਂ ਮੂਰਤੀਆਂ (ਵਿਸ਼ਨੂੰ ,ਲਖਸ਼ਮੀ, ਸ਼ਿਵ, ਪਾਰਬਤੀ, ਬ੍ਰਹਮਾ, ਸੁਰੱਸਤੀ, ਗਣੇਸ਼, ਕਾਲੀ, ਭੈਰਵ, ਸੂਰਜ, ਇੰਦ੍ਰ ਅਤੇ ਯਮ)।

ਰਾਗ ਗੋਂਡ ਦੇ ਸ਼ਬਦਾਂ ਦਾ ਵੇਰਵਾ = ਮਹੱਲਾ ੪ ਦੇ ੬ ਸ਼ਬਦ, ਮਹੱਲਾ ੫ ਦੇ ੨੨, ਅਸਟਪਦੀ ਮਹੱਲਾ ੫ ਦੀ ੧ = ਜੋੜ ੨੯
ਕਬੀਰ ਜੀ ਦੇ ਸ਼ਬਦ ੧੧, ਨਾਮਦੇਵ ਜੀ ਦੇ ੭, ਰਵਿਦਾਸ ਜੀ ਦੇ ੨ = ਜੋੜ ੨੦ (ਕੁਲ ਜੋੜ ੨੯+੨੦ = ੪੯)।